ਸੋਮਵਾਰ, 21 ਅਗਸਤ, 2023
5 ਭਾਦੋਂ { ਨਾਨਕਸ਼ਾਹੀ 555, ਬਿਕਰਮੀ 2080 }
ਜਿਲਦ/VOL. : 72
ਅੰਕ/NO. : 80

# ਨਵਾਂ ਜ਼ਮਾਨਾ

DAILY NAWAN ZAMANA • MONDAY, 21 AUGUST, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਨਵੀਂ ਕਾਂਗਰਸ ਵਰਕਿੰਗ ਕਮੇਟੀ 'ਚ ਹਰ ਤਬਕੇ ਨੂੰ ਥਾਂ ਦੇਣ ਦਾ ਯਤਨ

### ਪੰਜਾਬ ਤੋਂ ਚੰਨੀ ਬਣੇ ਨਵੇਂ ਮੈਂਬਰ, ਅੰਬਿਕਾ ਸੋਨੀ ਦੀ ਮੈਂਬਰੀ ਬਰਕਰਾਰ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪਾਰਟੀ ਦੀ ਕਮਾਨ ਆਪਣੇ ਹੱਥਾਂ ਵਿਚ ਲੈਣ ਮਗਰੋਂ ਪਹਿਲੀ ਵਾਰ ਐਤਵਾਰ 84 ਮੈਂਬਰੀ ਨਵੀਂ ਕਾਂਗਰਸ ਵਰਕਿੰਗ ਕਮੇਟੀ ਦਾ ਐਲਾਨ ਕੀਤਾ, ਜਿਸ ਵਿਚ ਉਨ੍ਹਾ ਵਿਰੁੱਧ ਪ੍ਰਧਾਨਗੀ ਦੀ ਚੋਣ ਲੜਨ ਵਾਲੇ ਸ਼ਸ਼ੀ ਥਰੂਰ ਅਤੇ ਰਾਜਸਥਾਨ 'ਚ ਬਗਾਵਤ ਕਰਨ ਵਾਲੇ ਸਚਿਨ ਪਾਇਲਟ ਨੂੰ ਵੀ ਥਾਂ ਦਿੱਤੀ ਗਈ ਹੈ। ਅੰਦਰੂਨ ਪਾਰਟੀ ਸੁਧਾਰਾਂ ਦੀ ਲੋੜ 'ਤੇ ਜ਼ੋਰ ਦੇਣ ਵਾਲੇ ਗਰੁੱਪ-23 ਵਿਚ ਸ਼ਾਮਲ ਆਨੰਦ ਸ਼ਰਮਾ, ਮੁਕੁਲ ਵਾਸਨਿਕ ਤੇ ਸ਼ਸ਼ੀ ਥਰੂਰ ਨੂੰ 39 ਪੱਕੇ ਮੈਂਬਰਾਂ ਵਿਚ ਸ਼ਾਮਲ ਕੀਤਾ ਗਿਆ ਹੈ, ਜਦਕਿ ਇਸੇ ਗਰੁੱਪ ਦੇ ਮਨੀਸ਼ ਤਿਵਾੜੀ ਤੇ ਵੀਰੱਪਾ ਮੋਇਲੀ ਨੂੰ 18 ਪਰਮਾਨੈਂਟ ਇਨਵਾਇਟੀ ਮੈਂਬਰਾਂ ਵਿਚ ਪਾਇਆ ਗਿਆ ਹੈ। ਆਨੰਦ ਸ਼ਰਮਾ ਤੇ ਵਾਸਨਿਕ ਪਹਿਲਾਂ ਵੀ ਮੈਂਬਰ ਹੁੰਦੇ ਸਨ, ਜਦਕਿ ਥਰੂਰ, ਤਿਵਾੜੀ ਤੇ ਮੋਇਲੀ ਦਾ ਵਰਕਿੰਗ ਕਮੇਟੀ ਵਿਚ ਨਵਾਂ ਦਾਖਲਾ ਹੋਇਆ ਹੈ। ਨਵੀਂ ਲਿਸਟ ਵੱਡੇ ਆਗੂਆਂ 'ਚ ਖੜਗੇ, ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ, ਅੰਬਿਕਾ ਸੋਨੀ, ਏ ਕੇ ਐਂਟਨੀ, ਪੀ ਚਿਦੰਬਰਮ, ਜੈਰਾਮ ਰਮੇਸ਼ ਸ਼ਾਮਲ ਹਨ। ਪਹਿਲੀ ਵਾਰ ਬਣੇ ਪੱਕੇ ਮੈਂਬਰਾਂ ਵਿਚ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚਵਾਨ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਐਨ ਰਘੁਵੀਰਾ ਰੈਡੀ, ਛੱਤੀਸਗੜ੍ਹ ਦੇ ਓ ਬੀ ਸੀ ਆਗੂ ਤਾਮਰਧੱਵਜ ਸਾਹੂ, ਰਾਜਸਥਾਨ ਦੇ ਸਾਬਕਾ ਉਪ ਮੁੱਖ ਮੰਤਰੀ ਸਚਿਨ ਪਾਇਲਟ, ਗੁਜਰਾਤ ਦੇ ਸੀਨੀਅਰ ਆਗੂ ਜਗਦੀਸ਼ ਠਾਕੁਰ, ਜੰਮੂ-ਕਸ਼ਮੀਰ ਦੇ ਜੀ ਏ ਮੀਰ, ਪੱਛਮੀ ਬੰਗਾਲ ਦੀ ਦੀਪਾ ਦਾਸਮੁਨਸ਼ੀ, ਆਸਾਮ ਦੇ ਗੌਰਵ ਗੋਗੋਈ, ਸਈਦ ਨਸੀਰ ਹੁਸੈਨ, ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਦੀ ਪਤਨੀ ਤੇ ਮੰਡੀ ਤੋਂ ਲੋਕ ਸਭਾ ਮੈਂਬਰ ਪ੍ਰਤਿਭਾ ਪਾਟਿਲ ਸ਼ਾਮਲ ਹਨ। ਨਵੇਂ ਪਰਮਾਨੈਂਟ ਇਨਵਾਇਟੀ ਮੈਂਬਰਾਂ ਵਿਚ ਕਨੱਈਆ ਕੁਮਾਰ, ਮੋਹਨ ਪ੍ਰਕਾਸ਼, ਰਮੇਸ਼ ਚੇਨਿਨਥਲਾ, ਬੀ ਕੇ ਹਰੀਪ੍ਰਸਾਦ, ਰਾਹੁਲ ਗਾਂਧੀ ਦੇ ਕਰੀਬੀ ਕੇ ਰਾਜੂ ਤੇ ਮੀਨਾਕਸ਼ੀ ਨਟਰਾਜਨ, ਦੀਪੇਂਦਰ ਹੁੱਡਾ, ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ, ਸਾਂਸਦ ਫੂਲੋ ਦੇਵੀ ਨੇਤਾਮ ਤੇ ਖੜਗੇ ਦੇ ਕਰੀਬੀ ਪੱਤਰਕਾਰ ਗੁਰਦੀਪ ਸੱਪਲ ਸ਼ਾਮਲ ਹਨ। ਨੌਂ ਸਪੈਸ਼ਲ ਇਨਵਾਇਟੀਆਂ 'ਚ ਆਂਧਰਾ ਦੇ ਪੱਲਮ ਰਾਜੂ, ਕਾਂਗਰਸ ਮੀਡੀਆ ਵਿੰਗ ਦੇ ਮੁਖੀ ਪਵਨ ਖੇੜਾ, ਉੱਤਰਾਖੰਡ ਦੇ ਸਾਬਕਾ ਪ੍ਰਧਾਨ ਗਣੇਸ਼ ਗੋਡਿਆਲ, ਸਾਂਸਦ ਕੇ ਸੁਰੇਸ਼, ਯਸ਼ੋਮਤੀ ਠਾਕੁਰ, ਕਾਂਗਰਸ ਦੀਆਂ ਤਰਜਮਾਨ ਸੁਪ੍ਰਿਆਨੇਤ, ਅਲਕਾ ਲਾਂਬਾ ਅਤੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੀ ਧੀ ਪਰਿਨਿਤੀ ਸ਼ਿੰਦੇ ਸ਼ਾਮਲ ਹਨ। ਜਿਨ੍ਹਾਂ ਆਗੂਆਂ ਨੂੰ ਹਟਾਇਆ ਗਿਆ ਹੈ, ਉਨ੍ਹਾਂ ਵਿਚ ਰਾਜਸਥਾਨ ਦੇ ਰਘੁਵੀਰ ਸਿੰਘ ਮੀਣਾ, ਕਰਨਾਟਕ ਦੇ ਦਿਨੇਸ਼ ਗੁੰਡੂਰਾਓ, ਕੇ ਐੱਚ ਮੁਨੀਅੱਪਾ ਤੇ ਐੱਚ ਕੇ ਪਾਟਿਲ (ਇਹ ਸਾਰੇ ਇਸ ਵੇਲੇ ਕਰਨਾਟਕ 'ਚ ਮੰਤਰੀ ਹਨ), ਰਾਜ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਪ੍ਰਮੋਦ ਤਿਵਾੜੀ, ਪੀ ਐੱਲ ਪੂਨੀਆ ਤੇ ਰਘੂ ਸ਼ਰਮਾ ਸ਼ਾਮਲ ਹਨ। ਨਵੀਂ ਵਰਕਿੰਗ ਕਮੇਟੀ ਵਿਚ 39 ਪੱਕੇ ਮੈਂਬਰ, 18 ਪਰਮਾਨੈਂਟ ਇਨਵਾਇਟੀ, 14 ਸਟੇਟ ਇੰਚਾਰਜ, 9 ਸਪੈਸ਼ਲ ਇਨਵਾਇਟੀ ਅਤੇ ਯੂਥ ਕਾਂਗਰਸ, ਐੱਨ ਐੱਸ ਯੂ ਆਈ, ਮਹਿਲਾ ਕਾਂਗਰਸ ਤੇ ਸੇਵਾ ਦਲ ਦੇ ਪ੍ਰਧਾਨ ਚਾਰ ਐਕਸ ਆਫਿਸ਼ਿਓ ਮੈਂਬਰ ਹਨ।

## ਸਪੇਨ ਮਹਿਲਾ ਫੀਫਾ ਵਰਲਡ ਕੱਪ ਚੈਂਪੀਅਨ




**ਸਿਡਨੀ** : ਸਪੇਨ ਨੇ ਮਹਿਲਾ ਫੀਫਾ ਵਿਸ਼ਵ ਕੱਪ 2023 ਦਾ ਖਿਤਾਬ ਜਿੱਤ ਲਿਆ।

ਆਸਟਰੇਲੀਆ ਦੇ ਸਿਡਨੀ ਸਟੇਡੀਅਮ 'ਚ ਖੇਡੇ ਗਏ ਫਾਈਨਲ 'ਚ ਸਪੇਨ ਨੇ ਇੰਗਲੈਂਡ ਨੂੰ 1-0 ਨਾਲ ਹਰਾਇਆ। ਮੈਚ ਦਾ ਇੱਕੋ ਇੱਕ ਗੋਲ ਸਪੇਨ ਦੀ ਕਪਤਾਨ ਓਲਗਾ ਕਾਰਮੋਨਾ 29ਵੇਂ ਮਿੰਟ 'ਚ ਕੀਤਾ ਅਤੇ ਟੀਮ ਨੂੰ ਚੈਂਪੀਅਨ ਬਣਾਉਣ 'ਚ ਮਦਦ ਕੀਤੀ।

ਸਪੇਨ ਦੀ ਟੀਮ ਪਹਿਲੀ ਵਾਰ ਮਹਿਲਾ ਫੀਫਾ ਵਿਸ਼ਵ ਚੈਂਪੀਅਨ ਬਣੀ। ਟੀਮ ਪਹਿਲੀ ਵਾਰ ਇਸ ਟੂਰਨਾਮੈਂਟ ਦਾ ਫਾਈਨਲ ਖੇਡ ਰਹੀ ਸੀ ਤੇ ਆਪਣੇ ਹੀ ਫਾਈਨਲ 'ਚ ਉਸ ਨੇ ਇੰਗਲੈਂਡ ਵਰਗੀ ਮਜ਼ਬੂਤ ਟੀਮ ਨੂੰ ਹਰਾ ਦਿੱਤਾ। ਹਾਲਾਂਕਿ ਇਹ ਇੰਗਲੈਂਡ ਦਾ ਵੀ ਪਹਿਲਾ ਹੀ ਵਿਸ਼ਵ ਕੱਪ ਫਾਈਨਲ ਸੀ।

## 23 ਨੂੰ ਸ਼ਾਮੀਂ ਸਾਢੇ ਪੰਜ ਵਜੇ ਅਲੌਕਿਕ ਨਜ਼ਾਰਾ



**ਬੇਂਗਲੁਰੂ** : ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਕਿਹਾ ਹੈ ਕਿ 23 ਅਗਸਤ ਨੂੰ ਚੰਦਰਯਾਨ-3 ਦੀ ਚੰਨ ਦੀ ਸਤਹਿ 'ਤੇ ਸੌਫਟ ਲੈਂਡਿੰਗ ਨੂੰ ਪੂਰਾ ਦੇਸ਼ ਲਾਈਵ ਦੇਖ ਸਕੇਗਾ। ਇਸਰੋ ਨੇ ਕਿਹਾ ਕਿ ਬੇਸਬਰੀ ਨਾਲ ਉਡੀਕੇ ਜਾ ਰਹੇ ਇਸ ਈਵੈਂਟ ਦਾ 23 ਅਗਸਤ ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮੀਂ 5:27 ਵਜੇ ਤੋਂ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ। ਇਹ ਲਾਈਵ ਕਵਰੇਜ ਇਸਰੋ ਦੀ ਵੈੱਬਸਾਈਟ, ਇਸ ਦੇ ਯੂਟਿਊਬ ਚੈਨਲ, ਫੇਸਬੁਕ ਪੇਜ ਤੇ ਡੀ ਡੀ ਨੈਸ਼ਨਲ ਟੀ ਵੀ ਚੈਨਲ ਸਣੇ ਮਲਟੀਪਲ ਪਲੇਟਫਾਰਮਾਂ 'ਤੇ ਵੇਖੀ ਜਾ ਸਕੇਗੀ। ਇਸਰੋ ਨੇ ਕਿਹਾ ਕਿ ਇਹ ਪ੍ਰਾਪਤੀ ਭਾਰਤੀ ਵਿਗਿਆਨ, ਇੰਜੀਨੀਅਰਿੰਗ, ਤਕਨਾਲੋਜੀ ਅਤੇ ਉਦਯੋਗ ਲਈ ਇੱਕ ਅਹਿਮ ਪੇਸ਼ਕਦਮੀ ਦੀ ਨਿਸ਼ਾਨਦੇਹੀ ਕਰੇਗੀ, ਜੋ ਕਿ ਪੁਲਾੜ ਖੋਜ 'ਚ ਸਾਡੇ ਦੇਸ਼ ਦੀ ਤਰੱਕੀ ਦਾ ਪ੍ਰਤੀਕ ਹੈ। ਇਸਰੋ ਮੁਤਾਬਕ ਲੈਂਡਰ ਮਡਿਊਲ 23 ਅਗਸਤ ਨੂੰ ਸ਼ਾਮੀਂ 6:04 ਵਜੇ ਚੰਨ ਦੀ ਸਤਹਿ 'ਤੇ ਉਤਰੇਗਾ।

### ਰੂਸੀ ਚੰਨ ਮਿਸ਼ਨ ਫੇਲ੍ਹ

**ਮਾਸਕੋ** : ਰੂਸੀ ਪੁਲਾੜ ਏਜੰਸੀ ਵੱਲੋਂ ਚੰਨ ਵੱਲ ਭੇਜਿਆ ਲੂਨਾ-25 ਸਪੇਸਕ੍ਰਾਫਟ ਚੰਨ 'ਤੇ ਹਾਦਸਾਗ੍ਰਸਤ ਹੋ ਗਿਆ। ਸਪੇਸਕ੍ਰਾਫਟ ਚੰਨ ਦੇ ਦੱਖਣੀ ਧਰੁਵ 'ਤੇ ਸੌਫਟ ਲੈਂਡਿੰਗ ਤੋਂ ਪਹਿਲਾਂ ਕਰੈਸ਼ ਹੋ ਗਿਆ। ਪੁਲਾੜ ਏਜੰਸੀ ਰੋਸਕੋਸਮੌਸ ਨੇ ਕਿਹਾ ਕਿ ਮਾਨਵ ਰਹਿਤ ਰੋਬੋਟ ਲੈਂਡਰ ਬੇਕਾਬੂ ਪੰਧ ਵਿਚ ਘੁੰਮਣ ਤੋਂ ਬਾਅਦ ਹਾਦਸਾਗ੍ਰਸਤ ਹੋ ਗਿਆ। ਸਾਲ 1976 ਜਦੋਂ ਰੂਸ ਸੋਵੀਅਤ ਯੂਨੀਅਨ ਦਾ ਹਿੱਸਾ ਸੀ, ਮਗਰੋਂ ਰੂਸ ਦੀ ਚੰਨ ਵੱਲ ਇਹ ਪਹਿਲੀ ਉਡਾਨ ਸੀ। ਇਹ ਹਾਦਸਾ ਰੋਸਕੋਸਮੌਸ ਵੱਲੋਂ 'ਅਸਾਧਾਰਨ ਸਥਿਤੀ' ਰਿਪੋਰਟ ਕੀਤੇ ਜਾਣ ਮਗਰੋਂ ਹੋਇਆ।

## ਲੱਦਾਖ ਦੇ ਲੋਕ ਚਰਾਗਾਹਾਂ 'ਤੇ ਚੀਨੀ ਕਬਜ਼ੇ ਤੋਂ ਫਿਕਰਮੰਦ : ਰਾਹੁਲ

**ਲੇਹ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਲੱਦਾਖ ਦੇ ਲੋਕ ਚੀਨ ਵੱਲੋਂ ਉਨ੍ਹਾਂ ਦੀਆਂ 'ਚਰਾਗਾਹਾਂ' ਉੱਤੇ ਕਬਜ਼ਾ ਕੀਤੇ ਜਾਣ ਤੋਂ ਫਿਕਰਮੰਦ ਹਨ। ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਦਾਅਵਾ ਕਿ ਚੀਨ ਨੇ ਲੱਦਾਖ 'ਚ ਇਕ ਇੰਚ ਜ਼ਮੀਨ 'ਤੇ ਕਬਜ਼ਾ ਨਹੀਂ ਕੀਤਾ, ਸਰਾਸਰ ਝੂਠ ਹੈ। ਉਨ੍ਹਾ ਪੱਤਰਕਾਰਾਂ ਨੂੰ ਦੱਸਿਆ- ਲੱਦਾਖ ਦੇ ਸਾਰੇ ਲੋਕ ਇਹ ਗੱਲ ਕਹਿੰਦੇ ਹਨ ਕਿ ਚੀਨੀ ਫੌਜ ਨੇ ਘੁਸਪੈਠ ਕਰਦਿਆਂ ਸਾਡੀਆਂ ਚਰਾਗਾਹਾਂ ਵਾਲੀਆਂ ਜ਼ਮੀਨਾਂ 'ਤੇ ਕਬਜ਼ੇ ਕਰ ਲਏ ਹਨ ਤੇ ਇਹ ਲੋਕ ਹੁਣ ਉਥੇ ਨਹੀਂ ਜਾ ਸਕਦੇ। ਉਹ ਇਹ ਗੱਲ ਸਪੱਸ਼ਟ ਆਖ ਰਹੇ ਹਨ ਤੇ ਪ੍ਰਧਾਨ ਮੰਤਰੀ ਦੇ ਦਾਅਵਿਆਂ 'ਚ ਭੋਰਾ ਵੀ ਸੱਚਾਈ ਨਹੀਂ ਹੈ।

ਕਾਂਗਰਸ ਆਗੂ ਨੇ ਕਿਹਾ ਕਿ ਭਾਰਤ ਜੋੜੋ ਯਾਤਰਾ ਦੌਰਾਨ ਉਨ੍ਹਾ ਦੀ ਲੱਦਾਖ ਆਉਣ ਦੀ ਯੋਜਨਾ ਸੀ, ਪਰ ਕੁਝ 'ਲੌਜਿਸਟਿਕਲ ਕਾਰਨਾਂ' ਕਰਕੇ ਉਨ੍ਹਾ ਨੂੰ ਆਪਣੀ ਇਹ ਯੋਜਨਾ ਵਿਚਾਲੇ ਛੱਡਣੀ ਪਈ। ਰਾਹੁਲ, ਜੋ ਲੰਘੇ ਦਿਨ ਆਪਣੇ ਸਾਥੀਆਂ ਨਾਲ ਮੋਟਰਸਾਈਕਲਾਂ 'ਤੇ ਲੇਹ ਤੋਂ ਪੈਂਗੌਂਗ ਪੁੱਜੇ ਸਨ, ਨੇ ਐਤਵਾਰ ਪੈਂਗੌਂਗ ਝੀਲ ਕੰਢੇ ਆਪਣੇ ਪਿਤਾ ਦੀ 79ਵੀਂ ਜਨਮ ਵਰ੍ਹੇਗੰਢ ਮਨਾਈ। ਇਸ ਮੌਕੇ ਜੰਮੂ-ਕਸ਼ਮੀਰ ਤੇ ਲੱਦਾਖ ਲਈ ਏ ਆਈ ਸੀ ਸੀ ਇੰਚਾਰਜ ਰਜਨੀ ਪਟੇਲ, ਜੰਮੂ-ਕਸਮੀਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵਿਕਾਰ ਰਸੂਲ ਵਾਨੀ ਤੇ ਸਾਬਕਾ ਮੰਤਰੀ ਨਵਾਂਗ ਰਿਜਜਿਨ ਜੋਰਾ ਵੀ ਮੌਜੂਦ ਸਨ। ਰਾਹੁਲ ਗਾਂਧੀ ਮਗਰੋਂ ਨੁਬਰਾ ਵਾਦੀ ਲਈ ਨਿਕਲ ਗਏ, ਜਿੱਥੇ ਉਹ ਰਾਤ ਰਹਿਣਗੇ। ਉਹ ਸੋਮਵਾਰ ਜਾਂ ਮੰਗਲਵਾਰ ਨੂੰ ਕਾਰਗਿਲ ਵੀ ਜਾਣਗੇ।



### ਪਾਕਿ 'ਚ ਦਹਿਸ਼ਤਗਰਦਾਂ ਨੇ 11 ਮਜ਼ਦੂਰ ਮਾਰੇ

**ਪੇਸ਼ਾਵਰ** : ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਦੇ ਉੱਤਰੀ ਵਜ਼ੀਰਿਸਤਾਨ ਜ਼ਿਲ੍ਹੇ 'ਚ ਦਹਿਸ਼ਤੀ ਹਮਲੇ 'ਚ 11 ਮਜ਼ਦੂਰ ਮਾਰੇ ਗਏ ਤੇ ਦੋ ਜਣੇ ਜ਼ਖਮੀ ਹੋ ਗਏ। ਦਹਿਸ਼ਤਗਰਦਾਂ ਨੇ ਸਨਿੱਚਰਵਾਰ ਨੂੰ ਸ਼ਾਵਾਲ ਤਹਿਸੀਲ ਵਿਚ ਗੁੱਲ ਮੀਰ ਕੋਟ ਨਜ਼ਦੀਕ ਡੈਟੋਨੇਟਰ ਨਾਲ ਧਮਾਕਾ ਕਰਕੇ ਇਕ ਵਾਹਨ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ 16 ਮਜ਼ਦੂਰ ਸਵਾਰ ਸਨ। ਇਹ ਮਜ਼ਦੂਰ ਉਸਾਰੀ ਅਧੀਨ ਸਰਕਾਰੀ ਇਮਾਰਤ 'ਚ ਕੰਮ ਕਰਦੇ ਸਨ। 11 ਮਜ਼ਦੂਰਾਂ ਨੇ ਮੌਕੇ 'ਤੇ ਦਮ ਤੋੜ ਦਿੱਤਾ, ਜਦੋਂਕਿ ਦੋ ਦੀ ਹਾਲਤ ਨਾਜ਼ੁਕ ਹੈ ਤੇ ਤਿੰਨ ਲਾਪਤਾ ਹਨ। ਇਸ ਤੋਂ ਪਹਿਲਾਂ ਸਨਿੱਚਰਵਾਰ ਨੂੰ ਹੀ ਵਜ਼ੀਰਿਸਤਾਨ ਦੀ ਮਾਕਿਨ ਤਹਿਸੀਲ 'ਚ ਦਹਿਸ਼ਤਗਰਦਾਂ ਨੇ ਬੰਬ ਨਕਾਰਾ ਦਸਤੇ ਦੇ ਵਾਹਨ ਨੂੰ ਰਾਕੇਟ ਨਾਲ ਨਿਸ਼ਾਨਾ ਬਣਾਇਆ ਸੀ। ਹਮਲੇ 'ਚ ਦਸਤੇ ਦੇ ਚਾਰ ਮੈਂਬਰ ਗੰਭੀਰ ਜ਼ਖਮੀ ਹੋ ਗਏ ਸਨ।

### ਅਮਰਨਾਥ ਯਾਤਰਾ 23 ਤੋਂ ਮੁਅੱਤਲ

**ਜੰਮੂ** : ਅਮਰਨਾਥ ਦੀ ਯਾਤਰਾ 23 ਅਗਸਤ ਤੋਂ ਆਰਜ਼ੀ ਤੌਰ 'ਤੇ ਮੁਅੱਤਲ ਰਹੇਗੀ। ਇਹ ਫੈਸਲਾ ਸ਼ਰਧਾਲੂਆਂ ਦੀ ਗਿਣਤੀ ਘਟਣ ਅਤੇ ਟਰੈਕ ਦੀ ਬਹਾਲੀ ਦੇ ਕੰਮਾਂ ਦੇ ਮੱਦੇਨਜ਼ਰ ਲਿਆ ਗਿਆ ਹੈ। ਹਾਲਾਂਕਿ ਛੜੀ ਮੁਬਾਰਕ ਦੀ ਰਵਾਇਤੀ ਪਹਿਲਗਾਮ ਰੂਟ ਰਾਹੀਂ ਯਾਤਰਾ ਜਾਰੀ ਰਹੇਗੀ। ਪਿਛਲੇ 62 ਦਿਨਾਂ ਦੌਰਾਨ 4.4 ਲੱਖ ਤੋਂ ਵੱਧ ਸ਼ਰਧਾਲੂ ਅਨੰਤਨਾਗ ਦੇ ਪਹਿਲਗਾਮ ਰੂਟ (48 ਕਿਲੋਮੀਟਰ) ਤੇ ਗੰਦਰਬਲ ਜ਼ਿਲ੍ਹੇ ਦੇ ਬਾਲਟਾਲ ਰੂਟ (14 ਕਿਲੋਮੀਟਰ) ਰਾਹੀਂ ਅਮਰਨਾਥ ਦੀ ਗੁਫਾ ਦੇ ਦਰਸ਼ਨ ਕਰ ਚੁੱਕੇ ਹਨ।

### ਅਮਰੀਕਾ 'ਚ ਭਾਰਤੀ ਜੋੜਾ ਤੇ ਬੱਚਾ ਮਰੇ ਮਿਲੇ

**ਨਿਊਯਾਰਕ** : ਅਮਰੀਕਾ ਦੇ ਮੈਰੀਲੈਂਡ ਸੂਬੇ ਵਿਚ ਭਾਰਤੀ ਜੋੜਾ ਤੇ ਉਨ੍ਹਾਂ ਦਾ ਛੇ ਸਾਲਾ ਬੱਚਾ ਭੇਦਭਰੀ ਹਾਲਤ 'ਚ ਮਰੇ ਮਿਲੇ ਹਨ। ਪੁਲਸ ਮੁਤਾਬਕ ਇਹ ਕਤਲ-ਦੋਹਰੀ ਖੁਦਕੁਸ਼ੀ ਦਾ ਕੇਸ ਲੱਗਦਾ ਹੈ। ਪੀੜਤਾਂ ਦੀ ਪਛਾਣ ਯੋਗੇਸ਼ ਐੱਚ ਨਾਗਾਰਾਜੱਪਾ (37), ਪ੍ਰਤਿਭਾ ਵਾਈ ਅਮਰਨਾਥ (37) ਤੇ ਯਸ਼ ਹੋਨਾਲ (6) ਵਜੋਂ ਹੋਈ ਹੈ। ਪਰਵਾਰ ਪਿੱਛੋਂ ਕਰਨਾਟਕ ਨਾਲ ਸੰਬੰਧਤ ਦੱਸਿਆ ਜਾਂਦਾ ਹੈ। ਬਾਲਟੀਮੋਰ ਕਾਊਂਟੀ ਸਥਿਤ ਘਰ 'ਚੋਂ ਮਿਲੀਆਂ ਲਾਸ਼ਾਂ 'ਤੇ ਗੋਲੀਆਂ ਦੇ ਜ਼ਖਮ ਸਨ।

## ਮੱਧ ਪ੍ਰਦੇਸ਼ ਨੂੰ ਭਾਜਪਾ ਦੇ ਡਬਲ ਇੰਜਣ ਦੀ ਨਹੀਂ, ਕੇਜਰੀਵਾਲ ਦੇ ਨਵੇਂ ਇੰਜਣ ਦੀ ਲੋੜ : ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਛੱਤੀਸਗੜ੍ਹ 'ਚ ਗਾਰੰਟੀ ਦੇਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਮੱਧ ਪ੍ਰਦੇਸ਼ 'ਚ ਵੀ ਪਾਰਟੀ ਦਾ ਗਾਰੰਟੀ ਕਾਰਡ ਜਾਰੀ ਕੀਤਾ। ਦੋਵਾਂ ਆਗੂਆਂ ਮੱਧ ਪ੍ਰਦੇਸ਼ ਦੇ ਲੋਕਾਂ ਨੂੰ ਰੁਜ਼ਗਾਰ, ਮੁਫਤ ਬਿਜਲੀ, ਸਿੱਖਿਆ, ਸਿਹਤ, ਸ਼ਹੀਦ ਸਨਮਾਨ ਫੰਡ ਅਤੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੀ ਗਰੰਟੀ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਝੂਠੇ ਵਾਅਦੇ ਨਹੀਂ ਕਰਦੀ। ਭਗਵੰਤ ਮਾਨ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਮੱਧ ਪ੍ਰਦੇਸ਼ ਨੂੰ ਹੁਣ ਭਾਜਪਾ ਦੇ ਡਬਲ ਇੰਜਣ ਦੀ ਲੋੜ ਨਹੀਂ। ਹੁਣ ਮੱਧ ਪ੍ਰਦੇਸ਼ ਨੂੰ ਅਰਵਿੰਦ ਕੇਜਰੀਵਾਲ ਦੇ ਨਵੇਂ ਇੰਜਣ ਦੀ ਲੋੜ ਹੈ। ਕੇਜਰੀਵਾਲ ਦੀ ਤਾਰੀਫ ਕਰਦਿਆਂ ਮਾਨ ਨੇ ਕਿਹਾ ਕਿ ਜਿਸ ਤਰ੍ਹਾਂ ਗੰਗਾ ਦਾ ਵਹਾਅ ਉਲਟਾ ਨਹੀਂ ਵਹਿ ਸਕਦਾ, ਉਸੇ ਤਰ੍ਹਾਂ ਕੇਜਰੀਵਾਲ ਦੀ ਗਰੰਟੀ ਅਧੂਰੀ ਨਹੀਂ ਹੋ ਸਕਦੀ। ਰੁਜ਼ਗਾਰ ਦੀ ਗਰੰਟੀ 'ਤੇ ਮਾਨ ਨੇ ਕਿਹਾ ਕਿ ਪੰਜਾਬ 'ਚ ਅਸੀਂ ਡੇਢ ਸਾਲ 'ਚ 30 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

ਦਿੱਲੀ ਵਿੱਚ ਬਿਜਲੀ ਪੈਦਾ ਨਾ ਹੋਣ ਦੇ ਬਾਵਜੂਦ

ਬਾਕੀ ਸਫ਼ਾ 2 'ਤੇ

## ਸੀਨੀਅਰ ਖੇਤੀ ਅਧਿਕਾਰੀਆਂ ਨੂੰ ਨਰਮਾ ਪੱਟੀ 'ਚ ਰਹਿਣ ਦੇ ਆਦੇਸ਼, ਛੁੱਟੀਆਂ ਰੱਦ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸੂਬੇ ਦੀ ਨਰਮਾ ਪੱਟੀ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਨਾਲ ਨਜਿੱਠਣ ਲਈ ਕਿਸਾਨਾਂ ਦੀ ਮਦਦ ਵਾਸਤੇ ਪੰਜਾਬ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਫਾਜ਼ਿਲਕਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਚਾਰ ਸੀਨੀਅਰ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਇਸ ਦੇ ਨਾਲ ਹੀ ਇਨ੍ਹਾਂ ਚਾਰ ਜ਼ਿਲ੍ਹਿਆਂ ਵਿੱਚ ਤਾਇਨਾਤ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਸਨਿੱਚਰਵਾਰ ਤੇ ਐਤਵਾਰ ਸਮੇਤ ਛੁੱਟੀਆਂ ਇਸ ਮਹੀਨੇ ਦੇ ਅੰਤ ਤੱਕ ਰੱਦ ਕਰ ਦਿੱਤੀਆਂ ਗਈਆਂ ਹਨ। ਬਠਿੰਡਾ ਜ਼ਿਲ੍ਹੇ ਦੇ ਕੁੱਝ ਪਿੰਡਾਂ ਵਿੱਚ ਨਰਮੇ ਦੀ ਫਸਲ 'ਤੇ ਗੁਲਾਬੀ ਸੁੰਡੀ ਦੇ ਹਮਲੇ ਸੰਬੰਧੀ ਰਿਪੋਰਟਾਂ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ

ਬਾਕੀ ਸਫ਼ਾ 2 'ਤੇ

## ਪਵਾਰ ਭਤੀਜੇ ਵਰਗੀ ਗਲਤੀ ਨਹੀਂ ਕਰਨਗੇ : ਰਾਊਤ

**ਮੁੰਬਈ** : ਸ਼ਿਵ ਸੈਨਾ (ਯੂ ਬੀ ਟੀ) ਆਗੂ ਤੇ ਸੰਸਦ ਮੈਂਬਰ ਸੰਜੈ ਰਾਊਤ ਨੇ ਐਤਵਾਰ ਦਾਅਵਾ ਕੀਤਾ ਕਿ ਨੈਸ਼ਨਲਿਸਟ ਕਾਂਗਰਸ ਪਾਰਟੀ ਆਗੂ ਦੇ ਸ਼ਰਦ ਪਵਾਰ ਆਪਣੇ ਭਤੀਜੇ ਅਜੀਤ ਪਵਾਰ ਵਾਂਗ ਭਾਜਪਾ ਨਾਲ ਹੱਥ ਮਿਲਾਉਣ ਦੀ 'ਗਲਤੀ' ਨਹੀਂ ਕਰਨਗੇ। ਰਾਊਤ ਨੇ ਸ਼ਿਵ ਸੈਨਾ ਦੇ ਪਰਚੇ 'ਸਾਮਨਾ' ਵਿਚ ਆਪਣੇ ਹਫਤਾਵਾਰੀ ਕਾਲਮ 'ਰੋਕਠੋਕ' ਵਿਚ ਲਿਖਿਆ- ਅਜੀਤ ਪਵਾਰ ਸੱਚਮੁੱਚ ਵੱਡੇ ਆਗੂ ਬਣ ਸਕਦੇ ਸਨ, ਜੇ ਉਹ ਆਪਣੀ ਖੁਦ ਦੀ ਸਿਆਸੀ ਪਾਰਟੀ ਬਣਾਉਂਦੇ ਤੇ ਚੋਣਾਂ ਲੜਦੇ। ਅਜੀਤ ਪਵਾਰ ਨੇ ਜੇ ਏਕਨਾਥ ਸ਼ਿੰਦੇ ਦੀ ਤਰਜ਼ 'ਤੇ ਭਾਜਪਾ ਦੀ ਮਦਦ ਲਈ ਤਾਂ ਉਨ੍ਹਾ ਦੀ ਸਿਆਸਤ ਰੇਤ ਦੇ ਕਿਲ੍ਹੇ ਵਾਂਗ ਢਹਿ ਜਾਵੇਗੀ। ਸਿਆਸਤ 'ਚ ਕੱਦ ਮਾਇਨੇ ਰੱਖਦਾ ਹੈ, ਰੇਤ ਦੇ ਕਿਲ੍ਹੇ ਨਹੀਂ। ਰਾਊਤ, ਜਿਹੜੇ 'ਸਾਮਨਾ' ਦੇ ਕਾਰਜਕਾਰੀ ਸੰਪਾਦਕ, ਨੇ ਕਿਹਾ ਕਿ ਅਜੀਤ ਪਵਾਰ 'ਚੱਕੀਰਾਹੇ' ਵਰਗਾ ਹੈ, ਜੋ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਕੁਰਸੀ 'ਚ 'ਮੋਰੀਆਂ' ਕਰੇਗਾ। ਉਨ੍ਹਾ ਦਾਅਵਾ ਕੀਤਾ ਕਿ ਉਪ ਮੁੱਖ ਮੰਤਰੀ ਤੇ ਭਾਜਪਾ ਆਗੂ ਦੇਵੇਂਦਰ ਫੜਨਵੀਸ ਯਕੀਨੀ ਤੌਰ 'ਤੇ ਇਸ ਚੱਕੀਰਾਹੇ ਨੂੰ ਬਲ ਬਖਸ਼ਣਗੇ। ਰਾਊਤ ਨੇ ਦਾਅਵਾ ਕੀਤਾ-ਅਜੀਤ ਪਵਾਰ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ ਅਤੇ ਭਾਜਪਾ ਵਿਧਾਇਕ, ਜੋ ਫੜਨਵੀਸ ਦੀ ਹਮਾਇਤ ਕਰਦੇ ਹਨ, ਨੂੰ ਲੱਗਦਾ ਹੈ ਕਿ ਸ਼ਿੰਦੇ ਹੁਣ ਬੋਝ ਬਣਨ ਲੱਗਾ ਹੈ ਤੇ ਪਾਰਟੀ ਨੂੰ ਘਾਟਾ ਪੈ ਰਿਹੈ।

### ਫੜਨਵੀਸ ਨੇ ਵੀ ਦਾਅਵਾ ਕੀਤਾ ਸੀ...

**ਮੁੰਬਈ** : ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਪ੍ਰਧਾਨ ਸ਼ਰਦ ਪਵਾਰ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲ੍ਹੇ ਤੋਂ ਤਕਰੀਰ ਕਰਦਿਆਂ ਦਾਅਵਾ ਕੀਤਾ ਹੈ ਕਿ ਉਹ 2024 ਵਿਚ ਵੀ ਲਾਲ੍ਹ ਕਿਲੇ ਤੋਂ ਝੰਡਾ ਝੁਲਾਉਣ ਆਉਣਗੇ। ਪੰਜ ਸਾਲ ਪਹਿਲਾਂ ਮਹਾਰਾਸ਼ਟਰ ਦੇ ਵੇਲੇ ਦੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਵੀ ਅਜਿਹਾ ਦਾਅਵਾ ਕੀਤਾ ਸੀ। ਉਹ ਸੱਤਾ ਵਿਚ ਤਾਂ ਮੁੜ ਆਏ, ਪਰ ਉਪ ਮੁੱਖ ਮੰਤਰੀ ਵਜੋਂ। ਉਹ ਇਹ ਸੋਚ ਕੇ ਹੈਰਾਨ ਹੁੰਦੇ ਹਨ ਕਿ ਮੋਦੀ 2024 ਵਿਚ ਵਾਪਸ ਆਏ ਤਾਂ ਕਿਹੜੇ ਅਹੁਦੇ 'ਤੇ ਆਉਣਗੇ।

## 62 ਲੱਖ ਦੀ ਲੁੱਟ ਦੀ ਕਹਾਣੀ ਝੂਠੀ ਨਿਕਲੀ

**ਅੰਮ੍ਰਿਤਸਰ** : ਪਿਛਲੇ ਦਿਨੀਂ ਅੰਮ੍ਰਿਤਸਰ ਰਾਮ ਤੀਰਥ ਬਾਈਪਾਸ ਉੱਪਰ 62 ਲੱਖ ਰੁਪਏ ਦੀ ਲੁੱਟ ਦੇ ਮਾਮਲੇ 'ਚ ਏ ਸੀ ਪੀ ਵੈੱਸਟ ਸਰਬਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਦਰਅਸਲ ਲੁੱਟ ਹੋਈ ਹੀ ਨਹੀਂ ਅਤੇ ਸ਼ਿਕਾਇਤਕਰਤਾ ਪਿਓ-ਪੁੱਤ ਨੇ ਝੂਠੀ ਕਹਾਣੀ ਬਣਾ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੂੰ ਫੜ ਲਿਆ ਗਿਆ ਹੈ।

ਬਖਤਾਵਰ ਸਿੰਘ ਨੇ ਪੁਲਸ ਨੂੰ ਜਾਣਕਾਰੀ ਦਿੱਤੀ ਸੀ ਕਿ ਉਹ ਤੇ ਪਿਤਾ ਵਿਕਾਸਬੀਰ ਸਿੰਘ ਬੈਂਕ ਆਫ ਇੰਡੀਆ ਮਾਲ ਰੋਡ ਲਾਕਰ ਤੋਂ 62 ਲੱਖ ਰੁਪਏ ਕਢਵਾ ਕੇ ਫਾਰਚੂਨਰ 'ਤੇ ਜਾ ਰਹੇ ਸਨ ਤਾਂ ਇਨੋਵਾ ਅਤੇ ਵਰਨਾ 'ਤੇ ਸਵਾਰ ਨਕਾਬਪੋਸ਼ਾਂ ਨੇ ਮਾਹਲ ਬਾਈਪਾਸ ਲਾਗੇ ਪਿਸਤੌਲ ਦੀ ਨੋਕ 'ਤੇ ਖੋਹ ਲਏ। ਏ ਸੀ ਪੀ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰੇ 'ਚ ਫਾਰਚੂਨਰ ਦੇ ਅੱਗੇ-ਪਿੱਛੇ ਕੋਈ ਵੀ ਇਨੋਵਾ ਤੇ ਵਰਨਾ ਨਹੀਂ ਦਿਸੀ। ਪਿਓ ਤੇ ਪੁੱਤਰ ਤੋਂ ਸਖਤੀ ਨਾਲ ਪੁਛਗਿੱਛ ਕੀਤੀ ਤਾਂ ਪਤਾ ਲਗਾ ਕਿ 62 ਲੱਖ ਰੁਪਏ ਵਿਕਾਸਬੀਰ ਦੇ ਜੀਜੇ ਅਰਮਿੰਦਰ ਪਾਲ ਸਿੰਘ ਰੰਧਾਵਾ ਦੇ ਜੀਜੇ ਸਰਬਜੀਤ ਸਿੰਘ ਦੇ ਸਨ। ਸਰਬਜੀਤ ਸਿੰਘ ਨੇ ਆਪਣੀ ਜ਼ਮੀਨ ਕਰੀਬ 6 ਕਿਲੇ 3 ਕਨਾਲ ਪਿੰਡ ਭਕਨਾ ਕਲਾਂ ਗੁਰਸੇਵਕ

ਬਾਕੀ ਸਫ਼ਾ 2 'ਤੇ

## ਹਾਕੀ ਕੈਂਪ ਲਈ 39 ਮੈਂਬਰਾਂ ਦਾ ਐਲਾਨ

**ਨਵੀਂ ਦਿੱਲੀ** : ਹੈਂਗਜ਼ੂ ਏਸ਼ੀਆਈ ਖੇਡਾਂ ਦੀਆਂ ਤਿਆਰੀਆਂ ਵਜੋਂ ਹਾਕੀ ਇੰਡੀਆ ਨੇ ਬੇਂਗਲੁਰੂ ਵਿੱਚ ਸੋਮਵਾਰ ਤੋਂ ਸ਼ੁਰੂ ਹੋ ਰਹੇ ਕੌਮੀ ਕੈਂਪ ਲਈ 39 ਮੈਂਬਰੀ ਗਰੁੱਪ ਦਾ ਐਲਾਨ ਕੀਤਾ ਹੈ। 21 ਅਗਸਤ ਤੋਂ 18 ਸਤੰਬਰ ਤੱਕ ਲੱਗਣ ਵਾਲਾ ਇਹ ਕੈਂਪ ਖਿਡਾਰੀਆਂ ਨੂੰ ਆਪਣਾ ਹੁਨਰ ਨਿਖਾਰਨ ਦਾ ਮੌਕਾ ਦੇਵੇਗਾ। ਏਸ਼ੀਆਈ ਖੇਡਾਂ 23 ਸਤੰਬਰ ਤੋਂ 8 ਅਕਤੂਬਰ ਤੱਕ ਚੀਨ 'ਚ ਹੋਣੀਆਂ ਹਨ। ਭਾਰਤੀ ਪੁਰਸ਼ ਹਾਕੀ ਟੀਮ ਏਸ਼ੀਆਈ ਖੇਡਾਂ ਦਾ ਆਪਣਾ ਪਲੇਠਾ ਮੁਕਾਬਲਾ 24 ਸਤੰਬਰ ਨੂੰ ਉਜ਼ਬੇਕਿਸਤਾਨ ਖਿਲਾਫ ਖੇਡੇਗੀ। ਭਾਰਤ ਨੂੰ ਪੂਲ ਏ ਵਿਚ ਪਾਕਿਸਤਾਨ, ਜਾਪਾਨ, ਬੰਗਲਾਦੇਸ਼, ਸਿੰਗਾਪੁਰ ਤੇ ਉਜ਼ਬੇਕਿਸਤਾਨ ਨਾਲ ਰੱਖਿਆ ਗਿਆ ਹੈ। ਕੈਂਪ 'ਚ ਸ਼ਾਮਲ ਹੋਣ ਵਾਲੇ 39 ਖਿਡਾਰੀ ਹਨ : ਗੋਲਕੀਪਰ : ਕ੍ਰਿਸ਼ਨ ਬਹਾਦਰ ਪਾਠਕ, ਪੀ ਆਰ ਸ੍ਰੀਜੇਸ਼, ਸੂਰਜ ਕਾਰਕੇਰਾ, ਪਵਨ, ਪ੍ਰਸ਼ਾਂਤ ਕੁਮਾਰ ਚੌਹਾਨ; ਡਿਫੈਂਡਰਜ਼: ਜਰਮਨਪ੍ਰੀਤ ਸਿੰਘ, ਸੁਰੇਂਦਰ ਕੁਮਾਰ, ਹਰਮਨਪ੍ਰੀਤ ਸਿੰਘ, ਵਰੁਣ ਕੁਮਾਰ, ਅਮਿਤ ਰੋਹੀਦਾਸ, ਗੁਰਿੰਦਰ ਸਿੰਘ, ਜੁਗਰਾਜ ਸਿੰਘ, ਮਨਦੀਪ ਮੋੜ, ਨੀਲਮ ਸੰਜੀਪ ਐਕਸਿਸ, ਸੰਜੈ, ਯਸ਼ਦੀਪ ਸਿਵਾਚ, ਦਿਪਸਨ ਟਿਰਕੀ, ਮਨਜੀਤ; ਮਿਡਫੀਲਡਰਜ਼ : ਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਵਿਵੇਕ ਸਾਗਰ ਪ੍ਰਸਾਦ, ਮੋਇਰੰਗਥਮ ਰਬੀਚੰਦਰ ਸਿੰਘ, ਸ਼ਮਸ਼ੇਰ ਸਿੰਘ, ਨੀਲਕੰਤਾ ਸ਼ਰਮਾ, ਰਾਜਕੁਮਾਰ ਪਾਲ, ਸੁਮਿਤ, ਅਕਾਸ਼ਦੀਪ ਸਿੰਘ, ਗੁਰਜੰਟ ਸਿੰਘ, ਮੁਹੰਮਦ ਰਾਹੀਲ ਮੌਸੀਨ, ਮਨਿੰਦਰ ਸਿੰਘ, ਫਾਰਵਰਡਜ਼ : ਐੱਸ. ਕਾਰਤੀ, ਮਨਦੀਪ ਸਿੰਘ, ਲਲਿਤ ਕੁਮਾਰ ਉਪਾਧਿਆਏ, ਅਭਿਸ਼ੇਕ, ਦਿਲਪ੍ਰੀਤ ਸਿੰਘ, ਸੁਖਜੀਤ ਸਿੰਘ, ਸਿਮਰਨਜੀਤ ਸਿੰਘ, ਸ਼ਲਿਨੰਦ ਲਾਕੜਾ ਤੇ ਪਵਨ ਰਾਜਭਰ।

## ਵਿਜੈ ਮਿਸ਼ਰਾ ਨੇ ਸਾਰੀ ਜ਼ਿੰਦਗੀ ਮਜ਼ਦੂਰਾਂ ਦੀ ਬੰਦਖਲਾਸੀ ਲਈ ਲਾਈ



**ਅੰਮ੍ਰਿਤਸਰ** : ਪਿਛਲੇ ਦਿਨੀਂ ਵਿਛੋੜਾ ਦੇ ਗਏ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸੂਬਾਈ ਸਕੱਤਰੇਤ ਮੈਂਬਰ ਅਤੇ ਸੀਟੂ ਪੰਜਾਬ ਦੇ ਸੂਬਾਈ ਪ੍ਰਧਾਨ ਕਾਮਰੇਡ ਵਿਜੈ ਮਿਸ਼ਰਾ ਨਮਿਤ ਸ਼ਰਧਾਂਜਲੀ ਸਮਾਗਮ ਰਣਜੀਤ ਐਵੀਨਿਊ, ਅੰਮ੍ਰਿਤਸਰ ਵਿਖੇ ਹੋਇਆ। ਵਿਸ਼ਾਲ ਇਕੱਠ ਵਿੱਚ ਆਪਣੇ ਯੁੱਧ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ, ਸੀ ਪੀ ਆਈ ਐੱਮ ਐੱਲ (ਲਿਬਰੇਸ਼ਨ) ਦੇ ਸੂਬਾਈ ਸਕੱਤਰ ਗੁਰਮੀਤ ਸਿੰਘ ਬਖਤਪੁਰਾ, ਸੀ ਪੀ ਆਈ (ਐੱਮ) ਦੇ ਸੂਬਾ ਕਮੇਟੀ ਮੈਂਬਰ ਰਣਵੀਰ ਵਿਰਕ, ਆਰ ਐੱਮ ਪੀ ਆਈ ਦੇ ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਕਾਮਰੇਡ ਵਿਜੈ ਮਿਸ਼ਰਾ ਨੇ ਆਪਣੀ ਸਾਰੀ ਜ਼ਿੰਦਗੀ ਮਜ਼ਦੂਰ ਜਮਾਤ ਦੀ ਬੰਦਖਲਾਸੀ ਲਈ ਅਰਪਿਤ ਕੀਤੀ। ਵਿਦਿਆਰਥੀ ਜੀਵਨ ਤੋਂ ਖੱਬੀ ਲਹਿਰ ਵਿੱਚ ਆਏ ਮਿਸ਼ਰਾ ਨੇ ਦੇਸ਼ ਅੰਦਰ ਲੱਗੀ ਐਮਰਜੈਂਸੀ ਖਿਲਾਫ਼ ਘੋਲ ਵਿਚ ਆਗੂ ਰੋਲ ਅਦਾ ਕੀਤਾ ਅਤੇ ਪੰਜਾਬ ਅੰਦਰ ਅੱਤਵਾਦ ਦੇ ਭਿਆਨਕ ਸਮੇਂ ਕਮਿਊਨਿਸਟ ਵਿਚਾਰਾਂ 'ਤੇ ਸਾਬਤ ਕਦਮੀਂ ਪਹਿਰਾ ਦਿੰਦਿਆਂ ਹਿੰਦੂ-ਸਿੱਖ ਏਕਤਾ ਦੀ ਰਾਖੀ ਲਈ ਲੋਕਾਂ ਨੂੰ ਲਾਮਬੰਦੀ ਕਰਦਿਆਂ ਅੱਤਵਾਦ ਦਾ ਡਟਵਾਂ ਮੁਕਾਬਲਾ ਕੀਤਾ ਅਤੇ ਅੱਤਵਾਦੀਆਂ ਖਿਲਾਫ਼ ਮੋਰਚਿਆਂ 'ਚ ਲੜ ਰਹੇ ਸਾਥੀਆਂ ਦੀ ਹੌਸਲਾ-ਅਫਜ਼ਾਈ ਕਰਨ ਬੇਖੌਫ਼ ਜਾਂਦੇ ਰਹੇ। ਆਗੂਆਂ ਨੇ ਕਿਹਾ ਕਿ ਦੇਸ਼ ਦੀ ਅਜੋਕੀ ਸਰਕਾਰ ਭਾਰਤ ਨੂੰ ਧਰਮ ਅਧਾਰਤ ਕੱਟੜ ਹਿੰਦੂ ਰਾਸ਼ਟਰ ਬਣਾਉਣ ਲਈ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਅਤੇ ਪ੍ਰਗਤੀਸ਼ੀਲ ਲਹਿਰ 'ਤੇ ਅੱਤਿਆਚਾਰ ਕਰਨ ਵਾਲਿਆਂ ਦੀ ਪਿੱਠ ਥਾਪੜ ਰਹੀ ਹੈ ਅਤੇ ਦੇਸ਼ ਦੇ ਕੁਦਰਤੀ ਸਰੋਤ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਲੁਟਾ

ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਬਿੜਕਾਂ ਮਿਲਣ ਨਵਾਜ਼ ਨੇ ਮੁੜ ਆਉਣਾ,
ਚੋਣ ਦੀ ਸਾਂਭਣ ਲਈ ਖੁਦ ਕਮਾਨ ਬੇਲੀ।
ਛੋਟੇ ਭਾਈ ਨੂੰ ਲਾਇਆ ਸੀ ਆਪ ਮੂਹਰੇ,
ਸਕੂ ਉਹ ਸਾਂਭ ਨਹੀਂ ਚੋਣ ਮੈਦਾਨ ਬੇਲੀ।
ਜਿਨ੍ਹਾਂ ਦੇ ਨਾਲ ਸੀ ਸੱਤਾ ਦੀ ਸਾਂਝ ਪਾਈ,
ਬੜੇ ਤੇਜ਼ ਨੇ ਉਹ ਸਿਆਸਤਦਾਨ ਬੇਲੀ।
ਮੌਕਾ ਤਾੜ ਕੇ ਠਿੱਬੀ ਉਹ ਲਾਉਣਗੇ ਈ,
ਕਾਹਦਾ ਲੀਡਰ ਦਾ ਦੀਨ-ਈਮਾਨ ਬੇਲੀ।
ਬੈਠਾ ਹੈ ਜੇਲ੍ਹ ਦੇ ਵਿੱਚ ਇਮਰਾਨ ਬੇਸ਼ੱਕ,
ਅੰਦਰੋਂ ਜਾਂਦਾ ਉਹ ਦਾਅ ਲੜਾਈ ਬੇਲੀ।
ਫੌਜ ਤੇ ਪੁਲਸ ਸ਼ਰੀਫਾਂ ਦੇ ਨਾਲ ਬੇਸ਼ੱਕ,
ਨੀਂਦ ਇਮਰਾਨ ਨੇ ਪਈ ਉਡਾਈ ਬੇਲੀ।

-ਤੀਸ ਮਾਰ ਖਾਂ

## ਅਰਬ ਦੇਸ਼ਾਂ 'ਚ ਫਸੀਆਂ 4 ਕੁੜੀਆਂ ਸੀਚੇਵਾਲ ਦੇ ਯਤਨਾਂ ਸਦਕਾ ਪਰਤੀਆਂ

### ਟਰੈਵਲ ਏਜੰਟਾਂ ਵਿਰੁੱਧ ਸਖਤ ਕਾਰਵਾਈ ਦੀ ਮੰਗ



ਅਰਬ ਦੇਸ਼ਾਂ ਤੋਂ ਵਾਪਸ ਲਿਆਂਦੀਆਂ ਲੜਕੀਆਂ ਨਾਲ ਸੰਤ ਬਲਬੀਰ ਸਿੰਘ ਸੀਚੇਵਾਲ।

**ਸ਼ਾਹਕੋਟ/ਸੁਲਤਾਨਪੁਰ ਲੋਧੀ (ਗਿਆਨ ਸੈਦਪੁਰੀ/ ਬਲਵਿੰਦਰ ਧਾਲੀਵਾਲ/ ਰਾਜਬੀਰ ਸਿੰਘ)**

ਅਰਬ ਦੇਸ਼ਾਂ ਵਿੱਚ ਪੰਜਾਬ ਦੀਆਂ ਲੜਕੀਆਂ ਦੇ ਹੋ ਰਹੇ ਸ਼ੋਸ਼ਣ ਦਾ ਸਿਲਸਿਲਾ ਰੁਕ ਨਹੀ ਰਿਹਾ। ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਅਰਬ ਦੇਸ਼ਾਂ ਵਿੱਚ ਫਸੀਆਂ ਚਾਰ ਲੜਕੀਆਂ ਨੂੰ ਵਾਪਸ ਲਿਆਂਦਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਇੱਕ ਲੜਕੀ ਮਸਕਟ ਵਿੱਚੋਂ ਤੇ ਤਿੰਨ ਲੜਕੀਆਂ ਨੂੰ ਇਰਾਕ ਵਿੱਚੋਂ ਵਾਪਸ ਲਿਆਂਦਾ ਗਿਆ ਹੈ। ਇਹਨਾਂ ਵਿੱਚ ਤਿੰਨ ਲੜਕੀਆਂ ਜ਼ਿਲ੍ਹਾ ਜਲੰਧਰ ਨਾਲ, ਜਦਕਿ ਇੱਕ ਲੜਕੀ ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਹੈ।

ਸੀਚੇਵਾਲ ਨੇ ਦੱਸਿਆ ਕਿ ਟਰੈਵਲ ਏਜੰਟ ਤੇ ਖਾਸ ਕਰਕੇ ਪੀੜਤਾਂ ਦੇ ਰਿਸ਼ਤੇਦਾਰ ਹੀ ਉਹਨਾਂ ਨੂੰ ਫਸਾ ਰਹੇ ਹਨ। ਉਹਨਾ ਕਿਹਾ ਕਿ ਏਜੰਟਾਂ ਵੱਲੋਂ ਗਰੀਬ ਵਰਗ ਦੀਆਂ ਲੜਕੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਕਿਉਂਕਿ ਵਿਦੇਸ਼ਾਂ ਵਿੱਚ ਆਪਣੇ ਕੇਸਾਂ ਦੀ ਪੈਰਵਾਈ ਕਰਨ ਲਈ ਪੈਸੇ ਦੀ ਵੀ ਲੋੜ ਹੁੰਦੀ ਹੈ ਤੇ ਪਹੁੰਚ ਦੀ ਵੀ। ਰਾਜ ਸਭਾ ਮੈਂਬਰ ਨੇ ਇਰਾਕ ਅਤੇ ਮਸਕਟ ਵਿੱਚ ਭਾਰਤੀ ਅੰਬੈਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਤੇਜ਼ੀ ਨਾਲ ਇਹਨਾਂ ਲੜਕੀਆਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਨੂੰ ਵਾਪਸ ਭੇਜਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਜਿਸ ਸਦਕਾ ਇਰਾਕ ਵਿੱਚੋਂ ਕਰੀਬ 20 ਦਿਨਾਂ ਅੰਦਰ ਤੇ ਮਸਕਟ ਓਮਾਨ ਵਿੱਚੋਂ 5 ਦਿਨਾਂ ਅੰਦਰ ਲੜਕੀਆਂ ਵਾਪਸ ਆਈਆਂ ਹਨ।

ਤਿੰਨਾਂ ਲੜਕੀਆਂ ਨੇ ਦੱਸਿਆ ਕਿ ਉਹ ਮਈ, ਜੂਨ ਤੇ ਜੁਲਾਈ ਮਹੀਨੇ ਵਿੱਚ ਇਰਾਕ ਗਈਆਂ ਸਨ। ਵਾਪਸ ਆਈਆਂ ਇਹਨਾਂ ਲੜਕੀਆਂ ਨੇ ਰੌਂਗਟੇ ਖੜ੍ਹੇ ਕਰਨ ਵਾਲੇ ਆਪਣੇ ਦੁਖੜੇ ਦੱਸਦਿਆਂ ਕਿਹਾ ਕਿ ਇਰਾਕ ਪਹੁੰਚਦੇ ਸਾਰ ਹੀ ਉਹਨਾਂ ਦੇ ਸਭ ਤੋਂ ਪਹਿਲਾਂ ਪਾਸਪੋਰਟ ਖੋਹ ਲਏ ਗਏ। ਕਈ-ਕਈ ਦਿਨ ਉਹਨਾਂ ਨੂੰ ਖਾਣਾ ਨਹੀ ਦਿੱਤਾ ਜਾਂਦਾ ਸੀ ਤੇ ਉਹਨਾਂ ਨਾਲ

ਬਾਕੀ ਸਫ਼ਾ 2 'ਤੇ

## ਸੁਪਰੀਮ ਇੰਟਰਨੈਸ਼ਨਲ ਸਕੂਲ 'ਚ ਕੁਕਿੰਗ ਮੁਕਾਬਲਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੁਪਰੀਮ ਇੰਟਰਨੈਸ਼ਨਲ ਸਕੂਲ ਮਹਿਲ ਕਲਾਂ ਵਿਖੇ ਬਿਨਾਂ ਅੱਗ ਦੇ ਕੁਕਿੰਗ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਪ੍ਰਕਾਰ ਦਾ ਸਿਹਤਮੰਦ ਭੋਜਨ ਬਣਾ ਕੇ ਜੱਜ ਸਾਹਿਬਾਨ ਸਾਹਮਣੇ ਪੇਸ਼ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਸਿਮਰਨ ਨਾਇਰ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਕਿਹਾ ਕਿ ਲੜਕੇ ਤੇ ਲੜਕੀਆਂ ਦੋਵੇਂ ਕੁਕਿੰਗ ਨੂੰ ਪੇਸ਼ੇ ਦੇ ਤੌਰ 'ਤੇ ਅਪਣਾ ਕੇ ਦੇਸ਼, ਵਿਦੇਸ਼ 'ਚ ਆਪਣੇ ਮਾਤਾ, ਪਿਤਾ ਦਾ ਨਾਂਅ ਰੌਸ਼ਨ ਕਰ ਸਕਦੇ ਹਨ। ਅਖੀਰ ਵਿੱਚ ਪ੍ਰਿੰਸੀਪਲ ਸਿਮਰਨ ਨਾਇਰ ਵੱਲੋਂ ਸਾਰਿਆਂ ਨੂੰ ਉਤਸ਼ਾਹਤ ਕਰਦੇ ਹੋਏ ਹੋਰ ਵਧੇਰੇ ਲਗਨ ਮਿਹਨਤ ਨਾਲ ਖੇਡਾਂ, ਵਿੱਦਿਆ ਦੇ ਖੇਤਰ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਅੱਗੇ ਤੋਂ ਵੀ ਸਕੂਲ 'ਚ ਇਸ ਤਰ੍ਹਾਂ ਦੇ ਸਿਹਤਮੰਦ ਪ੍ਰੋਗਰਾਮ ਕਰਵਾਏ ਜਾਂਦੇ ਰਹਿਣਗੇ।

## ਡੀ ਏ ਵੀ ਪਬਲਿਕ ਸਕੂਲ 'ਚ ਮਨਾਇਆ ਤੀਜ ਦਾ ਤਿਉਹਾਰ



**ਨਾਭਾ (ਵਰਿੰਦਰ ਵਰਮਾ)**- ਡੀ.ਏ.ਵੀ. ਪਬਲਿਕ ਸਕੂਲ ਨਾਭਾ ਵਿਖੇ ਸਕੂਲ ਦੀ ਚੇਅਰਮੈਨ ਸ੍ਰੀਮਤੀ ਪੁਸ਼ਪਾ ਸ਼ੈਂਤ ਤੇ ਯੋਗ ਪ੍ਰਬੰਧਕ ਸ੍ਰੀਮਤੀ ਜਯਾ ਭਾਰਦਵਾਜ ਦੀ ਗਤੀਸ਼ੀਲ ਅਗਵਾਈ ਹੇਠ ਅਤੇ ਸਕੂਲ ਦੀ ਮਾਣਯੋਗ ਮੁੱਖ ਅਧਿਆਪਕਾ ਸ੍ਰੀਮਤੀ ਰੇਣੂ ਠਾਕੁਰ ਦੀ ਗਤੀਸ਼ੀਲ ਅਗਵਾਈ ਹੇਠ ਤੀਜ ਦਾ ਤਿਉਹਾਰ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਨਾਭਾ ਦੇ ਸ਼ਾਹੀ ਪਰਿਵਾਰ ਦੀ ਮੈਂਬਰ ਰਾਣੀ ਪ੍ਰੀਤੀ ਸਿੰਘ (ਮਹਾਰਾਣੀ ਉਮਾ ਦੇਵੀ ਦੀ ਨੂੰਹ), ਸ੍ਰੀਮਤੀ ਵੀਨਾ ਜੁਲਕਾ ਡੀ.ਏ.ਵੀ. ਸਕੂਲ ਦੇ ਸਾਬਕਾ ਪ੍ਰਿੰਸੀਪਲ ਤੇ ਪ੍ਰਸਿੱਧ ਸਮਾਜ ਸੇਵੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਡਾ: ਸੁਨੀਤਾ ਗਰਗ, ਸ੍ਰੀਮਤੀ ਬਿੰਦੀਆ ਗੁਪਤਾ ਤੇ ਸ੍ਰੀਮਤੀ ਰੋਜੀ ਨਾਗਪਾਲ ਐੱਮ ਸੀ ਵਾਰਡ ਨੰਬਰ 23 ਹਾਜ਼ਰ ਸਨ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਤੇ ਮਹਿਮਾਨਾਂ ਦੇ ਸਵਾਗਤ ਨਾਲ ਹੋਈ, ਪੰਜਾਬੀ ਪਹਿਰਾਵੇ 'ਚ ਸਜੇ ਵਿਦਿਆਰਥੀਆਂ ਨੇ ਖੂਬ ਡਾਂਸ ਕੀਤਾ। ਮਲਵਈ ਗਿੱਧੇ ਦੀਆਂ ਧੁਨਾਂ, ਪੰਜਾਬੀ ਸੱਭਿਆਚਾਰ ਨਾਲ ਸਬੰਧਤ ਦਸਤਕਾਰੀ ਨਾਲ ਸਜਾਵਟ ਨੇ ਮਾਹੌਲ ਨੂੰ ਹੋਰ ਰਵਾਇਤੀ ਬਣਾ ਦਿੱਤਾ। ਮਾਨਸੂਨ ਦੇ ਪਕਵਾਨਾਂ ਨੂੰ ਰਵਾਇਤੀ ਢੰਗ ਨਾਲ ਸਾਰਿਆਂ ਲਈ ਪ੍ਰਦਰਸ਼ਤ ਕੀਤਾ ਗਿਆ। ਸਮਾਗਮ ਦੀ ਸਮਾਪਤੀ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਰੇਣੂ ਠਾਕੁਰ ਨੇ ਮਹਾਰਾਣੀ ਪ੍ਰੀਤੀ ਸਿੰਘ ਤੇ ਹੋਰ ਪਤਵੰਤੇ ਮਹਿਮਾਨਾਂ ਦਾ ਸਮਾਗਮ 'ਚ ਸ਼ਾਮਲ ਹੋਣ ਲਈ ਆਪਣਾ ਕੀਮਤੀ ਸਮਾਂ ਕੱਢਣ ਲਈ ਧੰਨਵਾਦ ਕਰਦਿਆਂ ਕੀਤੀ।

## ਟਿੱਬੀ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਦਾ ਵਿਧਾਇਕ ਵੱਲੋਂ ਸਨਮਾਨ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਟਿੱਬੀ ਵਿਖੇ ਪ੍ਰਿੰਸੀਪਲ ਡਾ. ਆਰ. ਕੇ. ਸ਼ਰਮਾ ਦੀ ਅਗਵਾਈ ਹੇਠ ਸਾਲਾਨਾ ਇਨਾਮ ਵੰਡ ਸਮਾਰੋਹ ਹੋਇਆ, ਜਿਸ 'ਚ ਮੁੱਖ ਮਹਿਮਾਨ ਵਜੋਂ ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਪਹੁੰਚੇ, ਜਿਨ੍ਹਾਂ ਦਾ ਸਕੂਲ ਮੁਖੀ ਡਾ. ਆਰ. ਕੇ. ਸ਼ਰਮਾ, ਵਾਈਸ ਪ੍ਰਿੰਸੀਪਲ ਨਿਰਮਲ ਸਿੰਘ ਫਤਿਹਪੁਰ ਤੇ ਸਟਾਫ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਗੈਰੀ ਬੜਿੰਗ ਨੇ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਬਾਰੇ ਵਿਸਥਾਰ 'ਚ ਚਾਨਣਾ ਪਾਇਆ। ਉਨ੍ਹਾ ਇਸ ਸਕੂਲ ਨਾਲ ਆਪਣੇ ਵਿਸ਼ੇਸ਼ ਲਗਾਅ ਦੀ ਗੱਲ ਕਰਦਿਆਂ ਸਕੂਲ ਦੀਆਂ ਹਰ ਲੋੜਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ। ਉਨ੍ਹਾ ਸਕੂਲ ਕੈਂਪਸ ਦੇ ਸਤਰ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਦੀ ਤਰਫੋਂ ਗ੍ਰਾਂਟ ਭੇਜਣ ਤੇ ਸਕੂਲ ਲਈ ਟ੍ਰਾਂਸਪੋਰਟ ਸਹੂਲਤ ਮੁਹੱਈਆ ਕਰਵਾਉਣ ਲਈ ਕੇਸ ਭੇਜਣ ਦਾ ਵਾਅਦਾ ਕੀਤਾ। ਅੰਤ 'ਚ ਵਿਧਾਇਕ ਗੈਰੀ ਬੜਿੰਗ ਨੇ ਬੋਰਡ ਕਲਾਸਾਂ ਵਿੱਚੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲ਼ੇ, ਖੇਡਾਂ 'ਚੋਂ ਜੇਤੂ ਟੀਮਾਂ, ਸਮਰ ਕੈਂਪ ਤੇ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਵਾਲ਼ੇ ਕਰੀਬ 55 ਵਿਦਿਆਰਥੀਆਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਰਣਜੀਤ ਸਿੰਘ ਅਜਨਾਲੀ, ਗੁਰਦੀਪ ਸਿੰਘ ਜੱਸੜਾਂ, ਗੁਰਪ੍ਰੀਤ ਸਿੰਘ ਮਛਰਾਈ, ਬਾਪੂ ਕਪੂਰ ਸਿੰਘ, ਗੁਰਵਿੰਦਰ ਸਿੰਘ ਮੰਗਾ, ਰਾਜਿੰਦਰ ਸਿੰਘ ਰਾਜੂ, ਨਿਰਮਲ ਸਿੰਘ, ਬਲਵਿੰਦਰ ਸਿੰਘ, ਗੁਰਬਾਜ਼ ਸਿੰਘ, ਭਗਤ ਸਿੰਘ, ਜਗਦੀਪ ਸਿੰਘ, ਸਕੂਲ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

## ਝਾੜ ਸਾਹਿਬ ਕਾਲਜ 'ਚ ਬੂਟੇ ਲਗਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਤਹਿਤ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਕਾਲਜ ਦੇ ਐੱਨ.ਐੱਸ.ਐੱਸ. ਯੂਨਿਟ ਦੇ ਪ੍ਰੋਗਰਾਮ ਅਫਸਰ ਪ੍ਰੋ. ਜਸਵੀਰ ਕੌਰ ਤੇ ਵਲੰਟੀਅਰਜ਼ ਵੱਲੋਂ ਕਾਲਜ ਤੇ ਪਿੰਡ ਝਾੜ ਸਾਹਿਬ ਵਿਖੇ 75 ਦੇ ਕਰੀਬ ਛਾਂਦਾਰ, ਫਲਦਾਰ ਬੂਟੇ ਲਗਾਏ ਗਏ। ਇਸ ਮੌਕੇ ਵਲੰਟੀਅਰਜ਼ ਨੂੰ ਵਾਤਾਵਰਨ ਸੰਭਾਲ ਲਈ ਸਹੁੰ ਚੁਕਾਈ ਗਈ। ਇਸ ਮੌਕੇ ਪ੍ਰਿੰਸੀਪਲ ਵੱਲੋਂ ਵਿਦਿਆਰਥਣਾਂ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਵਾਤਾਵਰਨ ਦੀ ਸੰਭਾਲ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਆ ਤੇ ਇਸ ਸਬੰਧੀ ਵੱਖ-ਵੱਖ ਕ੍ਰਿਆਵਾਂ 'ਚ ਹਿੱਸਾ ਲੈ ਕੇ ਆਪਣੇ ਗਿਆਨ ਵਿੱਚ ਵਾਧਾ ਕਰਨ ਦਾ ਵੀ ਸੱਦਾ ਦਿੱਤਾ। ਇਸ ਮੌਕੇ ਸਰਬਜੀਤ ਕੌਰ, ਹਰਜੋਤ ਕੌਰ, ਬਬੀਤਾ ਰਾਣੀ, ਜਗਜੀਤ ਸਿੰਘ, ਹਰਕਮਲ ਸਿੰਘ ਤੇ ਹਰਜੀਤ ਸਿੰਘ ਮੌਜੂਦ ਸਨ।

## ਬਲੌਜ਼ਮਜ਼ ਸਕੂਲ 'ਚ ਇੰਟ੍ਰੈਕਟ ਕਲੱਬ ਵੱਲੋਂ ਵਿਸ਼ੇਸ਼ ਪ੍ਰੋਗਰਾਮ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਰੋਟਰੀ ਕਲੱਬ ਜਗਰਾਉਂ ਵੱਲੋਂ ਇੰਨਟ੍ਰੈਕਟ ਕਲੱਬ ਦੇ ਵਿਦਿਆਰਥੀਆਂ ਲਈ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਇਸ ਕਲੱਬ ਦੇ ਵਿਦਿਆਰਥੀਆਂ ਵੱਲੋਂ ਨਵੇਂ ਮੈਂਬਰ ਭਰਤੀ ਕੀਤੇ ਗਏ ਤੇ ਉਨ੍ਹਾਂ ਨੂੰ ਟੈਗ ਵੀ ਦਿੱਤੇ ਗਏ। ਇਹ ਪ੍ਰੋਗਰਾਮ ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਉੱਤੇ ਫਿਲਮਾਇਆ ਗਿਆ ਤੇ ਵਿਦਿਆਰਥੀਆਂ ਨੂੰ ਇਸ ਪਾਸੇ ਵੱਲ ਜੋੜਿਆ ਗਿਆ। ਇਸ ਮੌਕੇ ਮੁੱਖ ਮਹਿਮਾਨਾਂ ਵਜੋਂ ਰੋਟੇਰੀਅਨ ਮਿ: ਗੁਰਜੀਤ ਸਿੰਘ, ਮਿ: ਆਤਮਜੀਤ ਸਿੰਘ, ਡਾ: ਥਿੰਦ, ਮਿ: ਰਾਕੇਸ਼ ਸ਼ਰਮਾ, ਮਿ:ਭੁਪਿੰਦਰ ਛਾਬੜਾ ਅਤੇ ਮਿ: ਰੋਹਿਤ ਜਿੰਦਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ:ਅਮਰਜੀਤ ਕੌਰ ਨਾਜ਼ ਨੇ ਰੋਟਰੀ ਕਲੱਬ ਦੇ ਸਾਰੇ ਹੀ ਮੈਂਬਰਾਂ ਨੂੰ ਜੀ ਆਇਆ ਆਖਿਆ ਤੇ ਵਿਦਿਆਰਥੀਆਂ ਨੂੰ ਇੱਕ ਸੰਦੇਸ਼ ਦਿੱਤਾ ਕਿ ਅੱਜ ਦੇ ਵਿਸ਼ੇ ਮੁਤਾਬਿਕ ਸਾਨੂੰ ਮਨੁੱਖਤਾ ਦੀ ਭਲਾਈ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਸਮਾਜ ਸੁਧਾਰਕ ਬਣ ਸਕਦੇ ਹਾਂ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਮਨੁੱਖਤਾ ਦੀ ਭਲਾਈ ਸਾਡੇ ਜੀਵਨ ਦਾ ਮੁੱਖ ਕਰਤੱਵ ਹੈ।

## ਪੰਜਾਬ ਕਾਨਵੈਂਟ ਸਕੂਲ 'ਚ ਨੈਤਿਕ ਸਿੱਖਿਆ ਦਾ ਇਮਤਿਹਾਨ ਲਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਸੰਸਥਾ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਬੱਚਿਆਂ 'ਚ ਸਦਾਚਾਰਿਕ ਗੁਣ ਪੈਦਾ ਕਰਨ ਲਈ ਸਕੂਲ ਦੇ ਡਾਇਰੈਕਟਰ ਅਜੇਪਾਲ ਸਿੰਘ ਤੇ ਪ੍ਰਿੰਸੀਪਲ ਮੈਡਮ ਨੀਲਿਮਾ ਅਰੋੜਾ ਦੀ ਅਗਵਾਈ ਵਿੱਚ ਨੈਤਿਕ ਸਿੱਖਿਆ ਦਾ ਪੇਪਰ ਸਕੂਲ ਵਿੱਚ ਲਿਆ ਗਿਆ। ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ ਲਿਆ ਗਿਆ। ਇਸ ਇਮਤਿਹਾਨ 'ਚ ਸਕੂਲ ਦੇ 161 ਬੱਚਿਆਂ ਨੇ ਭਾਗ ਲਿਆ। ਇਹ ਇਮਤਿਹਾਨ ਤਿੰਨ ਦਰਜਿਆਂ 'ਚ ਵੰਡਿਆ ਗਿਆ ਸੀ। ਪਹਿਲਾ ਦਰਜਾ ਪਹਿਲੀ ਕਲਾਸ ਤੋਂ ਪੰਜਵੀਂ ਕਲਾਸ ਦੇ 68 ਬੱਚੇ, ਦੂਜਾ ਦਰਜਾ ਛੇਵੀਂ ਕਲਾਸ ਤੋਂ ਅੱਠਵੀਂ ਕਲਾਸ ਦੇ 58 ਬੱਚੇ ਤੇ ਤੀਜਾ ਦਰਜਾ ਨੌਵੀਂ ਕਲਾਸ ਤੋਂ ਬਾਰਵੀਂ ਕਲਾਸ ਦੇ 35 ਬੱਚਿਆਂ ਨੇ ਇਹ ਇਮਤਿਹਾਨ ਦਿੱਤਾ। ਇਸ ਮੌਕੇ ਚੇਅਰਮੈਨ ਆਰ ਕੇ ਗੁਪਤਾ, ਵਾਈਸ ਚੇਅਰਮੈਨ ਰਮਨ ਕੁਮਾਰ (ਰਿੰਪੀ ਮਿੱਤਲ), ਮੈਂਬਰ ਬਲਵਿੰਦਰ ਸਿੰਘ, ਪਰਮਜੀਤ ਸਿੰਘ, ਰਚਨਾ ਮਿੱਤਲ ਸਾਰਿਆਂ ਨੇ ਬੱਚਿਆਂ ਨੂੰ ਹੌਸਲਾ ਅਫਜ਼ਾਈ ਦਿੱਤੀ।

## ਅਸਲੇ ਦੀ ਨੋਕ 'ਤੇ 22.50 ਲੱਖ ਲੁੱਟਣ ਵਾਲੇ ਲੁਟੇਰਿਆਂ ਖਿਲਾਫ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 20 ਲੱਖ 50 ਹਜ਼ਾਰ ਰੁਪਏ ਦੀ ਰਾਸ਼ੀ ਲੁੱਟਣ ਵਾਲੇ 2 ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਮੁੱਦਈ ਗੁਰਸੇਵਕ ਸਿੰਘ ਪੁੱਤਰ ਹਰਨੇਕ ਸਿੰਘ ਵਾਸੀ ਚੱਕ ਕਾਲਾ ਸਿੰਘ ਵਾਲਾ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਹ ਖੇਤੀਬਾੜੀ ਦੇ ਨਾਲ ਨਾਲ ਕੰਬਾਇਨਾਂ ਦਾ ਵੀ ਕੰਮ ਕਰਦਾ ਹੈ ਤੇ ਕਰੀਬ 2 ਮਹੀਨੇ ਪਹਿਲਾਂ ਉਸ ਨੇ ਆਪਣੇ ਰਿਸ਼ਤੇਦਾਰਾਂ ਨਾਲ ਰਲ ਕੇ ਜਗਰਾਓਂ ਦੇ ਕੋਲ ਕਮਰਸ਼ੀਅਲ ਜ਼ਮੀਨ 2 ਏਕੜ ਦਾ ਸੌਦਾ ਕਰੀਬ 2 ਕਰੋੜ ਰੁਪਏ ਵਿੱਚ ਕਰਨ ਦਾ ਮਨ ਬਣਾਇਆ ਸੀ ਤੇ ਆਪਣੇ ਹਿੱਸੇ ਦੇ ਕਰੀਬ 50 ਲੱਖ ਰੁਪਏ ਵਿੱਚੋਂ ਆਪਣੇ ਰਿਸ਼ਤੇਦਾਰ ਜੁਗਰਾਜ ਸਿੰਘ ਦੇ ਖਾਤੇ ਵਿੱਚ 18.50 ਲੱਖ ਰੁਪਏ ਬੈਂਕ ਟਰਾਂਸਫਰ ਕੀਤੇ ਸਨ ਅਤੇ ਬਾਕੀ ਦੀ ਰਕਮ 22.50 ਲੱਖ ਰੁਪਏ ਦਾ ਪ੍ਰਬੰਧ ਕਰਕੇ ਕਿੱਟ ਬੈਗ ਵਿੱਚ ਪਾ ਕੇ ਜਲਾਲਾਬਾਦ ਤੋਂ ਜਗਰਾਓਂ ਦੇ ਅਧੀਨ ਆਉਂਦੇ ਪਿੰਡ ਮੱਲਾ ਵਿਖੇ ਵਿਖੇ ਜੁਗਰਾਜ ਸਿੰਘ ਦੇ ਘਰ ਆਪਣੀ ਕਾਰ ਰਿਟਜ ਰੰਗ ਚਿੱਟਾ ਨੰਬਰ ਡੀ.ਐਲ.8 ਸੀਡਬਲਯੂ-3101 'ਤੇ ਸਵਾਰ ਹੋ ਕੇ ਜਾ ਰਿਹਾ ਸੀ ਅਤੇ ਜਦੋਂ ਐੱਫ-ਐੱਫ ਰੋਡ 'ਤੇ ਪਿੰਡ ਅਮੀਰ ਖਾਸ ਦੇ ਨਜ਼ਦੀਕ ਸਥਿਤ ਐੱਚ.ਪੀ. ਪੈਟਰੋਲ ਪੰਪ ਤੋਂ ਆਪਣੀ ਕਾਰ ਵਿੱਚ ਡੀਜ਼ਲ ਪੁਆ ਕੇ ਜਦ ਮੇਨ ਰੋਡ 'ਤੇ ਗੱਡੀ ਚੜ੍ਹਾਉਣ ਲੱਗਾ ਤਾਂ 2 ਅਣਪਛਾਤੇ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਤੇ ਮੇਰੀ ਕਾਰ ਰੋਕ ਕੇ ਖੜ ਗਏ। ਮੋਟਰਸਾਈਕਲ ਚਾਲਕ ਨੇ ਹੈਲਮਟ ਪਾਇਆ ਹੋਇਆ ਸੀ ਤੇ ਪਿਛਲੇ ਨੌਜਵਾਨ ਨੇ ਪਰਨੇ ਨਾਲ ਮੂੰਹ ਬੰਨ੍ਹਿਆ ਹੋਇਆ ਸੀ। ਮੋਟਰਸਾਈਕਲ ਚਾਲਕ ਨੇ ਮੇਰੇ 'ਤੇ ਅਸਲਾ ਤਾਣ ਦਿੱਤਾ ਤੇ ਦੂਜੇ ਨੌਜਵਾਨ ਨੇ ਮੇਰੀ ਕਾਰ ਵਿੱਚੋਂ ਪੈਸਿਆਂ ਵਾਲੀ ਕਿੱਟ ਚੁੱਕ ਕੇ ਮੌਕੇ ਤੋਂ ਫਰਾਰ ਹੋ ਗਏ। ਇਸ ਕਿੱਟ ਵਿੱਚ 22.50 ਲੱਖ ਰੁਪਏ ਸੀ। ਸਹਾਇਕ ਥਾਣੇਦਾਰ ਸਵਰਨ ਸਿੰਘ ਨੇ ਦੱਸਿਆ ਕਿ ਮੁੱਦਈ ਗੁਰਸੇਵਕ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ 2 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ ਅਤੇ ਪੁਲਸ ਵੱਲੋਂ ਇਸ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਹੜ੍ਹ ਪ੍ਰਭਾਵਤ ਸਕੂਲਾਂ 'ਚ ਛੁੱਟੀ ਦਾ ਐਲਾਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਰਾਜੇਸ਼ ਧੀਮਾਨ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਫਿਰੋਜ਼ਪੁਰ ਦੀ ਪ੍ਰਤੀ ਬੇਨਤੀ ਨੂੰ ਮੁੱਖ ਰੱਖਦੇ ਹੋਏ 21 ਤੋਂ 27 ਅਗਸਤ 2023 ਤੱਕ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਸਰਕਾਰ ਮੰਜੀ ਬਹਾਦੁਰ ਕੇ ਬਲਾਕ ਗੁਰੂ ਹਰਸਹਾਏ-2, ਸਰਕਾਰੀ ਪ੍ਰਾਇਮਰੀ ਸਕੂਲ ਆਤੂਵਾਲਾ ਹਿਠਾੜ ਬਲਾਕ ਗੁਰੂ ਹਰਸਹਾਏ-2, ਸਰਕਾਰੀ ਹਾਈ ਸਕੂਲ ਪੱਲਾ ਮੇਘਾ, ਸਰਕਾਰੀ ਪ੍ਰਾਇਮਰੀ ਸਕੂਲ ਪੱਲਾ ਮੇਘਾ ਬਲਾਕ ਫਿਰੋਜ਼ਪੁਰ-2, ਸਰਕਾਰੀ ਮਿਡਲ ਸਕੂਲ ਕਾਮਲ ਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਕਾਮਲ ਵਾਲਾ ਬਲਾਕ ਫਿਰੋਜ਼ਪੁਰ-2 ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੌ ਬਹਿਰਾਮ ਸ਼ੇਰ ਸਿੰਘ ਵਾਲਾ ਵਿਖੇ ਛੁੱਟੀ ਦਾ ਐਲਾਨ ਕੀਤਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਪ੍ਰਤੀ ਬੇਨਤੀ ਅਨੁਸਾਰ ਉਕਤ ਸਕੂਲਾਂ ਵਿੱਚ ਅਤੇ ਸਕੂਲ ਪਹੁੰਚਣ ਦੇ ਰਸਤੇ ਵਿੱਚ ਪਾਣੀ ਭਰ ਗਿਆ ਹੈ, ਜਿਸ ਕਾਰਨ ਸਕੂਲ ਪਹੁੰਚਣ ਦਾ ਕੋਈ ਰਸਤਾ ਨਹੀਂ ਹੈ।ਇਸ ਕਾਰਨ ਹਾਲ ਦੀ ਘੜੀ ਇਹ ਸਕੂਲ ਬੰਦ ਕੀਤੇ ਗਏ ਹਨ।

## ਮਾਡਰਨ ਕਾਲਜ ਦਾ ਬੀ ਐੱਡ ਦਾ ਨਤੀਜਾ ਸ਼ਾਨਦਾਰ

**ਭੀਖੀ (ਧਰਮਵੀਰ ਸ਼ਰਮਾ)**-ਮਾਡਰਨ ਕਾਲਜ ਆਫ਼ ਐਜੂਕੇਸ਼ਨ (ਫ਼ਾਰ ਗਰਲਜ਼) ਭੀਖੀ ਦੀਆਂ ਵਿਦਿਆਰਥਣਾਂ ਵੱਲੋਂ ਦਿੱਤੀ ਗਈ ਬੀ ਐੱਡ ਸੈਸ਼ਨ (2022-23) ਦੀ ਪ੍ਰੀਖਿਆ ਦੇ ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਡਾ. ਜਗਜੀਤ ਸਿੰਘ ਦੀ ਅਗਵਾਈ ਹੇਠ ਕਾਲਜ ਦੀਆਂ ਵਿਦਿਆਰਥਣਾਂ ਨੇ ਬੀ.ਐੱਡ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਵਿੱਚੋਂ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਕਾਲਜ ਤੇ ਆਪਣੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਨੇ ਦੱਸਿਆ ਕਿ ਮਨਪ੍ਰੀਤ ਕੌਰ ਨੇ 81 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਦੀਪ ਕੌਰ ਨੇ 80.2 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ ਤੇ ਰਣਜੀਤ ਕੌਰ ਨੇ 79.8 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਨ 'ਤੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਦਾ ਸਿਹਰਾ ਕਾਲਜ ਦੇ ਸਟਾਫ਼ ਤੇ ਵਿਦਿਆਰਥਣਾਂ ਦੀ ਮਿਹਨਤ ਦੇ ਸਿਰ ਜਾਂਦਾ ਹੈ। ਇਸ ਮੌਕੇ ਪ੍ਰੋ. ਅਮਨਦੀਪ ਕੌਰ, ਪ੍ਰੋ. ਹਰਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਕਾਂਤਾ ਰਾਣੀ, ਪ੍ਰੋ. ਅਰਸ਼ਦੀਪ ਕੌਰ ਆਦਿ ਹਾਜ਼ਰ ਸਨ।

## ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ ਜਲੰਧਰ ਸਰਕਲ ਦੀ ਕਨਵੈਨਸ਼ਨ

**ਜਲੰਧਰ (ਪੱਤਰ ਪ੍ਰੇਰਕ)**-ਪੰਜਾਬ ਰਾਜ ਪਾਵਰ/ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮ: ਦੀ ਪੈਨਸ਼ਨਰ ਐਸੋਸੀਏਸ਼ਨ ਜਲੰਧਰ ਸਰਕਲ ਦੀ ਕਨਵੈਨਸ਼ਨ ਸੂਬਾ ਕਮੇਟੀ ਦੇ ਸੱਦੇ 'ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਰਕਲ ਪ੍ਰਧਾਨ ਤੇ ਸੂਬਾ ਮੀਤ ਪ੍ਰਧਾਨ ਸ੍ਰੀ ਸ਼ਿਰੀ ਰਾਮ ਜੱਗੀ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਸ਼ਮਿੰਦਰ ਪਾਲ ਸਿੰਘ ਮੌਲੋਵਾਲੀ ਸੂਬਾ ਸੀਨੀਅਰ ਮੀਤ ਪ੍ਰਧਾਨ ਮੌਕੇ 'ਤੇ ਪਹੁੰਚੇ ਕਨਵੈਨਸ਼ਨ ਵਿੱਚ ਜਲੰਧਰ ਸਰਕਲ ਦੀਆਂ ਵੱਖ-ਵੱਖ ਡਵੀਜ਼ਨਾਂ ਤੋਂ ਭਾਰੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ। ਪੈਨਸ਼ਨਰਾਂ ਨੂੰ ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਜਥੇਬੰਦੀ ਨੂੰ ਮੀਟਿੰਗਾਂ ਦੇ ਕੇ ਮੰਗਾਂ ਮੰਨਣ ਦਾ ਭਰੋਸਾ ਦਿੰਦੀ ਹੈ, ਪਰ ਮੰਗਾਂ ਲਾਗੂ ਨਹੀਂ ਕਰ ਰਹੀ, ਜਿਸ ਕਰਕੇ ਪੈਨਸ਼ਨਰਾਂ ਵਿੱਚ ਮੈਨੇਜਮੈਂਟ/ਸਰਕਾਰ ਪ੍ਰਤੀ ਬਹੁਤ ਗੁੱਸਾ ਪਾਇਆ ਜਾ ਰਿਹਾ ਹੈ। ਬੁਲਾਰਿਆਂ ਨੇ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ ਕਿ ਬਿਜਲੀ ਯੂਨਿਟਾਂ ਦੀ ਪੱਕੇ ਤੌਰ 'ਤੇ ਰਿਆਇਤ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ, ਮੈਡੀਕਲ ਕੈਸ਼ਲੈੱਸ ਸਕੀਮ, ਫਿਕਸਡ ਮੈਡੀਕਲ ਭੱਤਾ ਘੱਟੋ-ਘੱਟ 2000/- ਰੁਪਏ, 23 ਸਾਲਾ ਪ੍ਰੋਮੋਸ਼ਨ ਇੰਕਰੀਮੈਂਟ ਬਿਨਾਂ ਸ਼ਰਤ ਦਿੱਤੀ ਜਾਵੇ, ਡਿਸਮਿਸ ਕੀਤੇ ਮੁਲਾਜ਼ਮਾਂ ਨੂੰ ਬਹਾਲ ਕਰਕੇ ਤੇ ਉਨ੍ਹਾਂ ਦੇ ਬਣਦੇ ਲਾਭ ਦਿੱਤੇ ਜਾਣ, 25 ਸਾਲ ਸੇਵਾ ਪੂਰੀ ਕਰਨ ਵਾਲੇ ਪੈਨਸ਼ਨਰਾਂ ਨੂੰ ਪੂਰੀ ਪੈਨਸ਼ਨ ਦਿੱਤੀ ਜਾਵੇ, 200 ਰੁਪਏ ਡਿਵੈਲਪਮੈਂਟ ਚਾਰਜ ਕੱਟਣਾ ਬੰਦ ਕੀਤਾ ਜਾਵੇ ਤੇ ਬਾਕੀ ਜੋ ਹੋਰ ਮੰਗਾਂ ਹਨ ਨੂੰ ਵੀ ਲਾਗੂ ਕੀਤਾ ਜਾਵੇ। ਜੇਕਰ ਮੈਨੇਜਮੈਂਟ/ਪੰਜਾਬ ਸਰਕਾਰ ਮੰਗਾਂ ਨਹੀਂ ਮੰਨਦੀ ਤਾਂ ਜਥੇਬੰਦੀ ਵੱਲੋਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਕਨਵੈਨਸ਼ਨ ਵਿੱਚ ਭਾਰੀ ਇਕੱਠ ਨੂੰ ਸ੍ਰੀ ਪਰੇਮ ਲਾਲ, ਮਹਿੰਦਰ ਸਿੰਘ, ਵਿਜੈ ਕੁਮਾਰ, ਸ੍ਰੀਮਤੀ ਸੁਮਨਲਤਾ, ਜੋਗਿੰਦਰਪਾਲ, ਸੁਰਿੰਦਰ ਸਿੰਘ, ਅਵਤਾਰ ਸਿੰਘ, ਪਰੇਮ ਦਾਸ, ਬਲਵਿੰਦਰ ਕੁਮਾਰ, ਬਾਲ ਕਿਸ਼ਨ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਸ਼ਮਿੰਦਰ ਪਾਲ ਸਿੰਘ ਨੇ ਸੰਬੋਧਨ ਕੀਤਾ। ਅੰਤ ਵਿੱਚ ਸਰਕਲ ਪ੍ਰਧਾਨ ਤੇ ਸੂਬਾ ਮੀਤ ਪ੍ਰਧਾਨ ਸ੍ਰੀ ਸਿਰੀ ਰਾਮ ਜੱਗੀ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਨ ਉਪਰੰਤ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਸਰਕਾਰੀ ਕਾਲਜ ਬੁਰਜ ਹਰੀ ਸਿੰਘ ਵਿਖੇ 'ਤੀਜ ਮੇਲਾ' ਕਰਵਾਇਆ



**ਹਠੂਰ (ਨਛੱਤਰ ਸੰਧੂ)**-ਸਥਾਨਕ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਕਾਲਜ ਦੇ ਪ੍ਰਿੰਸੀਪਲ ਡਾਕਟਰ ਪ੍ਰਦੀਪ ਸਿੰਘ ਵਾਲੀਆ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪਹਿਲਾ ਸੱਭਿਆਚਾਰਕ ਪ੍ਰੋਗਰਾਮ 'ਤੀਜ ਮੇਲਾ' ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਵੱਖੋ-ਵੱਖ ਵੰਨਗੀਆਂ ਹੇਠ ਪੇਸ਼ਕਾਰੀਆਂ ਕੀਤੀਆਂ ਗਈਆਂ। ਕੁਝ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਗੀਤਾਂ ਉਪਰ ਕੋਰੀਓਗ੍ਰਾਫੀ ਕੀਤੀ ਗਈ। ਮੁੰਡਿਆਂ ਵੱਲੋਂ ਵੀ ਸਮਾਗਮ ਵਿੱਚ ਭੰਗੜੇ ਦੀ ਪੇਸ਼ਕਾਰੀ ਬਾਖੂਬੀ ਕੀਤੀ ਗਈ। ਤੀਆਂ ਦੇ ਦ੍ਰਿਸ਼ ਨੂੰ ਬਿਆਨ ਕਰਦਾ ਗਿੱਧਾ ਦੇਖਿਆਂ ਹੀ ਬਣਦਾ ਸੀ, ਵਿਦਿਆਰਥਣਾਂ ਨੇ ਆਪਣਾ ਸਾਰਾ ਜ਼ੋਰ ਹੀ ਇਸ ਪੇਸ਼ਕਾਰੀ ਉੱਪਰ ਲਾ ਦਿੱਤਾ। ਮਿਸ ਤੀਜ ਦਾ ਖਿਤਾਬ, ਜਿਸ ਵਿਦਿਆਰਥਣ ਨੂੰ ਦਿੱਤਾ ਗਿਆ, ਉਸ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਧਿਆਨ ਵਿੱਚ ਰੱਖਦਿਆਂ ਦਿੱਤਾ ਗਿਆ। ਗੁਰਪ੍ਰੀਤ ਕੌਰ ਗੀਤ ਬੀ ਏ ਭਾਗ ਤੀਜਾ ਇਸ ਖਿਤਾਬ ਦੀ ਦਾਅਵੇਦਾਰ ਬਣੀ। ਮਹਿੰਦੀ ਦੇ ਮੁਕਾਬਲੇ ਵਿੱਚ ਦੀਪਿਕਾ ਵਰਮਾ ਬੀ ਏ ਭਾਗ ਤੀਜਾ ਨੇ ਜੇਤੂ ਰਹੀ। ਬੀ ਕਾਮ ਦੂਜਾ ਤੇ ਬੀ ਕਾਮ ਭਾਗ ਪਹਿਲਾ ਦੀਆਂ ਵਿਦਿਆਰਥਣ ਕ੍ਰਮਵਾਰ ਦੂਜੇ ਤੇ ਤੀਜਾ ਸਥਾਨ 'ਤੇ ਰਹੀਆਂ। ਖੂਬਸੂਰਤ ਹਾਸਾ ਮਨਦੀਪ ਕੌਰ ਬੀ ਏ ਭਾਗ ਦੂਜਾ ਦੀ ਵਿਦਿਆਰਥਣ ਦਾ ਰਿਹਾ। ਬੈਸਟ ਡਾਂਸਰ ਬੀ ਏ ਭਾਗ ਤੀਜਾ ਦਾ ਸੁਖਪ੍ਰੀਤ ਸਿੰਘ ਚੁਣਿਆ ਗਿਆ। ਪ੍ਰਿੰਸੀਪਲ ਨੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਉਂਦੇ ਹਨ। ਲੜਕੀਆਂ ਨੂੰ ਖਾਸ ਤੌਰ 'ਤੇ ਵਧਾਈ ਦਿੰਦਿਆਂ ਉਨ੍ਹਾ ਕਿਹਾ ਕਿ ਸਮਾਜ ਨੂੰ ਅੱਗੇ ਲਿਆਉਣ 'ਚ ਇਹ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ। ਸਮਾਜ ਤਾਂ ਹੀ ਬਿਹਤਰ ਬਣ ਸਕਦਾ ਹੈ, ਜੇਕਰ ਲੜਕੀਆਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ। ਪ੍ਰੋ. ਪੂਜਾ ਕਪੂਰ ਨੇ ਇਸ ਸਾਰੇ ਮੇਲੇ ਦੀ ਤਿਆਰੀ ਬੜੇ ਹੀ ਬਿਹਤਰ ਢੰਗ ਨਾਲ ਕੀਤੀ। ਪ੍ਰੋ. ਹਰਵਿੰਦਰ ਸਿੰਘ ਜੋਸ਼ੀ, ਪ੍ਰੋ. ਖੁਸ਼ਪ੍ਰੀਤ ਕੌਰ, ਪ੍ਰੋ. ਅਮਨਦੀਪ ਕੌਰ, ਮੈਡਮ ਵਿਨੋਦ ਬਾਲਾ, ਮੈਡਮ ਰਾਜਵਿੰਦਰ ਕੌਰ, ਮੈਡਮ ਪੂਨਮ ਛਾਬੜਾ, ਮੈਡਮ ਰਾਜਿੰਦਰ ਕੌਰ, ਗੁਰਪ੍ਰੀਤ ਸਿੰਘ, ਰੋਹਿਤ ਕੁਮਾਰ, ਕਾਲਜ ਦਰਜਾ ਤਿੰਨ ਤੇ ਦਰਜਾ ਚਾਰ ਕਰਮਚਾਰੀਆਂ ਤੋਂ ਇਲਾਵਾ ਕਾਲਜ ਦੀ ਸਟੂਡੈਂਟ ਕੌਂਸਲ ਤੇ ਸਮੁੱਚੇ ਵਿਦਿਆਰਥੀ ਹਾਜ਼ਰ ਸਨ।

## ਤੀਆਂ ਮੌਕੇ ਪੰਜਾਬੀ ਸੱਭਿਆਚਾਰ 'ਚ ਰੰਗਿਆ ਟੈਗੋਰ ਗਲੋਬਲ ਸਕੂਲ



ਤੀਆਂ ਮੌਕੇ ਰੰਗ-ਬਰੰਗੇ ਪਹਿਰਾਵੇ ਵਿੱਚ ਸਜੀਆਂ ਮੁਟਿਆਰਾਂ।

**ਸਮਰਾਲਾ (ਸੁਰਜੀਤ ਸਿੰਘ)**-ਟੈਗੋਰ ਗਲੋਬਲ ਸਕੂਲ ਸੀ. ਸੈ. ਸਮਰਾਲਾ ਵਿਖੇ ਸਾਵਣ ਮਹੀਨੇ ਦੀਆਂ ਤੀਆਂ ਦਾ ਮੁੱਖ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਡਾਇਰੈਕਟਰ ਬਾਲ ਕ੍ਰਿਸ਼ਨ ਅਨੇਜਾ ਤੇ ਸਵਾਤੀ ਅਨੇਜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਨਾਲ ਹੀ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਪੂਰੇ ਉਤਸ਼ਾਹ ਨਾਲ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਦੇ ਵਿਦਿਆਰਥੀ ਪੰਜਾਬੀ ਸੱਭਿਆਚਾਰਕ ਪਹਿਰਾਵੇ ਘੱਗਰੇ, ਲਹਿੰਗੇ, ਪੰਜਾਬੀ ਸੂਟਾਂ, ਕੁੜਤੇ-ਚਾਦਰੇ ਵਿੱਚ ਨਜ਼ਰ ਆਏ। ਸਮਾਗਮ ਦੀ ਸ਼ੁਰੂਆਤ ਮਹਿਮਾਨਾਂ ਦੇ ਸਵਾਗਤੀ ਭਾਸ਼ਣ ਨਾਲ ਕੀਤੀ ਗਈ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਤੇ ਵਿਦਿਆਰਥੀਆਂ ਦੇ ਮਾਪਿਆਂ ਰੈਪ-ਵਾਕ (ਮਾਡਲਿੰਗ) ਕੀਤੀ ਤੇ ਉਪਰੰਤ ਵਿਦਿਆਰਥੀਆਂ ਨੇ ਗਿੱਧਾ, ਭੰਗੜਾ, ਮਾਡਲਿੰਗ ਤੇ ਡਾਂਸ ਆਦਿ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੇ ਵਿਸ਼ੇਸ਼ ਤੌਰ ਗਿੱਧਾ ਭੰਗੜਾ ਪਾ ਕੇ ਆਪਣੀ ਹਾਜ਼ਰੀ ਲਗਵਾਈ। ਸਮਾਗਮ ਦੌਰਾਨ ਡਾਇਰੈਕਟਰ ਸ੍ਰੀਮਤੀ ਸਵਾਤੀ ਅਨੇਜਾ ਨੇ ਤੀਆਂ ਦੇ ਤਿਉਹਾਰ ਸੰਬੰਧੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਕਰਵਾਉਣ ਨਾਲ ਬੱਚਿਆਂ ਦੀ ਸਾਂਝ ਆਪਣੇ ਸੱਭਿਆਚਾਰ ਤੇ ਭਾਈਚਾਰੇ ਨਾਲ ਜੁੜੀ ਰਹਿੰਦੀ ਹੈ ਅਤੇ ਸਾਉਣ ਮਹੀਨੇ ਤੀਆਂ ਲਾਉਣ ਦਾ ਸਾਡਾ ਮਕਸਦ ਇਹ ਹੈ ਕਿ ਸਾਡੇ ਵਿਦਿਆਰਥੀ ਪੰਜਾਬ ਦੇ ਅਮੀਰ ਵਿਰਸੇ ਤੋਂ ਜਾਣੂ ਹੋ ਸਕਣ ਤੇ ਇਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਕੇ ਰੱਖਣ। ਆਪਣੇ ਧੰਨਵਾਦੀ ਭਾਸ਼ਣ ਵਿੱਚ ਪ੍ਰਿੰਸੀਪਲ ਮਨੋਜ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੀਆਂ ਬੱਚੀਆਂ ਨੂੰ ਵਿੱਦਿਅਕ ਤੇ ਸੁਰੱਖਿਆ ਪੱਖੋਂ ਉਚੇਚੇ ਤੌਰ 'ਤੇ ਆਧੁਨਿਕ ਸਮਾਜਕ ਢਾਂਚੇ ਅਨੁਸਾਰ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਜੀਵਨ ਦਾ ਹਰ ਦਿਨ ਤੀਆਂ ਵਾਂਗ ਬਤੀਤ ਕਰ ਸਕਣ ਅਤੇ ਉਨ੍ਹਾਂ ਵਿਸ਼ੇਸ਼ ਤੌਰ 'ਤੇ ਪੁੱਜੇ ਡਾਇਰੈਕਟਰ ਸਾਹਿਬਾਨ ਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਦਿਨ ਆਪ ਜੀ ਦੀ ਹਾਜ਼ਰੀ ਤੇ ਸਹਿਯੋਗ ਨਾਲ ਸੋਭਦੇ ਹੀ ਹਨ।

## 6 ਨੂੰ ਕੀਤੇ ਜਾਣਗੇ ਜ਼ਿਲ੍ਹਾ ਪੱਧਰੀ ਮੁਜ਼ਾਹਰੇ : ਬੀ ਕੇ ਯੂ ਉਗਰਾਹਾਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਦੀ ਮੀਟਿੰਗ ਲੇਲੇਵਾਲਾ ਗੈਸ ਪਾਈਪ ਲਾਈਨ ਮੋਰਚੇ 'ਤੇ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹਾ ਆਗੂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਹੋਈ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਘਰ-ਘਰ ਸੱਥਰ ਵਿਛਾ ਰਹੇ ਚਿੱਟੇ ਵਰਗੇ ਸਿੰਥੈਟਿਕ ਨਸ਼ਿਆਂ ਦੇ ਕੋਹੜ ਲਈ ਜ਼ਿੰਮੇਵਾਰ ਤਾਕਤਾਂ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ ਤੇ 6 ਸਤੰਬਰ ਨੂੰ ਪੰਜਾਬ ਤੇ ਕੇਂਦਰ ਦੀਆਂ ਸਰਕਾਰਾਂ, ਨਸ਼ਿਆਂ ਦੇ ਸੌਦਾਗਰਾਂ ਅਤੇ ਕਾਰਪੋਰੇਟ ਘਰਾਣਿਆਂ ਵਿਰੁੱਧ ਜ਼ਿਲ੍ਹਾ ਪੱਧਰੀ ਮੁਜ਼ਾਹਰੇ ਕੀਤੇ ਜਾਣਗੇ। ਨਸ਼ਿਆਂ ਦੇ ਇਸ ਕੋਹੜ ਦੀਆਂ ਜ਼ਿੰਮੇਵਾਰ ਤਾਕਤਾਂ ਵਿੱਚ ਕਾਰਪੋਰੇਟ ਉਤਪਾਦਕ ਕੰਪਨੀਆਂ, ਥੋਕ ਨਸ਼ਾ-ਵਪਾਰੀ ਅਤੇ ਉਨ੍ਹਾਂ ਉੱਤੇ ਸੁਰੱਖਿਆ ਛਤਰੀ ਤਾਨਣ ਵਾਲੇ ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਸਿਆਸੀ ਆਗੂ ਹਨ ਅਤੇ ਨਸ਼ੇ ਵਰਤਣ ਵਰਤਾਉਣ ਵਾਲੇ ਨੌਜਵਾਨਾਂ ਤੇ ਆਮ ਲੋਕਾਂ ਨੂੰ ਇਨ੍ਹਾਂ ਤਾਕਤਾਂ ਦੇ ਜਾਲ ਵਿੱਚ ਫਸੇ ਹੋਏ ਪੀੜਤ ਰੋਗੀ ਹਨ। ਬਲਾਕ ਆਗੂ ਕਾਲਾ ਸਿੰਘ ਚੱਠੇ ਵਾਲਾ ਨੇ ਕਿਹਾ ਕਿ ਤਿਆਰੀ ਲਈ ਜਾਗ੍ਰਿਤੀ ਮੁਹਿੰਮ ਚਲਾਈ ਜਾਵੇਗੀ। ਮੀਟਿੰਗ ਵਿੱਚ ਪਿੰਡ ਪੱਧਰੀ ਮੀਟਿੰਗਾਂ ਕਰਕੇ ਪਿੰਡਾਂ ਵਿੱਚ ਜਾਗ੍ਰਿਤੀ ਮੁਹਿੰਮ ਚਲਾਉਣ ਦੀ ਵਿਉਂਤਬੰਦੀ ਕੀਤੀ ਗਈ, ਜਿਸ ਦੌਰਾਨ ਮੀਟਿੰਗਾਂ, ਰੈਲੀਆਂ, ਨੁੱਕੜ ਨਾਟਕ ਤੇ ਝੰਡਾ ਮਾਰਚ ਕੀਤੇ ਜਾਣਗੇ। ਮੀਟਿੰਗ ਵਿੱਚ ਬਲਾਕ ਆਗੂ ਕਲੱਤਰ ਸਿੰਘ ਕਲਾਲਵਾਲਾ, ਰਣਜੋਧ ਸਿੰਘ ਮਾਹੀ ਨੰਗਲ ਤੋਂ ਇਲਾਵਾ ਪਿੰਡ ਇਕਾਈਆਂ ਦੇ ਆਗੂ ਸ਼ਾਮਲ ਹੋਏ।

## ਮਨਪ੍ਰੀਤ ਕੌਰ ਹਮੀਦੀ ਨੂੰ ਹਜ਼ਾਰਾਂ ਨਮ ਅੱਖਾਂ ਨੇ ਦਿੱਤੀ ਅੰਤਮ ਵਿਦਾਈ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਜ਼ਿਲ੍ਹਾ ਬਰਨਾਲਾ ਦੇ ਪਿੰਡ ਹਮੀਦੀ ਦੇ ਕਿਸਾਨ ਮਜ਼ਦੂਰ ਹਿਤੈਸ਼ੀ ਲੋਕ ਆਗੂ ਕੇਵਲ ਸਿੰਘ ਲਹੌਰ ਦੀ ਨੌਜਵਾਨ ਧੀ ਮਨਪ੍ਰੀਤ ਕੌਰ, ਜਿਸ ਦੀ 9 ਅਗਸਤ ਨੂੰ ਮਿਸੀਸਾਗਾ (ਕਨੇਡਾ) ਵਿੱਚ ਇਲਾਜ ਦੌਰਾਨ ਬੇਵਕਤੀ ਮੌਤ ਹੋ ਗਈ ਸੀ, ਦਾ ਹਜ਼ਾਰਾਂ ਨਮ ਅੱਖਾਂ ਨੇ ਹਮੀਦੀ ਦੇ ਸ਼ਮਸ਼ਾਨ ਵਿੱਚ ਅੰਤਮ ਸੰਸਕਾਰ ਕਰ ਦਿੱਤਾ। ਯਾਦ ਰਹੇ ਕਿ ਪਿੰਡ ਸਹੌਰ (ਹਮੀਦੀ) ਦੇ ਕਿਸਾਨ ਆਗੂ ਕੇਵਲ ਸਿੰਘ ਦੀ ਬੇਟੀ ਕੈਨੇਡਾ ਦੇ ਸੂਬੇ ਟਰਾਂਟੋ ਮਿਸੀਸਾਗਾ ਸ਼ਹਿਰ ਵਿੱਚ ਪੜ੍ਹਾਈ ਕਰਨ ਲਈ ਇੱਕ ਸਾਲ ਪਹਿਲਾਂ ਗਈ ਸੀ। ਬੱਚੀ ਮਨਪ੍ਰੀਤ ਕੌਰ ਦੀ 9 ਅਗਸਤ ਨੂੰ ਸਵੇਰੇ ਮਨਹੂਸ ਖ਼ਬਰ ਮਿਲੀ ਕਿ ਮਨਪ੍ਰੀਤ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ ਹੈ। ਮਨਪ੍ਰੀਤ ਕੌਰ ਦੇ ਪਿਤਾ ਕੇਵਲ ਸਿੰਘ, ਵੱਡੀ ਭੈਣ ਸੁਮਨਪ੍ਰੀਤ, ਮਾਤਾ ਜਸਵਿੰਦਰ ਕੌਰ ਨੂੰ ਇਸ ਖ਼ਬਰ ਨੇ ਪਹਾੜ ਜਿੱਡੇ ਦੁੱਖ ਵਿੱਚ ਸੁੱਟ ਦਿੱਤਾ। 11 ਦਿਨਾਂ ਬਾਅਦ ਬਕਸੇ ਵਿੱਚ ਲਪੇਟੀ ਮਨਪ੍ਰੀਤ ਕੌਰ ਦੀ ਮ੍ਰਿਤਕ ਦੇਹ ਜਦ ਹਮੀਦੀ ਪੁੱਜੀ ਤਾਂ ਮਾਪਿਆਂ ਸਮੇਤ ਹਰ ਅੱਖ ਨਮ ਸੀ। ਹਰ ਸ਼ਖ਼ਸ ਗੰਭੀਰ ਮੁਦਰਾ ਵਿੱਚ ਸੋਚਣ ਲਈ ਮਜਬੂਰ ਸੀ ਕਿ ਆਖਰ ਮਨਪ੍ਰੀਤ ਕੌਰ ਵਰਗੀਆਂ ਨੌਜਵਾਨ ਧੀਆਂ ਦੀਆਂ ਅਸਧਾਰਨ ਹਾਲਤਾਂ ਵਿੱਚ ਮੌਤਾਂ ਕਿਉਂ ਹੋ ਰਹੀਆਂ ਹਨ। ਹਮੀਦੀ ਦੇ ਸ਼ਮਸ਼ਾਨਘਾਟ ਵਿੱਚ ਹਜ਼ਾਰਾਂ ਨਮ ਅੱਖਾਂ ਨੇ ਭਰੇ ਮਨ ਨਾਲ ਮਨਪ੍ਰੀਤ ਕੌਰ ਨੂੰ ਅਲਵਿਦਾ ਆਖੀ। ਇਸ ਸਮੇਂ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਕਿਸਾਨ ਆਗੂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਮਲਕੀਤ ਸਿੰਘ ਮਹਿਲਕਲਾਂ, ਅਮਰਜੀਤ ਸਿੰਘ ਮਹਿਲ ਖੁਰਦ, ਜਸਪਾਲ ਸਿੰਘ ਕਲਾਲਮਾਜਰਾ, ਕਰਨੈਲ ਸਿੰਘ ਗਾਂਧੀ, ਨਛੱਤਰ ਸਿੰਘ ਸਹੌਰ, ਅਮਰਜੀਤ ਸਿੰਘ ਠੁੱਲੀਵਾਲ, ਗੋਪਾਲ ਕ੍ਰਿਸ਼ਨ ਹਮੀਦੀ, ਜਗਰਾਜ ਸਿੰਘ ਹਮੀਦੀ, ਪਿਸ਼ੌਰਾ ਸਿੰਘ ਹਮੀਦੀ, ਨਾਥ ਸਿੰਘ ਹਮੀਦੀ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੇ ਕੋਲੋਂ ਪਰਵਾਰ ਦੀ ਆਰਥਿਕ ਮੱਦਦ ਦੀ ਮੰਗ ਕੀਤੀ।

## ਆਂਗਣਵਾੜੀ ਸੈਂਟਰ ਮਾਂਗੇਵਾਲ 'ਚ ਪੋਸ਼ਣ ਪੰਚਾਇਤ ਦਿਵਸ ਮਨਾਇਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**

ਬਰਨਾਲਾ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੋਸ਼ਣ ਪੰਚਾਇਤ ਦਿਵਸ ਪਿੰਡ ਮਾਂਗੇਵਾਲ ਵਿਖੇ ਮਨਾਇਆ ਗਿਆ।

ਇਸ ਮੌਕੇ ਸਰਪੰਚ ਦੀਸ਼ਾ ਬੇਗਮ, ਆਂਗਣਵਾੜੀ ਵਰਕਰ ਪ੍ਰਭਜੀਤ ਕੌਰ, ਕਮਲਜੀਤ ਕੌਰ, ਏ ਐਨ ਐਮ ਜਸਵੀਰ ਕੌਰ, ਸਮਾਜ ਸੇਵੀ ਮੁਹੰਮਦ ਅਸਲਮ, ਪੰਚਾਇਤ ਦਲਜੀਤ ਸਿੰਘ, ਕਲੱਬ ਆਗੂ ਅਮਨਦੀਪ ਸਿੰਘ ਹੈਪੀ, ਹੈੱਡ ਮਾਸਟਰ ਭੁਪਿੰਦਰ ਸਿੰਘ ਮਾਂਗੇਵਾਲ, ਗੁਰਮੀਤ ਸਿੰਘ, ਸਤਿੰਦਰਪਾਲ ਸਿੰਘ ਸਿੰਦਰੀ, ਆਸ਼ਾ ਵਰਕਰ ਜੰਗੀਰ ਕੌਰ, ਮਲਕੀਤ ਸਿੰਘ ਤੇ ਅਮਰਜੀਤ ਕੌਰ ਹਾਜ਼ਰ ਸਨ।

## ...ਸ.ਫਾ 1 ਦੇ ਬਾਕੀ

### ਮੱਧ ਪ੍ਰਦੇਸ਼ ਨੂੰ ਭਾਜਪਾ ਦੇ...

ਅਰਵਿੰਦ ਕੇਜਰੀਵਾਲ ਨੇ ਦਿੱਲੀ ਵਾਸੀਆਂ ਨੂੰ 24 ਘੰਟੇ ਮੁਫਤ ਬਿਜਲੀ ਦਿੱਤੀ। ਪੰਜਾਬ ਵਿੱਚ ਵੀ 1 ਜੁਲਾਈ 2022 ਤੋਂ ਲੋਕਾਂ ਨੂੰ ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ ਮਿਲ ਰਹੀ ਹੈ। ਮੁਫਤ ਬਿਜਲੀ ਕਾਰਨ ਹੁਣ ਆਮ ਲੋਕਾਂ ਨੂੰ ਹਰ ਮਹੀਨੇ ਦੋ ਤੋਂ ਤਿੰਨ ਹਜ਼ਾਰ ਰੁਪਏ ਦੀ ਬੱਚਤ ਹੋ ਰਹੀ ਹੈ। ਮਾਨ ਨੇ ਕਿਹਾ ਕਿ ਉਹਨਾ 350 ਤੋਂ ਵੱਧ ਭ੍ਰਿਸ਼ਟ ਆਗੂਆਂ, ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁੱਧ ਕਾਰਵਾਈ ਕੀਤੀ ਹੈ। ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜੁਮਲੇਬਾਜ਼ ਅਤੇ ਅਨਪੜ੍ਹ ਕਰਾਰ ਦਿੰਦਿਆਂ ਕਿਹਾ, 'ਠੰਢਾ ਦਾ ਮਤਲਬ ਕੋਕਾ ਕੋਲਾ, ਅਨਪੜ੍ਹ ਦਾ ਮਤਲਬ ਨਰਿੰਦਰ ਮੋਦੀ।' ਉਨ੍ਹਾ ਕਿਹਾ ਕਿ ਮੋਦੀ ਨੇ ਦੇਸ਼ ਦੀ ਜਨਤਾ ਨਾਲ ਸਿਰਫ ਜੁਮਲੇਬਾਜ਼ੀ ਕੀਤੀ ਹੈ। ਉਹ ਬਚਪਨ ਵਿੱਚ ਚਾਹ ਵੇਚਣ ਦੀ ਗੱਲ ਕਰਦੇ ਸਨ, ਪਰ ਮੈਨੂੰ ਇਹ ਵੀ ਸ਼ੱਕ ਹੈ ਕਿ ਉਹ ਚਾਹ ਬਣਾਉਣਾ ਵੀ ਨਹੀਂ ਜਾਣਦੇ ਹੋਣਗੇ। ਕੇਜਰੀਵਾਲ ਨੇ ਕਿਹਾ ਕਿ ਪਿਛਲੇ 75 ਸਾਲਾਂ 'ਚ ਦੇਸ਼ 'ਚ ਇਕ ਵੀ ਪਾਰਟੀ ਅਜਿਹੀ ਨਹੀਂ ਹੋਈ, ਜਿਸ ਨੇ ਚੰਗੇ ਸਕੂਲ ਅਤੇ ਹਸਪਤਾਲ ਬਣਾਉਣ ਦੇ ਨਾਂਅ 'ਤੇ ਵੋਟਾਂ ਮੰਗੀਆਂ ਹੋਣ। ਕੇਜਰੀਵਾਲ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ 'ਤੇ ਹਮਲਾ ਬੋਲਦਿਆਂ ਕਿਹਾ ਕਿ ਮਾਮਾ ਨੇ ਮੱਧ ਪ੍ਰਦੇਸ਼ ਦੇ ਨੌਜਵਾਨਾਂ ਨਾਲ ਧੋਖਾ ਕੀਤਾ ਹੈ। ਹੁਣ ਤੁਹਾਡਾ ਚਾਚਾ (ਅਰਵਿੰਦ ਕੇਜਰੀਵਾਲ) ਮਾਮੇ ਦੇ ਧੋਖੇ ਦਾ ਬਦਲਾ ਲੈਣ ਆਇਆ ਹੈ। ਹੁਣ ਮਾਮੇ 'ਤੇ ਭਰੋਸਾ ਨਾ ਕਰੋ, ਹੁਣ ਸਿਰਫ ਆਪਣੇ ਚਾਚੇ 'ਤੇ ਭਰੋਸਾ ਕਰੋ।

### ਸੀਨੀਅਰ ਖੇਤੀ ਅਧਿਕਾਰੀਆਂ..

ਸਿੰਘ ਖੁੱਡੀਆਂ ਨੇ ਚਾਰ ਸੀਨੀਅਰ ਅਧਿਕਾਰੀਆਂ ਨੂੰ 31 ਅਗਸਤ ਤੱਕ ਕਪਾਹ ਪੱਟੀ ਵਿੱਚ ਰਹਿਣ ਦੇ ਹੁਕਮ ਦਿੱਤੇ ਹਨ, ਕਿਉਂਕਿ ਅਗਲੇ 15 ਦਿਨ ਕਪਾਹ ਦੀ ਫਸਲ ਲਈ ਬਹੁਤ ਅਹਿਮ ਹਨ। ਇਹ ਅਧਿਕਾਰੀ ਨਰਮੇ ਦੀ ਫਸਲ ਦਾ ਨਿਰੀਖਣ ਕਰਨ ਲਈ ਖੇਤਾਂ ਦਾ ਦੌਰਾ ਕਰਨਗੇ ਅਤੇ ਗੁਲਾਬੀ ਸੁੰਡੀ ਦੇ ਹਮਲੇ ਦੀ ਰੋਕਥਾਮ ਲਈ ਕਿਸਾਨਾਂ ਨੂੰ ਸਲਾਹ ਦੇਣ ਦੇ ਨਾਲ-ਨਾਲ ਫੀਲਡ ਵਿੱਚ ਤਾਇਨਾਤ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਕੰਮਕਾਜ ਦੀ ਨਿਗਰਾਨੀ ਵੀ ਕਰਨਗੇ।

### ਵਿਜੈ ਮਿਸ਼ਰਾ ਨੇ ਸਾਰੀ...

ਰਹੀ ਹੈ, ਜਿਸ ਖਿਲਾਫ ਵੱਡੀ ਲੋਕ ਲਹਿਰ ਉਸਾਰਨ ਲਈ ਕਾਮਰੇਡ ਵਿਜੈ ਮਿਸ਼ਰਾ ਵਰਗੇ ਆਗੂਆਂ ਦੀ ਬਹੁਤ ਜ਼ਰੂਰਤ ਹੈ, ਪਰ ਉਨ੍ਹਾ ਦੇ ਵਿਛੋੜੇ ਨੇ ਜਮਹੂਰੀ ਲਹਿਰ ਨੂੰ ਬਹੁਤ ਵੱਡਾ ਘਾਟਾ ਪਾਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਕਿਰਤੀ ਲੋਕਾਂ ਦੀ ਵੱਡੀ ਲਹਿਰ ਉਸਾਰ ਕੇ ਸੰਘਰਸ਼ ਕਰਨ ਦੀ ਲੋੜ ਹੈ ਅਤੇ ਇਹੀ ਕਾਮਰੇਡ ਮਿਸ਼ਰਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ਼ਰਧਾਂਜਲੀ ਭੇਟ ਕਰਨ ਵਾਲੇ ਆਗੂਆਂ ਵਿੱਚ ਰਘਬੀਰ ਸਿੰਘ ਪਕੀਵਾਂ, ਨੱਥਾ ਸਿੰਘ, ਪ੍ਰੋ. ਅਮਰਜੀਤ ਸਿੰਘ ਸਿੱਧੂ, ਜਗਤਾਰ ਸਿੰਘ ਕਰਮਪੁਰਾ, ਦੇਵ ਰਾਜ ਵਰਮਾ, ਸ਼ਮਸ਼ੇਰ ਸਿੰਘ, ਤਰਸੇਮ ਜੋਧਾਂ, ਸੁਰਿੰਦਰ ਸ਼ਰਮਾ, ਜਗਦੀਸ਼ ਰਾਜ, ਜਗੀਰ ਕੌਰ, ਗੰਗਾ ਪ੍ਰਸਾਦ, ਕੁਲਵੰਤ ਸਿੰਘ ਬਾਵਾ, ਭੁਪਿੰਦਰ ਸਿੰਘ ਸੰਧੂ, ਸੁਖਦੇਵ ਕਾਲੀਆ ਆਦਿ ਸ਼ਾਮਲ ਸਨ। ਮੰਚ ਸੰਚਾਲਨ ਧਿਆਨ ਸਿੰਘ ਠਾਕੁਰ ਨੇ ਕੀਤਾ। ਕਾਮਰੇਡ ਵਿਜੈ ਮਿਸ਼ਰਾ ਦੀ ਧਰਮ ਪਤਨੀ ਭੈਣ ਜੀ ਸਨੇਹਲਤਾ ਨੇ ਆਈ ਸੰਗਤ ਦਾ ਧੰਨਵਾਦ ਕੀਤਾ।

### ਅਰਬ ਦੇਸ਼ਾਂ 'ਚ ਫਸੀਆਂ 4...

ਕੁੱਟਮਾਰ ਕੀਤੀ ਜਾਂਦੀ ਸੀ। ਲੜਕੀਆਂ ਨੇ ਕਿਹਾ ਕਿ ਆਪਣੇ ਘਰਾਂ ਵਿੱਚੋਂ ਤਾਂ ਉਹ ਆਪਣੇ ਘਰਾਂ ਦੀ ਗਰੀਬੀ ਚੁੱਕਣ ਦੇ ਸੁਪਨੇ ਦੇਖ ਕੇ ਗਈਆਂ ਸਨ, ਪਰ ਉੱਥੇ ਪਹੁੰਚਦਿਆਂ ਹੀ ਉਹਨਾਂ ਦੇ ਸੁਪਨੇ ਚਕਨਾਚੂਰ ਹੋ ਗਏ, ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਟਰੈਵਲ ਏਜੰਟਾਂ ਨੇ ਉਹਨਾਂ ਨੂੰ ਉਧਰ ਵੇਚ ਦਿੱਤਾ ਹੈ। ਲੜਕੀਆਂ ਨੇ ਦੱਸਿਆ ਕਿ ਜਿੱਥੇ ਉਹਨਾਂ ਦੀ ਕੁੱਟਮਾਰ ਕੀਤੀ ਜਾਂਦੀ ਸੀ, ਉੱਥੇ ਉਹਨਾਂ ਨੂੰ ਗਲਤ ਧੰਦਿਆਂ ਵੱਲ ਤੋਰਨ ਲਈ ਵੀ ਮਜਬੂਰ ਕੀਤਾ ਜਾਂਦਾ ਸੀ।

ਮਸਕਟ ਤੋਂ ਵਾਪਸ ਆਈ ਲੜਕੀ ਨੇ ਆਪਣੇ ਦੁੱਖ ਦੱਸਦਿਆਂ ਕਿਹਾ ਕਿ ਉਸ ਨੂੰ ਵੀ ਉੱਥੋਂ ਦੇ ਟਰੈਵਲ ਏਜੰਟ ਵੱਲੋਂ ਉੱਥੇ ਫਸਾ ਦਿੱਤਾ ਗਿਆ ਸੀ। ਜਿੱਥੇ ਪਹੁੰਚਦਿਆਂ ਹੀ ਉਸ ਦੀ ਤਬੀਅਤ ਖਰਾਬ ਹੋ ਗਈ, ਪਰ ਫਿਰ ਵੀ ਏਜੰਟ ਵੱਲੋਂ ਉਸ ਕੋਲੋਂ ਘਰਾਂ ਵਿੱਚ ਧੱਕੇ ਨਾਲ ਕੰਮ ਕਰਵਾਇਆ ਜਾ ਰਿਹਾ ਸੀ ਤੇ ਉਸ ਦਾ ਕੋਈ ਵੀ ਇਲਾਜ ਨਹੀ ਸੀ ਕਰਵਾਇਆ ਜਾ ਰਿਹਾ। ਵਾਪਸ ਆਈਆਂ ਇਹਨਾਂ ਲੜਕੀਆਂ ਨੇ ਦੱਸਿਆਂ ਕਿ ਏਜੰਟਾਂ ਵੱਲੋਂ ਉਹਨਾਂ ਨੂੰ ਛੱਡਣ ਲਈ ਪਰਵਾਰਾਂ ਕੋਲੋਂ ਲੱਖਾਂ ਵਿੱਚ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਸੀ। ਇਹਨਾਂ ਚਾਰਾਂ ਲੜਕੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਉਹ ਟਰੈਵਲ ਏਜੰਟਾਂ ਵਿਰੁੱਧ ਸਖਤ ਕਾਰਵਾਈ ਕਰਵਾਉਣ, ਤਾਂ ਜੋ ਭਵਿੱਖ ਵਿੱਚ ਇਹ ਟਰੈਵਲ ਏਜੰਟ ਹੋਰ ਪੰਜਾਬ ਦੀਆਂ ਧੀਆਂ ਦਾ ਸ਼ੋਸ਼ਣ ਨਾ ਕਰ ਸਕਣ। ਇਹਨਾਂ ਲੜਕੀਆਂ ਦੀ ਵਾਪਸੀ ਦੀ ਮਦਦ ਵਿੱਚ ਅਹਿਮ ਯੋਗਦਾਨ ਨਿਭਾ ਰਹੇ ਮੇਜਰ ਸਿੰਘ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਦੋ ਲੜਕੀਆਂ ਵੀ ਇਸੇ ਤਰ੍ਹਾਂ ਅਰਬ ਦੇਸ਼ ਵਿੱਚੋਂ ਵਾਪਸ ਆਈਆਂ ਸਨ। ਉਹਨਾ ਦੱਸਿਆ ਕਿ ਏਜੰਟਾਂ ਵੱਲੋਂ ਉਹਨਾ ਕੋਲੋਂ ਵੀ ਲੜਕੀਆਂ ਵਾਪਸ ਲਿਆਉਣ ਲਈ ਦਸ ਲੱਖ ਰੁਪਏ ਦੇ ਕਰੀਬ ਪੈਸਿਆਂ ਦੀ ਮੰਗ ਕੀਤੀ ਗਈ ਸੀ, ਪਰ ਸੰਤ ਸੀਚੇਵਾਲ ਦੇ ਯਤਨਾਂ ਸਦਕਾ ਉਹਨਾ ਦੀਆਂ ਲੜਕੀਆਂ ਇੱਕ ਵੀ ਪੈਸਾ ਦਿੱਤੇ ਬਿਨਾਂ ਵਾਪਸ ਆਈਆਂ ਸਨ। ਉਹਨਾ ਦੱਸਿਆ ਕਿ ਉਸ ਤੋਂ ਬਾਅਦ ਉਸ ਨੇ ਲਗਾਤਾਰ ਉਹਨਾਂ ਲੜਕੀਆਂ ਦੀ ਭਾਲ ਸ਼ੁਰੂ ਕੀਤੀ ਹੋਈ ਹੈ, ਜਿਹੜੀਆਂ ਅਰਬ ਦੇਸ਼ਾਂ ਵਿੱਚ ਫਸੀਆਂ ਹੋਈਆਂ ਹਨ। ਪੀੜਤ ਲੜਕੀਆਂ ਦੇ ਪਰਵਾਰਾਂ ਦਾ ਉਹ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਸੰਪਰਕ ਕਰਵਾਉਂਦੇ ਹਨ ਤਾਂ ਕਿ ਉਹ ਜਲਦ ਤੋਂ ਜਲਦ ਵਾਪਸ ਆ ਸਕਣ। ਹੁਣ ਤੱਕ ਉਹਨਾਂ ਵੱਲੋਂ 4 ਦੇ ਕਰੀਬ ਲੜਕੀਆਂ ਦੀ ਮਦਦ ਕੀਤੀ ਗਈ ਹੈ।

## ਨਾਰਦਰਨ ਰੇਲਵੇ ਪੈਸੰਜਰ ਸੰਮਤੀ ਦੀ ਹੋਈ ਸਰਬਸੰਮਤੀ ਨਾਲ ਚੋਣ

### ਰੇਲ ਮੰਤਰੀ ਨੂੰ ਸਮੱਸਿਆਵਾਂ ਦਾ ਹੱਲ ਕਰਨ ਦੀ ਕੀਤੀ ਮੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਾਰਦਰਨ ਰੇਲਵੇ ਪੈਸੰਜਰ ਸੰਮਤੀ ਦੀ ਸਲਾਨਾ ਮੀਟਿੰਗ ਹੋਟਲ ਸਿਟੀ ਪੈਲੇਸ ਵਿਖੇ ਹੋਈ, ਜਿਸ ਦੀ ਸ਼ੁਰੂਆਤ ਭੰਵਰ ਨਾਲ ਸ਼ਰਮਾ, ਜਸਵੀਰ ਸ਼ਰਮਾ ਨੇ ਗੀਤ ਗਾ ਕੇ ਕੀਤੀ। ਇਸ ਮੀਟਿੰਗ ਦੌਰਾਨ ਨਵੀਂ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਵਿਨੋਦ ਕੁਮਾਰ ਭਵਨੀਆ ਫਾਜ਼ਿਲਕਾ ਨੂੰ ਪ੍ਰਧਾਨ, ਸ਼ਾਮ ਲਾਲ ਗੋਇਲ ਨੂੰ ਜਨਰਲ ਸਕੱਤਰ, ਜਦਕਿ ਬਲਦੇਵ ਸਿੰਘ ਬੇਦੀ ਨੂੰ ਪੈਟਰਨ ਲਿਆ ਗਿਆ, ਜਦਕਿ ਦੂਜੇ ਅਹੁਦੇਦਾਰਾਂ ਦੀ ਵੀ ਚੋਣ ਕੀਤੀ ਗਈ।

ਮੀਟਿੰਗ ਵਿੱਚ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਰੇਲਵੇ ਸਟੇਸ਼ਨਾਂ ਨੂੰ ਅਮ੍ਰਿਤ ਭਾਰਤ ਸਟੇਸ਼ਨ ਸਕੀਮ ਤਹਿਤ ਅਪਗ੍ਰੇਡ/ਮਾਡਰਨਾਈਜ਼ ਕਰਨ 'ਤੇ ਧੰਨਵਾਦ ਕੀਤਾ ਗਿਆ। ਮੀਟਿੰਗ ਦੌਰਾਨ ਗੋਬਿੰਦ ਸਿੰਘ ਦਾਬੜਾ, ਬਲਦੇਵ ਸਿੰਘ ਬੇਦੀ, ਬੂਟਾ ਰਾਮ ਕਮਰਾ, ਜਸਵੰਤ ਸਿੰਘ ਬਰਾੜ, ਸ਼ਾਮ ਲਾਲ ਗੋਇਲ, ਵਿਨੋਦ ਕੁਮਾਰ, ਦੇਵ ਰਾਜ ਨਰੂਲਾ ਫ਼ਿਰੋਜ਼ਪੁਰ, ਡਾਕਟਰ ਸ਼ਿਵ ਕੁਮਾਰ ਛਾਬੜਾ ਜਲਾਲਾਬਾਦ, ਪਰੇਸ਼ ਛਾਬੜਾ, ਚਰਨਜੀਤ ਸਿੰਘ ਮੱਕੜ, ਗੌਤਮ ਜੈਨ ਫ਼ਾਜ਼ਿਲਕਾ ਨੇ ਆਪਣੇ ਆਪਣੇ ਵਿਚਾਰ ਰੱਖੇ। ਮੀਟਿੰਗ ਦੌਰਾਨ ਹੀ ਮਾਨਯੋਗ ਅਸ਼ਵਨੀ ਕੁਮਾਰ ਵੈਸ਼ਨਵ ਰੇਲਵੇ ਮੰਤਰੀ ਭਾਰਤ ਸਰਕਾਰ ਨੂੰ ਪੱਤਰ ਲਿਖ ਕੇ ਰੇਲਵੇ ਦੀਆਂ ਸਮੱਸਿਆਵਾਂ ਫ਼ਾਜ਼ਿਲਕਾ ਰੇਲਵੇ ਸਟੇਸ਼ਨ 'ਤੇ ਵਾਸ਼ਿੰਗ ਲਾਈਨ ਬਣਾਉਣ ਅਤੇ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਕੋਟਕਪੂਰਾ, ਮੋਗਾ ਨਵੀਂ ਰੇਲ ਲਾਈਨ ਦਾ ਕੰਮ ਸ਼ੁਰੂ ਕਰਨ ਦੀ ਮੰਗ ਕੀਤੀ ਗਈ, ਜਿਸ ਦੇ ਸਰਵੇ ਦਾ ਕੰਮ 2017 ਵਿੱਚ ਪੂਰਾ ਹੋ ਚੁੱਕਾ ਹੈ। ਇਸ ਤੋਂ ਇਲਾਵਾ ਸ੍ਰੀ ਮੁਕਤਸਰ ਸਾਹਿਬ ਦਾ ਰੇਲਵੇ ਸਟੇਸ਼ਨ ਤੋਂ ਗੁਡਜ ਯਾਰਡ ਸ਼ਹਿਰ ਤੋਂ ਬਾਹਰ ਕਰਨਾ, ਰੇਲਵੇ ਕ੍ਰਾਸਿੰਗ ਏ-29 ਬੂੜਾ ਗੁੱਜਰ ਰੋਡ 'ਤੇ ਅੰਡਰ ਬ੍ਰਿਜ ਜੋ ਲੰਬੇ ਸਮੇਂ ਤੋਂ ਪੈਂਡਿੰਗ ਹੈ, ਨੂੰ ਸ਼ੁਰੂ ਕਰਨਾ, ਫ਼ਾਜ਼ਿਲਕਾ ਤੋਂ ਚੰਡੀਗੜ੍ਹ, ਨਵੀਂ ਦਿੱਲੀ ਵਾਇਆ ਰੋਹਤਕ ਯਾਤਰੀ ਗੱਡੀ ਚਲਾਉਣ, ਹਰਿਦੁਆਰ ਅਤੇ ਨੰਦੇੜ ਸਾਹਿਬ ਆਦਿ ਧਾਰਮਿਕ ਸਥਾਨਾਂ ਲਈ ਗੱਡੀਆਂ ਚਲਉਣ, ਨਵੀਂ ਦਿੱਲੀ ਤੋਂ ਬਠਿੰਡਾ 20409/20410 ਗੱਡੀ ਨੂੰ ਫ਼ਾਜ਼ਿਲਕਾ ਤੱਕ ਵਧਾਉਣ, ਫਾਜ਼ਿਲਕਾ-ਅਬੋਹਰ ਰੇਲਵੇ ਸਟੇਸ਼ਨ 8 ਦੀ ਬਜਾਏ 24 ਘੰਟੇ ਖੋਲ੍ਹਣ, ਮੁਕਤਸਰ ਤੋਂ ਅਬੋਹਰ, ਗੰਗਾਨਗਰ ਰੇਲ ਸਰਵਿਸ ਦੇਣ, 2:30 ਵਜੇ ਤੋਂ ਬਾਅਦ ਕੋਟਕਪੂਰਾ ਤੋਂ ਫ਼ਾਜ਼ਿਲਕਾ ਰੇਲ ਗੱਡੀ ਚਲਾਉਣ ਦੀ ਮੰਗ ਕੀਤੀ ਗਈ। ਮੀਟਿੰਗ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਜਸਵੰਤ ਸਿੰਘ ਬਰਾੜ ਸੇਵਾ ਮੁਕਤ ਪ੍ਰਿੰਸੀਪਲ ਵੱਲੋਂ ਨਿਭਾਈ ਗਈ। ਇਸ ਮੌਕੇ ਬਲਜੀਤ ਸਿੰਘ, ਓਮ ਪ੍ਰਕਾਸ਼ ਵਲੇਚਾ, ਦੇਵ ਰਾਜ ਨਰੂਲਾ, ਦੇਸ ਰਾਜ ਤਨੇਜਾ, ਬਨਾਰਸੀ ਦਾਸ ਕੱਕੜ ਬਾਘਾ ਪੁਰਾਣਾ ਆਦਿ ਹਾਜ਼ਰ ਸਨ।

### 62 ਲੱਖ ਦੀ ਲੁੱਟ ...

ਸਿੰਘ ਵਾਸੀ ਭਕਨਾ ਕਲਾਂ ਨੂੰ ਵੇਚੀ ਸੀ ਤੇ ਇਸ ਜ਼ਮੀਨ ਦੀ ਪਾਵਰ ਆਫ ਅਟਾਰਨੀ ਵਿਕਾਸਬੀਰ ਸਿੰਘ ਨੂੰ ਦਿੱਤੀ ਗਈ ਸੀ। ਵਿਕਾਸਬੀਰ ਸਿੰਘ ਦੇ ਅਕਾਊਂਟ ਵਿਚ ਕਰੀਬ 58 ਲੱਖ ਰੁਪਏ ਦੇ ਚੈਕ ਟਰਾਂਸਫਰ ਹੋਏ ਤੇ ਬਾਕੀ 62 ਲੱਖ ਰੁਪਏ ਗੁਰਸੇਵਕ ਸਿੰਘ ਨੇ ਵਿਕਾਸਬੀਰ ਸਿੰਘ ਨੂੰ ਕੈਸ਼ ਦਿੱਤੇ। ਵਿਕਾਸਬੀਰ ਸਿੰਘ ਨੇ 58 ਲੱਖ ਰੁਪਏ ਸਰਬਜੀਤ ਸਿੰਘ ਦੇ ਅਕਾਊਂਟ ਨੰਬਰ ਵਿਚ ਟਰਾਂਸਫਰ ਕਰ ਦਿੱਤੇ ਤੇ ਬਾਕੀ 62 ਲੱਖ ਰੁਪਏ ਆਪਣੇ ਕੋਲ ਰੱਖ ਲਏ। ਵਿਕਾਸਬੀਰ ਸਿੰਘ ਤੇ ਉਸ ਦੇ ਪੁੱਤ ਬਖਤਾਵਰ ਸਿੰਘ ਨੇ ਸਰਬਜੀਤ ਸਿੰਘ ਦੇ 62 ਲੱਖ ਰੁਪਏ ਹੜੱਪਣ ਦੀ ਖਾਤਰ ਇਹ ਝੂਠੀ ਕਹਾਣੀ ਬਣਾ ਕੇ ਪੁਲਸ ਨੂੰ ਇਤਲਾਹ ਦਿੱਤੀ। ਦੋਹਾਂ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

## ਤੀਆਂ ਦਾ ਤਿਉਹਾਰ ਮਨਾਇਆ



**ਬਰੇਟਾ (ਰੀਤਵਾਲ)**-ਆਤਮਾ ਰਾਮ ਮੈਮੋਰੀਅਲ ਕਾਨਵੈਂਟ ਸਕੂਲ ਵਿਖੇ ਤੀਆਂ ਦਾ ਤਿਉਹਾਰ ਬੜੇ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ 'ਚ ਬੱਚਿਆਂ ਨੇ ਪੰਜਾਬੀ ਸੱਭਿਆਚਾਰ ਨੂੰ ਵੱਖ-ਵੱਖ ਪੱਖੋਂ ਦਰਸਾਇਆ। ਇਸ ਮੌਕੇ ਬੱਚਿਆਂ ਦੇ ਮਾਤਾ-ਪਿਤਾ ਅਤੇ ਸਮੂਹ ਸਟਾਫ ਨੇ ਵਧ-ਚੜ੍ਹ ਕੇ ਹਿਸਾ ਲਿਆ। ਸਕੂਲ ਦੇ ਪ੍ਰਿੰਸੀਪਲ ਵਿਜੈ ਕੁਮਾਰ ਨੇ ਦੱਸਿਆ ਕਿ ਸਕੂਲ ਵਿੱਚ ਇਸ ਤੀਆਂ ਦੇ ਮੇਲੇ ਦੇ ਆਯੋਜਨ 'ਚ ਲੁਪਤ ਹੁੰਦੀ ਜਾ ਰਹੀ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਦਾ ਯਤਨ ਕੀਤਾ ਗਿਆ ਹੈ।

ਸਕੂਲ ਦੇ ਚੇਅਰਮੈਨ ਸ਼ੈਰਿਕ ਗਰਗ, ਐੱਮ. ਡੀ ਮੋਨਿਕਾ ਗਰਗ, ਪ੍ਰਿੰਸੀਪਲ ਵਿਜੈ ਕੁਮਾਰ ਤੇ ਸਮੂਹ ਸਟਾਫ਼ ਨੇ ਮਾਤਾ-ਪਿਤਾ ਅਤੇ ਬੱਚਿਆਂ ਨੂੰ ਵਧਾਈ ਦਿੱਤੀ। ਅਖੀਰ ਬੱਚਿਆਂ ਨੂੰ ਇਨਾਮ ਵੰਡ ਕੇ ਸਨਮਾਨਤ ਵੀ ਕੀਤਾ ਗਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਅਜ਼ਾਦੀ ਦੀ ਲੜਾਈ 'ਚ ਆਰੀਆ ਸਮਾਜ ਦਾ ਬਹੁਤ ਵੱਡਾ ਯੋਗਦਾਨ : ਆਨੰਦ

**ਗੁਰਦਾਸਪੁਰ (ਜਨਕ ਮਹਾਜਨ)**-ਗੁਰਦਾਸਪੁਰ ਤੋਂ ਤਿੰਨ ਕਿਲੋਮੀਟਰ ਦੂਰੀ 'ਤੇ ਪਿੰਡ ਬਰਨਾਲਾ ਆਰੀਆ ਸਮਾਜ ਮੰਦਰ ਪਿੰਡ ਬਰਨਾਲਾ ਵੱਲੋਂ 77ਵਾਂ ਅਜ਼ਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਮਾਰੋਹ ਦੀ ਪ੍ਰਧਾਨਗੀ ਠਾਕੁਰ ਯਸ਼ਪਾਲ ਸਿੰਘ ਨੇ ਕੀਤੀ ਜਦ ਕਿ ਪ੍ਰਬੰਧਿਕ ਅਨੰਦ ਗੰਗਾ ਮੈਡੀਕਲ ਸਟੋਰ ਗੁਰਦਾਸਪੁਰ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਗੁਰਚਰਨ ਸਿੰਘ, ਹਿਤੇਸ਼ ਸ਼ਾਸਤਰੀ, ਗੌਰਵ ਸ਼ਰਮਾ, ਬਲਜਿੰਦਰ ਕੋਹਾਲੀ ਦੇ ਸਾਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਗਏ। ਮੁੱਖ ਮਹਿਮਾਨ ਆਨੰਦ ਨੇ ਦੱਸਿਆ ਕਿ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਆਰੀਆ ਸਮਾਜ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਦੇਸ਼ ਦੀ ਅਜ਼ਾਦੀ 'ਚ ਬਲੀਦਾਨ ਦੇਣ ਵਾਲੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਮੰਤਰੀ ਤਰਸੇਮ ਲਾਲ ਆਰੀਆ, ਪ੍ਰੈਸ ਸਚਿਵ ਸੁਸ਼ੀਲ ਕੁਮਾਰ ਬਰਨਾਲਾ, ਜਤਿੰਦਰ ਤਰੇਹਨ, ਗੁਰਦਿੱਤ ਸਿੰਘ, ਗੁਰਦਿਆਲ ਸਿੰਘ, ਡਾ. ਪਰਮਜੀਤ ਪੰਮੀ, ਸਵਰਨ ਕੁਮਾਰ, ਰਮੇਸ਼ ਚੰਦਰ, ਮੋਹਨ ਲਾਲ, ਰਜਿੰਦਰ ਸਿੰਘ, ਪਲਵਿੰਦਰ ਡੋਗਰਾ, ਬਲਵਿੰਦਰ ਗਿੱਲ, ਬਲਵਿੰਦਰ ਡੋਗਰਾ, ਲਖਵਿੰਦਰ ਸਿੰਘ ਮੰਨਾ, ਦਮਨ ਸਿੰਘ, ਨਰਿੰਦਰ ਕੁਮਾਰ, ਵਿਕਾਸ ਸਿੰਘ, ਰਾਜ ਕੁਮਾਰੀ, ਸਨੇਹਾ ਗੁਲਸ਼ਨ, ਮੀਤਾਲੀ ਗੁਲਸ਼ਨ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਆਦਰਸ਼ ਬਿਰਧ ਘਰ ਸ਼ਾਖੋਲਾੜੀ 'ਚ ਬਜ਼ੁਰਗਾਂ ਨੇ ਮਨਾਈ ਧੀਆਂ ਦੀ ਤੀਜ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਅੱਜ ਬਜ਼ੁਰਗਾਂ ਦਾ ਆਪਣਾ ਘਰ ਆਦਰਸ਼ ਬਿਰਧ ਆਸ਼ਰਮ ਸ਼ਾਖੋਲਾੜੀ ਵਿਖੇ ਰਹਿ ਰਹੇ ਬਜ਼ੁਰਗਾਂ ਨੇ ਧੂਮਧਾਮ ਨਾਲ ਮਨਾਈ ਧੀਆਂ ਦੀ ਤੀਜ ਮਨਾਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਐਸ ਐਚ ਓ ਹਰਪ੍ਰੀਤ ਕੌਰ ਜੀ, (ਆਮ ਆਦਮੀ ਪਾਰਟੀ) ਤੋਂ ਮਹਿਲਾ ਵਿੰਗ (ਪਠਾਨਕੋਟ) ਦੇ ਪ੍ਰਧਾਨ ਰੇਖਾ ਮਨੀ ਸ਼ਰਮਾ, ਆਮ ਆਦਮੀ ਪਾਰਟੀ ਤੋਂ (ਹਲਕਾ ਭੋਆ) ਦੇ ਕੋਆਰਡੀਨੇਟਰ ਬਲਜਿੰਦਰ ਕੌਰ ਤੇ ਕਮਲ ਟ੍ਰੇਨਿੰਗ ਵੈੱਲਫੇਅਰ ਸੁਸਾਇਟੀ ਪਠਾਨਕੋਟ) ਦੇ ਪ੍ਰਧਾਨ ਕਮਲ ਰਾਜ,(ਮਾਤਾ ਸਵਤਰੀ ਬਾਈ ਫੂਲ ਸੋਸਾਇਟੀ ਪਠਾਨਕੋਟ) ਦੇ ਪ੍ਰਧਾਨ ਦਰਸ਼ਨ ਲਾਲ ਪਾਠੀ,(ਐਲਡਰ ਹੈਲਪ ਲਾਈਨ ਪੰਜਾਬ ) ਤੋਂ ਐਫ ਆਰ ਓ ਜਤਿੰਦਰ ਆਸ਼ਰਮ ਚੇਅਰਪਰਸਨ ਗੀਨਾ ਸਰਮਾਲ ਮੌਜੂਦ ਸਨ। ਸਾਰੇ ਮੁੱਖ ਮਹਿਮਾਨਾਂ ਨੇ ਬਜ਼ੁਰਗਾਂ ਨਾਲ ਦੁੱਖ ਸਾਂਝੇ ਕੀਤੇ। ਉਹਨਾਂ ਦਾ ਹਾਲ ਚਾਲ ਪੁੱਛਿਆ। ਫਿਰ ਸਾਰੇ ਹੀ ਮਹਿਮਾਨਾਂ ਨੇ ਬਜ਼ੁਰਗਾਂ ਨਾਲ ਭੰਗੜਾ, ਗਿੱਧਾ, ਆਦਿ ਪਾ ਕੇ ਇਸ ਦਿਨ ਦਾ ਅਨੰਦ ਮਾਣਿਆ। ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਆਸ਼ਰਮ ਚੇਅਰਪਰਸਨ ਗੀਨਾ ਸਰਮਾਲ ਜੀ ਤੇ ਆਸ਼ਰਮ ਸੁਪਰਡੈਂਟ ਮਿਸ ਅੰਜਲੀ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਆਸ਼ਰਮ ਸਮੂਹ ਸਟਾਫ ਸਵਿਤਾ, ਕੁਲਵਿੰਦਰ ਕੌਰ, ਆਰਤੀ, ਅੰਜੂ ਬਾਲਾ, ਪੂਨਮ, ਤਰਸੇਮ ਲਾਲ, ਰਾਜੇਸ਼ ਕੁਮਾਰ ਆਦਿ ਮੌਜੂਦ ਸਨ।

## ਮੀਆਂਵਿੰਡ 'ਚ ਨਰੇਗਾ ਮਜ਼ਦੂਰ ਯੂਨੀਅਨ ਦੀ ਮੀਟਿੰਗ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਮੀਟਿੰਗ ਪਿੰਡ ਮੀਆਂਵਿੰਡ ਵਿਖੇ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਗੁਰਦਿਆਲ ਸਿੰਘ ਖਡੂਰ ਸਹਿਬ ਤੇ ਮੀਤ ਪ੍ਰਧਾਨ ਕਵਲਜੀਤ ਸਿੰਘ ਨਾਗੋਕੇ ਨੇ ਕਿਹਾ ਕਿ ਨਰੇਗਾ ਕਾਮਿਆਂ ਨੂੰ ਜਥੇਬੰਦ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਪਿੰਡਾਂ ਦੇ ਧਨਾਢ ਲੋਕ ਇਸ ਨੂੰ ਅਫਸਰ ਦੀ ਮਿਲੀਭੁਗਤ ਨਾਲ ਠੀਕ ਢੰਗ ਨਾਲ ਚੱਲਣ ਹੀ ਨਹੀਂ ਦਿੰਦੇ। ਇਹ ਕਾਮਿਆਂ ਨੂੰ 100 ਦਿਨ ਦੀ ਗਰੰਟੀ ਕਰਦਾ ਕਾਨੂੰਨ ਪਾਰਲੀਮੈਂਟ ਦੁਆਰਾ ਪਾਸ ਹੈ। ਲੇਬਰ ਵਿਭਾਗ ਨੂੰ ਇਸ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ। ਉਕਤ ਆਗੂਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਨਰੇਗਾ ਕਾਮਿਆਂ ਨੂੰ ਸਾਲ ਵਿੱਚ 200 ਦਿਨ ਕੰਮ, 700 ਰੁਪਏ ਦਿਹਾੜੀ ਨਰੇਗਾ ਕਾਮਿਆਂ ਨੂੰ ਦਿੱਤੀ ਜਾਵੇ, ਕੇਰਲਾ ਸਰਕਾਰ ਦੀ ਤਰਜ਼ 'ਤੇ ਨਰੇਗਾ ਭਲਾਈ ਬੋਰਡ ਕਾਇਮ ਕੀਤਾ ਜਾਵੇ, ਆਨਲਾਈਨ ਹਾਜਰੀ ਲਾਉਣੀ ਬੰਦ, ਆਫ ਲਾਈਨ ਹਾਜ਼ਰੀ ਲਾਈ ਜਾਵੇ, ਨਰੇਗਾ ਕਾਮਿਆਂ ਨੂੰ ਈ ਐਸ ਆਈ ਅਧੀਨ ਲਿਆ ਕੇ ਚੰਗੀਆਂ ਸਿਹਤ ਸਹੂਲਤਾਂ ਦਿੱਤੀਆਂ ਜਾਣ। ਅਖੀਰ 'ਚ 11 ਮੈਂਬਰੀ ਪਿੰਡ ਕਮੇਟੀ ਚੁਣੀ ਗਈ ਜਿਸ ਵਿੱਚ ਨਵਜੋਤ ਕੌਰ ਪ੍ਰਧਾਨ, ਗਰਮੀਤ ਕੌਰ ਸਕੱਤਰ, ਸਰਬਜੀਤ ਕੌਰ ਖਜ਼ਾਨਚੀ ਸਰਬਸੰਮਤੀ ਨਾਲ ਚੁਣੇ ਗਏ। ਉਨ੍ਹਾਂ ਤੋਂ ਇਲਾਵਾ ਖੇਤ ਮਜ਼ਦੂਰ ਆਗੂ ਕਸ਼ਮੀਰ ਸਿੰਘ ਗੋਇੰਦਵਾਲ ਸਾਹਿਬ, ਅੰਗਰੇਜ ਸਿੰਘ ਨਾਗੋਕੇ, ਸਬੇਗ ਸਿੰਘ ਮੀਆਂਵਿੰਡ, ਮੇਜਰ ਸਿੰਘ ਜਲੰਧਰ, ਰਾਜਪ੍ਰੀਤ ਕੌਰ, ਕੁਲਵੰਤ ਕੌਰ ਜਵੰਦਪੁਰ, ਨਿੰਦਰ ਕੌਰ ਮੀਆਂਵਿੰਡ, ਹਰਜੀਤ ਸਿੰਘ ਮੀਆਂਵਿੰਡ ਆਦਿ ਹਾਜ਼ਰ ਸਨ।

## ਕਟਾਰੂਚੱਕ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਪਠਾਨਕੋਟ, (ਦਵਿੰਦਰ ਸਿੰਘ)**- ਅੱਜ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਅਪਣੇ ਨਿਵਾਸ ਸਥਾਨ 'ਤੇ ਦਫਤਰ ਅੰਦਰ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇ.ਡੀ. ਸਿੰਘ, ਠਾਕੁਰ ਮਨੋਹਰ ਸਿੰਘ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ। ਇਸ ਮੌਕੇ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ ਜਨਤਾ ਨਾਲ ਕੀਤਾ ਹਰ ਵਾਅਦਾ ਪੂਰਾ ਕਰ ਰਹੀ ਹੈ ਅਤੇ ਹਰ ਔਖੀ ਘੜੀ ਵਿੱਚ ਲੋਕਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨ੍ਹਾਂ ਦੌਰਾਨ ਹੋਈ ਬਾਰਿਸ਼ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ ਅਤੇ ਉਨ੍ਹਾਂ ਆਪ ਲੋਕਾਂ ਵਿੱਚ ਪਹੁੰਚ ਕਰਕੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਹੈ। ਉਨ੍ਹਾਂ ਕਿਹਾ ਕਿ ਪਾਣੀ ਦੇ ਘੱਟ ਹੋਣ ਤੋਂ ਬਾਅਦ ਸਪੈਸ਼ਲ ਗਿਰਦਾਵਰੀਆਂ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨ੍ਹਾਂ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਸਰਵੇ ਦੌਰਾਨ ਬਹੁਤ ਸਾਰੇ ਲਾਭਪਾਤਰੀਆਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ ਅਤੇ ਪੰਜਾਬ ਸਰਕਾਰ ਵੱਲੋਂ ਇਸ ਦਾ ਫਿਰ ਤੋਂ ਸਰਵੇ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਸਤੰਬਰ ਮਹੀਨੇ ਪੋਰਟਲ ਖੋਲ੍ਹਿਆ ਜਾ ਰਿਹਾ ਹੈ ਜਿਸ ਅਧੀਨ ਸਾਰੇ ਯੋਗ ਲਾਭਪਾਤਰੀਆਂ ਦੇ ਕਾਰਡ ਬਣਾਏ ਜਾਣਗੇ। ਇਸ ਮੌਕੇ ਤੇ ਉਨ੍ਹਾਂ ਹਾਜ਼ਰ ਲੋਕਾਂ ਦੀਆਂ ਸਮੱਸਿਆਵਾ ਸੁਣੀਆਂ ਅਤੇ ਉਨ੍ਹਾਂ ਦਾ ਮੌਕੇ 'ਤੇ ਹੱਲ ਕੀਤਾ। ਜਿਨ੍ਹਾਂ ਸਮੱਸਿਆਵਾਂ ਦਾ ਹੱਲ ਮੌਕੇ 'ਤੇ ਸੰਭਵ ਨਹੀਂ ਸੀ ਉਨ੍ਹਾਂ ਸੰਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕੀ ਇਨ੍ਹਾਂ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਇਨਸਾਫ ਮਿਲ ਸਕੇ।

## ਹਰ ਮਨੁੱਖ ਇੱਕ ਰੁੱਖ ਲਗਾ ਕੇ ਜ਼ਰੂਰ ਉਸ ਦੀ ਸਾਂਭ-ਸੰਭਾਲ ਕਰੇ : ਡਾ. ਗੁੰਮਟਾਲਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਸ੍ਰੀ ਗੁਰੂ ਹਰਿਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਖੁਜਾਲਾ ਦੇ ਸਟਾਫ , ਵਿਦਿਆਰਥੀਆਂ ਅਤੇ ਪ੍ਰਬੰਧਕਾਂ ਵੱਲੋਂ ਰਲ ਕੇ ਸਕੂਲ ਦੀ ਗਰਾਊਂਡ ਵਿੱਚ ਸਜਾਵਟੀ ਅਤੇ ਛਾਂਦਾਰ ਬੂਟੇ ਲਗਾਏ ਗਏ। ਦਿਨੋਂ ਦਿਨ ਰੁੱਖਾਂ ਦੀ ਘਟਦੀ ਜਾ ਰਹੀ ਗਿਣਤੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਸ੍ਰੀ ਗੁਰੂ ਹਰਿਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋ ਲੇਹਲ ਖੁਜਾਲਾ ਦੇ ਸਕੂਲ ਦੇ ਡਾਇਰੈਕਟਰ ਡਾ. ਇੰਦਰਜੀਤ ਸਿੰਘ ਗੁੰਮਟਾਲਾ ਅਤੇ ਪ੍ਰਿੰ. ਮੈਡਮ ਬਲਵਿੰਦਰ ਕੌਰ ਨੇ ਕਿਹਾ ਕਿ ਦਿਨੋਂ ਦਿਨ ਪਲੀਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਹਰ ਮਨੁੱਖ ਇੱਕ ਰੁੱਖ ਜ਼ਰੂਰ ਲਗਾਵੇ ਤੇ ਉਸ ਦੀ ਸਾਂਭ-ਸੰਭਾਲ ਕਰੇ। ਉਨ੍ਹਾਂ ਕਿਹਾ ਕਿ ਵਾਤਾਵਰਨ ਪ੍ਰਦੂਸ਼ਣ ਮੁਕਤ ਕਰਨ ਲਈ ਸਾਨੂੰ ਸਭ ਨੂੰ ਅੱਗੇ ਆਉਣਾ ਪਵੇਗਾ। ਉਨ੍ਹਾਂ ਕਿਹਾ ਕਿ ਰੁੱਖ ਤੇ ਮਨੁੱਖ ਇੱਕ ਦੂਜੇ 'ਤੇ ਨਿਰਭਰ ਹਨ ਭਾਵ ਕਿ ਰੁੱਖਾਂ ਤੋਂ ਸਾਨੂੰ ਆਕਸੀਜਨ ਮਿਲਦੀ ਹੈ ਅਤੇ ਬਦਲੇ ਵਿਚ ਉਨ੍ਹਾਂ ਕਾਰਬਨ ਡਾਈਆਕਸਾਈਡ ਦਿੰਦੇ ਹਾਂ। ਇਸ ਲਈ ਜੇ ਧਰਤੀ ਉੱਤੇ ਰੁੱਖ ਨਹੀਂ ਹੋਣਗੇ ਤਾਂ ਧਰਤੀ ਦਾ ਤਾਪਮਾਨ ਲਗਾਤਾਰ ਵੱਧਦਾ ਹੀ ਚਲਾ ਜਾਵੇਗਾ ਤੇ ਇੰਨੀ ਗਰਮ ਹੋ ਜਾਵੇਗੀ ਕਿ ਉਸ 'ਤੇ ਜੀਵਨ ਮੁਸ਼ਕਲ ਹੋ ਜਾਵੇਗਾ। ਹਵਾ ਦੀ ਗੁਣਵੱਤਾ 'ਚ ਗਿਰਵਾਟ ਆ ਰਹੀ ਹੈ ਜਿਸ ਕਾਰਨ ਬਹੁਤ ਨੂੰ ਸਾਰੀਆਂ ਭਿਆਨਕ ਬਿਮਾਰੀਆਂ ਦਾ ਪਸਾਰ ਹੋ ਰਿਹਾ ਹੈ ਅਤੇ ਮਨੁੱਖ ਦੀ ਉਮਰ ਵੀ ਲਗਾਤਾਰ ਘੱਟਦੀ ਜਾ ਰਹੀ ਹੈ।

## ਮਾਊਂਟ ਲਿਟਰਾ ਜ਼ੀ ਸਕੂਲ ਵਿਖੇ ਮਨਾਇਆ 77ਵਾਂ ਆਜ਼ਾਦੀ ਦਿਹਾੜਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਮਾਊਂਟ ਲਿਟਰਾ ਜ਼ੀ ਸਕੂਲ ਵਿਖੇ 77ਵਾਂ ਆਜ਼ਾਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰ. ਗਗਨ ਸ਼ਰਮਾ ਨੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਗਾਏ ਅਤੇ ਕਰੀਓਗ੍ਰਾਫੀ ਕੀਤੀ ਗਈ। ਬੱਚਿਆਂ ਕੋਲੋਂ ਆਜ਼ਾਦੀ ਦਿਵਸ ਬਾਰੇ ਪ੍ਰਸ਼ਨ ਪੁੱਛੇ ਗਏ ਅਤੇ ਕੁਝ ਬੱਚਿਆਂ ਵੱਲੋਂ ਆਜ਼ਾਦੀ ਦਿਵਸ ਨਾਲ ਸੰਬੰਧਿਤ ਕਵਿਤਾਵਾਂ ਅਤੇ ਵਿਚਾਰ ਵੀ ਪੇਸ਼ ਕੀਤੇ ਗਏ। ਇਸ ਮੌਕੇ ਸਕੂਲ ਦੇ ਚੇਅਰਮੈਨ ਗੁਰਵੰਤ ਸਿੰਘ ਅਤੇ ਡਾਇਰੈਕਟਰ ਕੁਲਦੀਪ ਸਿੰਘ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।

# ਸੁਰਵਿੰਡ ਦੇ ਗ੍ਰਾਮ ਸੇਵਕ ਨੂੰ ਨੱਥ ਪਾਈ ਜਾਵੇ, ਨਹੀਂ ਤਾਂ ਉਸ ਵਿਰੁੱਧ ਸੰਘਰਸ਼ ਹੋਵੇਗਾ: ਮਾੜੀਮੇਘਾ, ਰੁਪਿੰਦਰ



**ਭਿੱਖੀਵਿੰਡ/ ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**- ਸੀ.ਪੀ.ਆਈ ਪੰਜਾਬ ਇਸਤਰੀ ਸਭਾ ਨਰੇਗਾ ਕਾਮਿਆਂ ਤੇ ਖੇਤ ਮਜ਼ਦੂਰ ਸਭਾ ਦੀਆਂ ਜਨਰਲ ਬਾਡੀ ਦੀਆਂ ਮੀਟਿੰਗਾਂ ਪਿੰਡ ਅਲਗੋਂ ਖੁਰਦ, ਕਲਸੀਆਂ ਕਲਾਂ ਤੇ ਸਾਂਡਪੁਰਾ ਵਿਖੇ ਹੋਈਆਂ। ਮੀਟਿੰਗਾਂ ਵਿੱਚ ਸਮੂਹ ਆਗੂਆਂ ਨੂੰ ਸੰਬੋਧਨ ਕਰਦਿਆਂ ਸੀ.ਪੀ.ਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਇਸਤਰੀ ਸਭਾ ਦੀ ਸੂਬਾਈ ਆਗੂ ਰੁਪਿੰਦਰ ਕੌਰ ਮਾੜੀਮੇਘਾ ਨੇ ਕਿਹਾ ਕਿ ਪਿਛਲੇ ਦਿਨੀਂ ਇਲਾਕਿਆਂ ਵਿੱਚ ਹੜ੍ਹਾਂ ਦੇ ਪਾਣੀਆਂ ਨੇ ਲੋਕਾਂ ਦਾ ਭਾਰੀ ਨੁਕਸਾਨ ਕੀਤਾ ਹੈ, ਉਹ ਨੁਕਸਾਨ ਸਰਕਾਰਾਂ ਦੀ ਅਣਗਹਿਲੀ ਕਰਕੇ ਹੋਇਆ ਹੈ। ਉਨ੍ਹਾਂ ਕਿਹਾ ਕਿ ਨਰੇਗਾ ਕਾਮਿਆਂ ਨੂੰ ਕੰਮ ਦੇਣ ਵਿੱਚ ਢਿੱਲਮੱਠ ਚੱਲ ਰਹੀ ਹੈ, ਸਰਕਾਰ ਤੇ ਅਫਸਰਸ਼ਾਹੀ ਨਰੇਗਾ ਕਾਮਿਆਂ ਨੂੰ ਕੰਮ ਨਹੀਂ ਦੇਣਾ ਚਾਹੁੰਦੀ ਅਤੇ ਜਾਅਲਸਾਜ਼ੀ ਵਰਤ ਕੇ ਨਰੇਗਾ ਦਾ ਪੈਸਾ ਹੜੱਪਣ ਦੇ ਰਾਹ ਤੁਰੀ ਹੋਈ ਹੈ। ਉਨ੍ਹਾਂ ਕਿਹਾ ਕਿ ਅਫਸਰਸ਼ਾਹੀ ਨਰੇਗਾ ਦਾ ਕੰਮ ਦਫਤਰੀ ਕਾਗਜ਼ਾਂ ਵਿੱਚ ਦਿਖਾ ਕੇ ਪੈਸੇ ਹੜੱਪ ਲੈਂਦੀ ਹੈ। ਅਖੀਰ ਵਿੱਚ ਆਗੂਆਂ ਨੇ ਕਿਹਾ ਕਿ ਭਿੱਖੀਵਿੰਡ ਬਲਾਕ ਵਿੱਚ ਪਿੰਡ ਸੁਰਵਿੰਡ ਪੈਂਦਾ ਹੈ, ਜਿਸ ਦਾ ਗ੍ਰਾਮ ਸੇਵਕ ਤਾਂ ਪੂਰਾ ਆਕੜਖੋਰ ਤੇ ਹੈਂਕੜਬਾਜ਼ੀ ਅਤੇ ਕਹਿੰਦਾ ਹੈ ਕਿ ਮੇਰੀ ਮਰਜ਼ੀ ਤੋਂ ਬਗੈਰ ਜਾਬ ਕਾਰਡ ਨਹੀਂ ਬਣ ਸਕਦੇ ਤੇ ਜਿਸ ਨੂੰ ਮੈਂ ਚਾਹਾਂਗਾ ਉਸ ਨੂੰ ਕੰਮ ਦੇਵਾਂਗਾ। ਆਗੂਆਂ ਸਰਕਾਰ ਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਸਖਤ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਕਿ ਇਸ ਗ੍ਰਾਮ ਸੇਵਕ ਨੂੰ ਨੱਥ ਪਾਏ ਨਹੀਂ ਤਾਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਵੱਲੋਂ ਮਜਬੂਰ ਹੋ ਕੇ ਇਸ ਖਿਲਾਫ ਮੋਰਚਾ ਖੋਲ੍ਹਿਆ ਜਾਵੇਗਾ। ਮੀਟਿੰਗਾਂ ਨੂੰ ਨਰੇਗਾ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ, ਖੇਤ ਮਜ਼ਦੂਰਾਂ ਦੇ ਆਗੂ ਟਹਿਲ ਸਿੰਘ ਲੱਧੂ, ਪੰਜਾਬ ਕਿਸਾਨ ਸਭਾ ਦੇ ਆਗੂ ਰਛਪਾਲ ਸਿੰਘ ਬਾਠ, ਨੌਜਵਾਨ ਸਭਾ ਦੇ ਆਗੂ ਜਸਪਾਲ ਸਿੰਘ ਕਲਸੀਆਂ, ਹਰਜਿੰਦਰ ਕੌਰ ਅਲਗੋਂ, ਮਨਜੀਤ ਕੌਰ ਅਲਗੋਂ, ਵੀਰੋ ਸਾਂਡਪੁਰਾ ਨੇ ਵੀ ਸੰਬੋਧਨ ਕੀਤਾ।

## ਹਰਭਜਨ ਸਿੰਘ ਈ ਟੀ ਓ ਨੂੰ ਦਿੱਤਾ ਮੰਗ ਪੱਤਰ

**ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਵਾਉਣ ਲਈ ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਚਿਤਾਵਨੀ ਪੱਤਰ ਦੇਣ ਲਈ ਅੱਜ ਸੈਂਕੜੇ ਕਿਸਾਨਾਂ ਮਜ਼ਦੂਰਾਂ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਜੰਡਿਆਲਾ ਗੁਰੂ ਸਥਿਤ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ। ਇਕੱਠ ਦੀ ਪ੍ਰਧਾਨਗੀ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਆਗੂ ਸਵਿੰਦਰ ਸਿੰਘ ਖਹਿਰਾ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਪਿਆਰਾ ਸਿੰਘ ਧਾਰੜ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਵਿੰਦਰ ਸਿੰਘ ਛੱਜਲਵੱਡੀ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਪ੍ਰਭਜੀਤ ਸਿੰਘ ਤਿੰਮੋਵਾਲ, ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਦੇ ਆਗੂ ਤਰਸੇਮ ਸਿੰਘ ਨੰਗਲ, ਇੰਡੀਅਨ ਫਾਰਮ ਐਸੋਸੀਏਸ਼ਨ (ਬਹਿਰੂ) ਦੇ ਆਗੂ ਅਮਰ ਸਿੰਘ ਜੰਡਿਆਲਾ ਪੰਜਾਬ ਕਿਸਾਨ ਯੂਨੀਅਨ ਦੇ ਆਗੂ ਸੀਤਲ ਸਿੰਘ ਤਲਵੰਡੀ ਨੇ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਬਲਦੇਵ ਸਿੰਘ ਸੈਦਪੁਰ, ਲਖਬੀਰ ਸਿੰਘ ਨਿਜ਼ਾਮਪੁਰਾ, ਯੁਧਵੀਰ ਸਿੰਘ ਸਰਜਾ, ਕੁਲਵੰਤ ਸਿੰਘ ਛੱਜਲਵੱਡੀ,ਗੁਰਮੇਜ ਸਿੰਘ ਤਿੰਮੋਵਾਲ,ਹਰਪ੍ਰੀਤ ਸਿੰਘ ਬੁਟਾਰੀ, ਗੁਰਮੁਖ ਸਿੰਘ ਸ਼ੇਰਗਿੱਲ ਅਤੇ ਨਿਰਮਲ ਸਿੰਘ ਛੱਜਲਵੱਡੀ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ ਕਾਰਨ ਤਬਾਹੀ ਹੋਈ ਹੈ ਪਰ ਪੰਜਾਬ ਸਰਕਾਰ ਵੱਲੋਂ ਲੋਕਾਂ ਵੱਲ ਪਿੱਠ ਕੀਤੀ ਹੋਈ ਹੈ ਅਤੇ ਪੰਜਾਬ ਦਾ ਮੁੱਖ ਮੰਤਰੀ, ਮੰਤਰੀ ਅਤੇ ਵਿਧਾਇਕ ਹੜ੍ਹ ਪੀੜਤ ਲੋਕਾਂ ਦੀ ਮਦਦ ਕਰਨ ਦੀ ਥਾਂ ਫੋਟੋਆਂ ਖਿਚਵਾਉਣ ਤੱਕ ਹੀ ਸੀਮਤ ਹਨ। ਸੰਯੁਕਤ ਕਿਸਾਨ ਮੋਰਚੇ ਦਾ ਫੈਸਲਾ ਸੀ ਕਿ ਜੇਕਰ ਮੰਤਰੀ ਜਾਂ ਵਿਧਾਇਕ ਆਪ ਮੰਗ ਪੱਤਰ ਨਹੀਂ ਲੈਂਦੇ ਤਾਂ ਉਨ੍ਹਾਂ ਦੇ ਘਰਾਂ ਸਾਹਮਣੇ ਪੱਕਾ ਮੋਰਚਾ ਲਾਇਆ ਜਾਵੇਗਾ। ਇਸੇ ਤਹਿਤ ਹੀ ਅੱਜ ਜਦੋਂ ਹਰਭਜਨ ਸਿੰਘ ਈ ਟੀ ਓ ਚਿਤਾਵਨੀ ਪੱਤਰ ਪ੍ਰਾਪਤ ਕਰਨ ਨਾ ਪਹੁੰਚੇ ਤਾਂ ਆਗੂਆਂ ਨੇ ਮੰਤਰੀ ਦੀ ਜੰਡਿਆਲਾ ਗੁਰੂ ਸਥਿਤ ਰਿਹਾਇਸ਼ ਵੱਲ ਮਾਰਚ ਕਰਕੇ ਪੱਕਾ ਮੋਰਚਾ ਲਗਾਉਣ ਦਾ ਐਲਾਨ ਕੀਤਾ ਤਾਂ ਪੁਲਸ ਅਧਿਕਾਰੀਆਂ ਨੇ ਮੰਤਰੀ ਦੇ ਪਹੁੰਚਣ ਦਾ ਭਰੋਸਾ ਦਿਵਾਇਆ ਅਤੇ ਲਗਭਗ ਸ਼ਾਮ 4 ਵਜੇ ਮੰਤਰੀ ਵੱਲੋਂ ਮੰਗ ਪੱਤਰ ਲੈਣ ਉਪਰੰਤ ਧਰਨਾ ਸਮਾਪਤ ਕਰ ਦਿੱਤਾ।

## ਅਜੇ ਕੁਮਾਰ ਤੇ ਗੁਰਿੰਦਰ ਸਿੰਘ ਵਾਰਡਾਂ ਦੇ ਇੰਚਾਰਜ ਨਿਯੁਕਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਆਮ ਆਦਮੀ ਪਾਰਟੀ ਦੀ ਅਜਨਾਲਾ ਸ਼ਹਿਰੀ ਜਥੇਬੰਦੀ ਦੇ ਢਾਂਚੇ ਨੂੰ ਮਜ਼ਬੂਤੀ ਦੇਣ ਤੇ ਲੋਕ ਦੀਆਂ ਮੁਸ਼ਕਿਲਾਂ ਨੂੰ ਧਰਾਤਲ ਪੱਧਰ ਤੋਂ ਜਾਨਣ ਉਪਰੰਤ ਉਨ੍ਹਾਂ ਦੇ ਫੌਰੀ ਹੱਲ ਲਈ ਪਾਰਟੀ ਦੇ ਸਰਗਰਮ ਨੌਜਵਾਨ ਆਗੂ ਅਜੇ ਕੁਮਾਰ ਨੂੰ ਆਪ ਦੀ ਅਜਨਾਲਾ ਸ਼ਹਿਰੀ ਜਥੇਬੰਦੀ ਦੇ ਵਾਰਡ ਨੰਬਰ 03 ਦਾ ਇੰਚਾਰਜ ਥਾਪਣ ਤੋਂ ਇਲਾਵਾ ਨੌਜਵਾਨ ਗੁਰਿੰਦਰ ਸਿੰਘ ਨੂੰ ਵਾਰਡ ਨੰਬਰ 8 ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਦੌਰਾਨ ਆਪ ਦੇ ਅਜਨਾਲਾ ਸ਼ਹਿਰੀ ਦੇ ਪ੍ਰਧਾਨ ਦੀਪਕ ਚੈਨਪੁਰੀਆ ਦੀ ਹਾਜ਼ਰੀ 'ਚ ਕੈਬਨਿਟ ਮੰਤਰੀ ਧਾਲੀਵਾਲ ਦੇ ਓਐਸਡੀ ਚਰਨਜੀਤ ਸਿੰਘ ਸਿੱਧੂ ਵੱਲੋਂ ਉਕਤ ਦੋਹਾਂ ਨਵ-ਨਿਯੁਕਤ ਵਾਰਡ ਇੰਚਾਰਜਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ। ਇਸ ਮੌਕੇ ਨਵ-ਨਿਯੁਕਤ ਵਾਰਡ ਇੰਚਾਰਜ ਅਜੇ ਕੁਮਾਰ ਤੇ ਗੁਰਿੰਦਰ ਸਿੰਘ ਨੇ ਕੈਬਨਿਟ ਮੰਤਰੀ ਧਾਲੀਵਾਲ ਧੰਨਵਾਦ ਕਰਦਿਆਂ ਕਿਹਾ ਕਿ ਉਹ ਪ੍ਰਧਾਨ ਦੀਪਕ ਚੈਨਪੁਰੀਆ ਦੀ ਅਗਵਾਈ 'ਚ ਵੱਧ ਤੋਂ ਵੱਧ ਲੋਕਾਂ ਨੂੰ 'ਆਪ' ਨਾਲ ਜੋੜਨਗੇ ਤੇ ਪਾਰਟੀ ਅਤੇ ਪੰਜਾਬ ਸਰਕਾਰ ਦੀਆਂ ਲੋਕ ਹਿਤੈਸ਼ੀ ਨੀਤੀਆਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਘਰ-ਘਰ ਪਹੁੰਚ ਕਰਨਗੇ। ਇਸ ਮੌਕੇ ਵਾਰਡ ਇੰਚਾਰਜ ਪਵਿੱਤਰ ਸਿੰਘ ਫੈਂਸੀ, ਵਾਰਡ ਇੰਚਾਰਜ ਅਮਰਦੀਪ ਸਿੰਘ ਰਿੰਕੂ, ਗੋਰਾ ਸੱਗੂ, ਦੀਪਕ ਭੱਟੀ, 'ਆਪ' ਦੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਸ਼ਮਸ਼ੇਰ ਸਿੰਘ ਅਜਨਾਲਾ ਅਤੇ ਵਿੱਕੀ ਅੱਡਾ ਇੰਚਾਰਜ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਪੀੜਤ ਪਰਵਾਰ ਨਾਲ ਦੁੱਖ ਦੀ ਘੜੀ 'ਚ ਸ਼ਾਮਲ : ਐਡਵੋਕੇਟ ਅਮਰਪਾਲ ਸਿੰਘ/ ਐੱਸ ਡੀ ਐੱਮ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)** ਬਿਆਸ ਦਰਿਆ ਦੇ ਹੜ੍ਹ ਦਾ ਪਾਣੀ ਦੇਖਣ ਗਏ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਨੇੜਲੇ ਪਿੰਡ ਧੀਰੋਵਾਲ ਦੇ



ਦੋ ਬੱਚਿਆਂ ਦੀ ਪਾਣੀ ਵਿੱਚ ਡੁੱਬਣ ਕਾਰਨ ਬੀਤੇ ਦਿਨੀ ਮੌਤ ਹੋ ਗਈ ਸੀ। ਅੱਜ ਪੰਜਾਬ ਸਰਕਾਰ ਵੱਲੋਂ ਪੀੜਤ ਪਰਵਾਰ ਦੇ ਦੁੱਖ ਵਿੱਚ ਸ਼ਾਮਲ ਹੁੰਦਿਆਂ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਅਤੇ ਡਾ. ਸ਼ਾਇਰੀ ਭੰਡਾਰੀ ਐਸ.ਡੀ.ਐਮ ਵੱਲੋਂ ਦੋਨਾਂ ਬੱਚਿਆਂ ਦੇ ਪਰਵਾਰਕ ਮੈਂਬਰਾਂ ਨੂੰ 4-4 ਲੱਖ ਰੁਪਏ ਦੀ ਆਰਥਕ ਸਹਾਇਤਾ ਦੇ ਚੈਕ ਦਿੱਤੇ ਗਏ। ਇਸ ਮੌਕੇ ਨਿਰਮਲ ਸਿੰਘ ਨਾਇਬ ਤਹਿਸੀਲਦਾਰ ਵੀ ਮੌਜੂਦ ਸਨ। ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੀੜਤ ਪਰਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਵਾਰ ਦੇ ਇਸ ਘਾਟੇ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ ਪਰ ਸੂਬਾ ਸਰਕਾਰ ਪਰਵਾਰ ਨਾਲ ਖੜ੍ਹੀ ਹੈ। ਇਸ ਮੌਕੇ ਐਸ.ਡੀ.ਐਮ ਡਾ. ਸ਼ਾਇਰੀ ਭੰਡਾਰੀ ਨੇ ਪਰਵਾਰ ਨਾਲ ਗਹਿਰਾ ਦੁੱਖ ਪ੍ਰਗਟ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਅਤੇ ਨੌਜਵਾਨਾਂ ਨੂੰ ਹੜ੍ਹਾਂ ਦੇ ਪਾਣੀ ਵੱਲ ਬਿਲਕੁਲ ਨਾ ਜਾਣ ਦੇਣ। ਇਹ ਮੰਦਭਾਗੀ ਘਟਨਾ ਬੀਤੇ ਦਿਨੀਂ ਵਾਪਰੀ, ਜਦ 14 ਸਾਲਾ ਜਸਕਰਨ ਸਿੰਘ ਕਰਨ ਪੁੱਤਰ ਬਲਦੇਵ ਸਿੰਘ ਅਤੇ 13 ਸਾਲਾ ਦਿਲਪ੍ਰੀਤ ਸਿੰਘ ਪੁੱਤਰ ਹਰਦੇਵ ਸਿੰਘ ਜੋ ਪਿੰਡ ਧੀਰੋਵਾਲ ਦੇ ਰਹਿਣ ਵਾਲੇ ਸਨ, ਇਹ ਦੋਵੇਂ ਸਾਈਕਲ 'ਤੇ ਆਪਣੇ ਘਰੋਂ ਪਿੰਡ ਧੀਰੋਵਾਲ ਦੇ ਨਜ਼ਦੀਕ ਖੇਤਾਂ ਵਿੱਚ ਆਏ ਦਰਿਆ ਬਿਆਸ ਦੇ ਪਾਣੀ ਨੂੰ ਦੇਖਣ ਗਏ ਸਨ। ਜਦੋਂ ਦੇਰ ਸ਼ਾਮ ਤੱਕ ਇਹ ਦੋਵੇਂ ਘਰ ਨਾ ਆਏ ਤਾਂ ਪਰਵਾਰਕ ਮੈਂਬਰਾਂ ਨੇ ਇਨ੍ਹਾਂ ਦੀ ਭਾਲ ਸ਼ੁਰੂ ਕੀਤੀ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੂੰ ਪਿੰਡ ਧੀਰੋਵਾਲ ਦੇ ਨਜ਼ਦੀਕ ਨੀਵੇਂ ਇਲਾਕੇ ਦੇ ਖੇਤਾਂ ਕਿਨਾਰੇ ਸਾਈਕਲ ਅਤੇ ਬੱਚਿਆਂ ਦੀ ਚੱਪਲਾਂ ਦਿਖਾਈ ਦਿੱਤੀਆਂ ਤਾਂ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਉਥੇ ਸਰਚ ਅਭਿਆਨ ਚਲਾਇਆ ਗਿਆ। ਜਦੋਂ ਗੋਤਾਖੋਰਾਂ ਨੇ ਖੇਤ ਵਿੱਚ ਖੜ੍ਹੇ ਪਾਣੀ ਵਿੱਚ ਗੋਤਾ ਲਗਾਇਆ ਤਾਂ ਇਨ੍ਹਾਂ ਦੋਵਾਂ ਬੱਚਿਆਂ ਦੀਆਂ ਲਾਸ਼ਾ ਬਰਾਮਦ ਹੋਈਆਂ ਸਨ।

## ਧੀਰ ਵਿਖੇ ਕਬੱਡੀ ਟੂਰਨਾਮੈਂਟ ਕਰਵਾਇਆ



**ਬਟਾਲਾ (ਤਰਲੋਕ ਬੱਗਾ)**-ਪਿੰਡ ਧੀਰ ਵਿਖੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਨਸਲ ਸੰਬੰਧਤ ਮਜ਼ਦੂਰ ਟਰੇਡ ਯੂਨੀਅਨ ਦੇ ਸਹਿਯੋਗ ਨਾਲ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਅੱਜ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ 10 ਤੋਂ 40 ਦੇ ਨੌਜਵਾਨ ਬੱਚਿਆਂ ਦਾ ਸੁਨਹਿਰੀ ਭਵਿੱਖ ਬਚਾਉਣ, ਕਿਰਤੀ ਕਿਸਾਨ ਪੰਜਾਬ ਦੇ ਆਗੂ ਪਿੰਡ ਧੀਰ ਦੇ ਜਸਪਿੰਦਰ ਸਿੰਘ ਪਿੰਦੀ, ਮਲਕੀਤ ਸਿੰਘ ਨਾਲ ਰਲ ਕੇ ਪਿੰਡ ਪੰਜ ਪਿੰਡਾਂ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਕਰਾਉਣ, ਨੌਜਵਾਨੀ ਨੂੰ ਬਚਾਉਣ ਲਈ ਅਤੇ ਨਸ਼ਿਆਂ ਵਰਗੇ ਜ਼ਹਿਰ ਨੂੰ ਖਤਮ ਕਰਨ ਲਈ ਕੱਬਡੀ ਕਰਵਾਈ ਗਈ ਜਿਸ ਵਿੱਚ ਉਚੇਚੇ ਤੌਰ 'ਤੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਮੁੱਖ ਆਗੂ ਕਾਮਰੇਡ ਕਪਤਾਨ ਸਿੰਘ ਬਾਸਰਪੁਰਾ, ਸੀਨੀਅਰ ਆਗੂ ਕਾਮਰੇਡ ਮਨਜੀਤ ਰਾਜ ਬਟਾਲਾ ਨੇ ਟੂਰਨਾਮੈਂਟ ਵਿੱਚ ਆਏ ਨੌਜਵਾਨ ਪੱਤਵੰਤੇ ਸੱਜਣਾਂ ਦਾ ਜਥੇਬੰਦੀ ਵੱਲੋਂ ਧੰਨਵਾਦ ਕਰਦਿਆਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਪਿੰਡ ਪਿੰਡ ਵਿੱਚ ਅਸੀਂ ਹੋਕਾ ਦੇਵਾਂਗੇ। ਇਸ ਸਮੇਂ ਵੱਡੀ ਗਿਣਤੀ ਵਿਚ ਨੌਜਵਾਨ ਖਿਡਾਰੀ ਰਛਪਾਲ ਸਿੰਘ, ਗੁਰਦੇਵ ਸਿੰਘ, ਮੱਖਣ ਮਸੀਹ, ਸੁਖਦੇਵ ਸਿੰਘ, ਡੇਵਿਡ ਮਸੀਹ, ਪ੍ਰਭਜੋਤ ਸਿੰਘ, ਕੁਲਵਿੰਦਰ ਸਿੰਘ, ਸੁਖਦੇਵ, ਬਲਦੇਵ ਸਿੰਘ, ਸੱਤਪਾਲ ਮਸੀਹ, ਪਿੰਡ ਧੀਰ ਦੇ ਪੰਚਾਇਤ ਮੈਂਬਰ ਗੁਰਪ੍ਰੀਤ ਸਿੰਘ, ਰਛਇੰਦਰ ਸਿੰਘ ਆਦਿ ਹਾਜ਼ਰ ਸਨ।

## ਆੜ੍ਹਤੀ ਐਸੋਸੀਏਸ਼ਨ ਧਾਰੀਵਾਲ ਨੇ ਹੜ੍ਹ ਪ੍ਰਭਾਵਤ ਲੋਕਾਂ ਵਾਸਤੇ ਖਾਣ-ਪੀਣ ਦੀ ਸਮਗਰੀ ਭੇਜੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਬੀਤੇ ਦਿਨੀਂ ਬਿਆਸ ਦਰਿਆ ਦੀ ਧੁੱਸੀ ਦਾ ਬੰਨ੍ਹ ਕੁਝ ਥਾਵਾਂ ਤੋਂ ਟੁੱਟਣ ਕਾਰਨ ਪੁਰਾਣਾ ਸ਼ਾਲਾ ਇਲਾਕੇ ਦੇ ਕਈ ਪਿੰਡ ਹੜ੍ਹ ਦੀ ਮਾਰ ਹੇਠ ਆ ਗਏ ਹਨ। ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਇਸ ਇਲਾਕੇ ਦੇ ਹੜ੍ਹ ਪ੍ਰਭਾਵਤ ਲੋਕਾਂ ਲਈ ਪੁਰਾਣਾ ਸ਼ਾਲਾ ਵਿਖੇ ਰਾਹਤ ਕੈਂਪ ਬਣਾਇਆ ਹੋਇਆ ਹੈ, ਜਿਥੇ ਵਿੱਚ ਠਹਿਰੇ ਹੜ੍ਹ ਪ੍ਰਭਾਵਤ ਲੋਕਾਂ ਵਾਸਤੇ ਆੜ੍ਹਤੀ ਐਸੋਸੀਏਸ਼ਨ ਧਾਰੀਵਾਲ ਵੱਲੋਂ ਮਾਰਕੀਟ ਕਮੇਟੀ ਧਾਰੀਵਾਲ ਦੇ ਸਕੱਤਰ ਜਗਰੂਪ ਸਿੰਘ ਦੀ ਪ੍ਰੇਰਨਾ ਸਦਕਾ ਖਾਣ ਪੀਣ, ਰੋਜ਼ਾਨਾ ਵਰਤੋਂ ਯੋਗ ਜ਼ਰੂਰੀ ਵਸਤਾਂ ਭੇਜੀਆਂ ਗਈਆਂ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਧਾਰੀਵਾਲ ਦੇ ਪ੍ਰਧਾਨ ਮੰਗਲ ਸਿੰਘ, ਸਕੱਤਰ ਰੂਪ ਸਿੰਘ, ਕੈਸ਼ੀਅਰ ਕਰਤਾਰ ਸਿੰਘ ਭੰਗੂ ਅਤੇ ਐਡੀਟਰ ਜਸਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਸਤਾਂ ਵਿੱਚ ਖੰਡ, ਆਲੂ, ਪਿਆਜ਼, ਚਾਵਲ, ਪੀਣਯੋਗ ਫਿਲਟਰ ਪਾਣੀ ਦੀਆਂ ਬੋਤਲਾਂ ਦੀਆਂ ਪੇਟੀਆਂ, ਮਸਾਲਾ, ਰਿਫਾਈਂਡ, ਤੇਲ, ਘਿਓ ਆਦਿ ਖਾਣ-ਪੀਣ ਦੀ ਸਮੱਗਰੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਆਫਤ ਨਾਲ ਨਜਿੱਠਣ ਲਈ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਹਰੇਕ ਵਿਅਕਤੀ ਨੂੰ ਪ੍ਰਸ਼ਾਸਨ ਅਤੇ ਸਰਕਾਰ ਦਾ ਸਹਿਯੋਗ



ਕਰਨਾ ਚਾਹੀਦਾ ਹੈ। ਹੜ੍ਹ ਪੀੜਤ ਲੋਕਾਂ ਨੂੰ ਖਾਣ ਪੀਣ ਵਾਲੀ ਸਮੱਗਰੀ ਭੇਜਣ ਮੌਕੇ ਆੜ੍ਹਤੀ ਐਸੋਸੀਏਸ਼ਨ ਧਾਰੀਵਾਲ ਦੇ ਉਕਤ ਆਗੂਆਂ ਦੇ ਨਾਲ ਆੜ੍ਹਤੀ ਰੋਬਿਨ ਵੋਹਰਾ, ਸੁਭਾਸ਼ ਜੰਬਾ, ਰਵੀ ਮਹਾਜਨ, ਰਾਮ ਪ੍ਰਕਾਸ਼ ਸ਼ਾਸਤਰੀ, ਬਲਵਿੰਦਰ ਸਿੰਘ, ਗੁਰਿੰਦਰ ਸਿੰਘ ਖੈਹਿਰਾ, ਸਤਨਾਮ ਸਿੰਘ, ਗੁਰਮੇਜ ਸਿੰਘ, ਨੀਰਜ ਕੁਮਾਰ, ਬਲਵਿੰਦਰ ਸਿੰਘ ਭੰਗੂ ਆਦਿ ਵੀ ਹਾਜ਼ਰ ਸਨ।

## ਬੀ ਐੱਲ ਓਜ਼ ਦੇ ਕਾਰਜਾਂ ਦੀ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਨੇ ਕੀਤੀ ਪ੍ਰਸ਼ੰਸਾ

**ਪਠਾਨਕੋਟ, (ਦਵਿੰਦਰ ਸਿੰਘ)**-ਉਪ ਮੰਡਲ ਮੈਜਿਸਟਰੇਟ ਕਮ-ਚੋਣਕਾਰ ਰਜਿਸਟਰੇਸ਼ਨ ਅਫ਼ਸਰ ਕਾਲਾ ਰਾਮ ਕਾਂਸ਼ਲ ਨੇ ਮਾਨਯੋਗ ਮੁੱਖ ਚੋਣ ਅਫ਼ਸਰ ਵੱਲੋਂ ਘਰ-ਘਰ ਜਾ ਕੇ ਵੋਟਰਾਂ ਦੀ ਵੈਰੀਫਿਕੇਸ਼ਨ ਦੇ ਕੰਮ ਦੀ ਚੈਕਿੰਗ ਕਰਨ ਲਈ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਜਿਨ੍ਹਾਂ ਬੀਐੱਲਓਜ਼ ਨੇ ਆਪਣਾ ਆਨਲਾਈਨ ਕੰਮ ਸ਼ਤ ਪ੍ਰਤੀਸ਼ਤ ਕਰ ਲਿਆ ਹੈ। ਉਨ੍ਹਾਂ ਬੀਐੱਲਓਜ਼ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਇਨ੍ਹਾਂ ਬੀਐੱਲਓਜ਼ ਨੂੰ ਆਪਣਾ ਕੰਮ ਸਮੇਂ ਤੋਂ ਪਹਿਲਾਂ ਕਰਨ ਲਈ ਮੁਬਾਰਕਬਾਦ ਦਿੱਤੀ ਅਤੇ ਨਾਲ ਹੀ ਜਿਨ੍ਹਾਂ ਬੀਐੱਲਓਜ਼ ਨੇ ਅੱਜੇ ਤੱਕ 200 ਵੋਟਰ ਵੀ ਵੈਰੀਫਾਈ ਨਹੀਂ ਕੀਤੇ ਉਨ੍ਹਾਂ ਨੂੰ ਸਖਤ ਹਦਾਇਤ ਕੀਤੀ ਕਿ ਉਹ ਵੀ ਇਨ੍ਹਾਂ ਬੀਐਲਓਜ਼ ਤੋਂ ਸੇਧ ਲੈ ਕੇ ਆਪਣਾ ਕੰਮ ਪੂਰਾ ਕਰਨ। ਐੱਸਡੀਐੱਮ ਕਾਲਾ ਰਾਮ ਕਾਂਸਲ ਨੇ ਆਮ ਜਨਤਾ ਨੂੰ ਵੀ ਅਪੀਲ ਕੀਤੀ ਕਿ ਜਦੋਂ ਵੀ ਬੀਐੱਲਓਜ਼ ਉਨ੍ਹਾਂ ਦੇ ਘਰ ਆਵੇ ਤਾਂ ਉਸਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

## ਕਾਨਵੈਂਟ ਸਕੂਲ ਦੇ ਬੱਚਿਆਂ ਦੀ ਕਰਾਟੇ ਮੁਕਾਬਲਿਆਂ 'ਚ ਸ਼ਾਨਦਾਰ ਜਿੱਤ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਕਰਾਟੇ ਮੁਕਾਬਲਿਆਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ । ਕਰਾਟੇ ਡੂ ਐਸੋਸੀਏਸ਼ਨ ਆਫ ਪੰਜਾਬ ਵੱਲੋਂ 20ਵੀਂ ਪੰਜਾਬ ਸਟੇਟ ਚੈਂਪੀਅਨਸ਼ਿਪ 12 ਅਤੇ 13 ਅਗਸਤ ਨੂੰ ਸੈਲੀਬਰੇਸ਼ਨ ਮਾਲ, ਬਟਾਲਾ ਰੋਡ, ਅੰਮ੍ਰਿਤਸਰ ਵਿਖੇ ਕਰਵਾਈ ਗਈ। ਜਿਸ ਵਿੱਚ ਸੇਂਟ ਸੋਲਜਰ ਸਕੂਲ ਦੇ ਬੱਚਿਆਂ ਨੇ ਵੱਖ ਵੱਖ ਕੈਟੀਗਰੀ ਵਿੱਚ ਸ਼ਾਨਦਾਰ ਮੈਡਲ ਹਾਸਲ ਕੀਤੇ ਅਤੇ ਨਾਲ ਹੀ ਬੱਚਿਆਂ ਨੇ ਨੈਸ਼ਨਲ ਲੈਵਲ ਖੇਡਾਂ ਜਿਹੜੀਆਂ ਕੁਰੂਕਸ਼ੇਤਰ ਯੂਨੀਵਰਸਿਟੀ, ਹਰਿਆਣਾ ਵਿਖੇ ਹੋਣਗੀਆਂ ਉਨ੍ਹਾਂ ਵਿਚ ਵੀ ਕੁਆਲੀਫਾਈ ਕੀਤਾ। ਇਨ੍ਹਾਂ ਮੁਕਾਬਲਿਆਂ 'ਚ ਹਰਕੀਰਤ ਕੌਰ ਕਲਾਸ 4 (20 ) ਕੈਟੀਗਰੀ 'ਚ ਗੋਲਡ ਮੈਡਲ, ਕੋਸ਼ਲਦੀਪ ਕੌਰ 8 (45 ) ਕੈਟੀਗਰੀ 'ਚ ਗੋਲਡ ਮੈਡਲ, ਅਕਾਲਪ੍ਰੀਤ ਕੌਰ 8 (50 ) ਕੈਟੀਗਰੀ 'ਚ ਗੋਲਡ ਮੈਡਲ, ਵਾਸੂ 9 (50 ) ਕੈਟੀਗਰੀ 'ਚ ਗੋਲਡ ਮੈਡਲ, ਅਦਿਤਿਆ ਰਾਜ 9 (55 ) ਕੈਟੀਗਰੀ ਵਿੱਚ ਸਿਲਵਰ ਮੈਡਲ, ਏਕਮਪ੍ਰੀਤ ਕੌਰ 3 (21 ) ਕੈਟੀਗਰੀ 'ਚ ਸਹਿਜਨੂਰ ਕੌਰ 4 , ਅੰਬੀਕਾ 8 , ਹਰਗੁਨ ਕੌਰ 4 ਨੇ ਸਿਲਵਰ ਮੈਡਲ ਹਾਸਲ ਕੀਤੇ। ਸਕੂਲ ਵੱਲੋਂ ਸਭ ਤੋਂ ਜ਼ਿਆਦਾ ਮੈਡਲ ਜਿੱਤਣ ਕਰਕੇ ਸਕੂਲ ਨੂੰ ਆਲਓਵਰ ਟਰਾਫੀ ਨਾਲ ਸਨਮਾਨਤ ਕੀਤਾ ਗਿਆ ਸਕੂਲ ਪਹੁੰਚਣ 'ਤੇ ਐਮ.ਡੀ. ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਜੇਤੂ ਬੱਚਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਤੇ ਬੱਚਿਆਂ ਅਤੇ ਉਨ੍ਹਾਂ ਦੇ ਕੋਚ ਸੁਖਦੇਵ ਸਿੰਘ ਨੂੰ ਵਧਾਈ ਦਿੱਤੀ । ਇਸ ਮੌਕੇ ਜੇਤੂ ਬੱਚਿਆਂ ਦੇ ਮਾਪੇ, ਸਕੂਲ ਦਾ ਸਾਰਾ ਸਟਾਫ ਅਤੇ ਬੱਚੇ ਹਾਜ਼ਰ ਸਨ।

## ਤੇਜ਼ ਰਫਤਾਰ ਬਣ ਰਹੀ ਸੜਕੀ ਹਾਦਸਿਆਂ ਦਾ ਮੁੱਖ ਕਾਰਨ : ਵਿੱਕੀ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**- ਦਿਨ ਪ੍ਰਤੀ ਦਿਨ ਵੱਧ ਰਹੇ ਸੜਕੀ ਹਾਦਸਿਆਂ ਦੇ ਅੰਕੜੇ ਸਾਡੇ ਸਾਰਿਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਅਤੇ ਖਤਰੇ ਦੀ ਘੰਟੀ ਹੈ ਕਿਉਂਕਿ ਇਨ੍ਹਾਂ ਹਾਦਸਿਆ 'ਚ ਪਰਿਵਾਰਾਂ ਦੇ ਪਰਿਵਾਰ ਮੌਤ ਦੇ ਮੂੰਹ ਵਿਚ ਜਾ ਰਹੇ ਹਨ। ਇਸ ਲਈ ਇਨ੍ਹਾਂ ਸੜਕ ਹਾਦਸਿਆਂ ਨੂੰ ਰੋਕਣ ਲਈ ਸਾਨੂੰ ਸਾਂਝੇ ਉਪਰਾਲੇ ਕਰਨ ਦੀ ਲੋੜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉਘੇ ਸਾਮਜ ਸੇਵਕ ਵਿੱਕੀ ਕਾਂਡਾ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਵਾਹਨ ਚਲਾਉਣ ਸਮੇਂ ਵਰਤੀ ਜਾਣ ਵਾਲੀ ਅਣਗਹਿਲੀ, ਨਸ਼ਾ ਅਤੇ ਤੇਜ਼ ਰਫਤਾਰੀ ਤੋਂ ਇਲਾਵਾ ਪਹਿਲਾਂ ਪਹੁੰਚਣ ਦੀ ਲੱਗੀ ਅੰਨ੍ਹੀ ਦੌੜ ਇਨ੍ਹਾਂ ਹਾਦਸਿਆਂ ਦੇ ਅੰਕੜਿਆਂ ਵਿੱਚ ਦਿਨ ਪ੍ਰਤੀ ਦਿਨ ਵਾਧਾ ਕਰ ਰਹੀ ਹੈ। ਸੜਕ ਹਾਦਸਿਆਂ ਦੀ ਰੋਕਥਾਮ ਕਰਦਿਆਂ ਜਿੱਥੇ ਸਾਨੂੰ ਆਪਣਾ ਬਚਾਅ ਕਰਨਾ ਚਾਹੀਦਾ ਹੈ ਉਥੇ ਨਾਲ ਹੀ ਦੂਸਰਿਆਂ ਦਾ ਬਚਾਅ ਵੀ ਕਰਨਾ ਚਾਹੀਦਾ ਹੈ ਤਾਂ ਜੋ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇ।

## ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਦਾ ਬੀ.ਐੱਡ ਦਾ ਨਤੀਜਾ ਸ਼ਾਨਦਾਰ

**ਗੁਰਦਾਸਪੁਰ (ਜਨਕ ਮਹਾਜਨ)**- ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਪੜ੍ਹ ਰਹੇ ਬੀ.ਐੱਡ ਦੇ ਵਿਦਿਆਰਥੀਆਂ ਦਾ ਸਾਲ 2022-24 ਦੇ ਦੂਜੇ ਸਮੈਸਟਰ ਦਾ ਨਤੀਜਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨਿਆ ਗਿਆ। ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਕਾਲਜ ਦੇ ਬੀ.ਐੱਡ ਦੂਜੇ ਸਮੈਸਟਰ ਦਾ ਨਤੀਜਾ ਸੌ ਫ਼ੀਸਦੀ ਰਿਹਾ। ਵਿਦਿਆਰਥਣ ਤਨੀਸ਼ਾ ਆਨੰਦ ਨੇ 363 ਅੰਕ ਲੈ ਕੇ ਕਾਲਜ 'ਚੋਂ ਪਹਿਲਾ, ਸੀਨੂ ਵਿਰਦੀ ਨੇ 361 ਅੰਕ ਲੈ ਕੇ ਦੂਜਾ ਸਥਾਨ ਅਤੇ ਪ੍ਰੀਤੀ ਨੇ 356 ਅੰਕ ਲੈ ਕੇ ਕਾਲਜ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ ਹੈ। ਬਾਕੀ ਵਿਦਿਆਰਥੀਆਂ ਨੇ ਵਧੀਆ ਅੰਕ ਲੈ ਕੇ ਇਹ ਪ੍ਰਾਪਤੀ ਪ੍ਰਾਪਤ ਕੀਤੀ। ਕਾਲਜ ਮੈਨੇਜਮੈਂਟ ਮੈਂਬਰ ਡਾ. ਵਿਨੋਦ ਮਹਾਜਨ ਨੇ ਪ੍ਰਿੰਸੀਪਲ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧੀਆ ਨਤੀਜਾ ਆਉਣ 'ਤੇ ਵਧਾਈ ਦਿੱਤੀ ਡਾ. ਵਿਨੋਦ ਮਹਾਜਨ ਨੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

## ਮੋਦੀ ਦੀ ਅਗਵਾਈ 'ਚ ਦੇਸ਼ ਦੀ ਆਰਥਕ ਸਥਿਤੀ ਮਜ਼ਬੂਤ ਹੋਈ : ਜਸਮਿੰਦਰ ਚੋਗਾਵਾਂ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਰਿਵਾਰਵਾਦ ਬਾਰੇ ਜੋ ਕਿਹਾ ਹੈ ਉਸ ਨੇ ਨਵੇਂ ਗੱਠਜੋੜ ਇੰਡੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਭਾਜਪਾ ਆਗੂ ਜਸਮਿੰਦਰ ਸਿੰਘ ਚੋਗਾਵਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਚੋਗਾਵਾਂ ਨੇ ਕਿਹਾ ਕਿ ਅਜ਼ਾਦੀ ਦਿਵਸ 'ਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 9 ਸਾਲਾਂ ਵਿੱਚ ਜੋ ਕੰਮ ਕੀਤਾ ਹੈ ਉਸ ਨੂੰ ਲਾਲ ਕਿਲ੍ਹੇ 'ਤੋਂ ਜਨਤਾ ਅੱਗੇ ਵਿਸਤਾਰ ਨਾਲ ਰੱਖਿਆ ਗਿਆ ਅਤੇ ਭ੍ਰਿਸ਼ਟਾਚਾਰ ਪਰਿਵਾਰਵਾਦ ਤੁਸ਼ਟੀਕਰਨ ਤਿੰਨੇ ਸਭ ਤੋਂ ਵੱਡੀ ਸਮੱਸਿਆ ਬਾਰੇ ਬੋਲਦਿਆਂ ਕਿਹਾ ਕਿ ਇਸ ਨੂੰ ਹੱਲ ਕਰਨ ਦੀ ਉਨ੍ਹਾਂ ਜ਼ਿੰਮੇਵਾਰੀ ਲਈ ਹੈ । ਚੋਗਾਵਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਦੀ ਆਰਥਕ ਸਥਿਤੀ ਮਜ਼ਬੂਤ ਹੋਈ ਹੈ ਅਤੇ ਮਹਿੰਗਾਈ 'ਤੇ ਕਾਬੂ ਕੀਤਾ ਤੇ ਨਾਲ ਹੀ ਮੱਧਮ ਵਰਗ ਦੇ ਲਈ ਘਰ ਬਣਾਉਣ ਲਈ ਰਾਹਤ ਦਿੱਤੀ ਦੇਣ ਦਾ ਵੀ ਪ੍ਰਧਾਨ ਮੰਤਰੀ ਨੇ ਭਰੋਸਾ ਦਿੱਤਾ ਹੈ ।

## ਪੈਰਾਡਾਈਜ਼ ਸਕੂਲ ਜੰਡਿਆਲਾ ਗੁਰੂ 'ਚ ਅਜ਼ਾਦੀ ਦਿਵਸ ਮਨਾਇਆ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ )**:- ਏਂਜਲ ਪੈਰਾਡਾਈਜ਼ ਸਕੂਲ ਜੰਡਿਆਲਾ ਗੁਰੂ ਵਿਖੇ ਅਜ਼ਾਦੀ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਨੂੰ ਹਰੇ, ਸੰਤਰੀ ਅਤੇ ਚਿੱਟੇ ਗੁਬਾਰਿਆਂ ਨਾਲ ਸਜਾਇਆ ਗਿਆ। ਨੰਨ੍ਹੇ ਬੱਚੇ ਤਿਰੰਗੇ ਕੱਪੜੇ ਪਹਿਨ ਕੇ ਸਕੂਲ ਪੁੱਜੇ । ਅਧਿਆਪਕਾਂ ਕਿਹਾ ਕਿ ਸਾਨੂੰ ਸਭ ਨੂੰ ਅਜ਼ਾਦੀ ਦਾ ਇਹ ਦਿਹਾੜਾ ਕਈ ਕੁਰਬਾਨੀਆਂ ਸਦਕਾ ਮਿਲਿਆ ਹੈ ਅਤੇ ਉਨ੍ਹਾਂ ਕੁਰਬਾਨੀਆਂ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ ਪ੍ਰਿੰਸੀਪਲ ਅੰਮ੍ਰਿਤਪਾਲ ਸਿੰਘ ਅਤੇ ਡਾਇਰੈਕਟਰ ਮਨਦੀਪ ਕੌਰ ਨੇ ਕਿਹਾ ਕਿ ਬੱਚਿਆਂ ਨੂੰ ਆਪਣੇ ਦੇਸ਼, ਸੰਸਕ੍ਰਿਤ। ਕੁਰਬਾਨੀਆਂ ਅਤੇ ਸੱਭਿਅਤਾ ਬਾਰੇ ਦੱਸਣਾ ਸਾਡਾ ਫਰਜ਼ ਹੈ। ਉਨ੍ਹਾਂ ਦੇਸ਼ ਵਾਸੀਆਂ ਨੂੰ ਤਿਰੰਗੇ ਦਾ ਸਨਮਾਨ ਕਰਨ ਦੀ ਅਪੀਲ ਕੀਤੀ ਗਈ।

## ਤੈਰਾਕੀ ਮੁਕਾਬਲੇ 'ਚ ਅਯਾਨ ਸੇਠ ਨੂੰ ਮਿਲਿਆ ਸਨਮਾਨ



**ਅੰਮ੍ਰਿਤਸਰ (ਅਰੋੜਾ)**- ਰਾਮ ਬਾਗ ਸਰਵਿਸ ਕਲੱਬ ਵਿਖੇ ਛੋਟੇ ਬੱਚਿਆਂ ਵਿਚਕਾਰ ਕਰਵਾਈ ਗਈ ਤੈਰਾਕੀ ਮੁਕਾਬਲੇ ਵਿੱਚ ਵੱਖ-ਵੱਖ ਕਲਾਵਾਂ 'ਚ ਮਾਹਰ ਵਿਦਿਆਰਥੀਆਂ ਨੇ ਆਪਣੀ ਤੈਰਾਕੀ ਕਲਾਂ ਦੇ ਜੌਹਰ ਵਿਖਾਏ। ਏ.ਆਈ.ਸੀ.ਈ.ਸੁਸਾਇਟੀ ਵੱਲੋਂ ਤੈਰਾਕੀ ਮੁਕਾਬਲੇ ਵਿੱਚ ਭੂਮਿਕਾ ਨਿਭਾਉਣ ਵਾਲੇ 12 ਸਾਲ ਦੇ ਅਯਾਨ ਸੇਠ ਨੂੰ ਯਾਦਗਿਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸੋਸਾਇਟੀ ਦੀ ਪ੍ਰਿੰਸੀਪਲ ਮੀਨੂ ਰਾਜਪੂਤ ਨੇ ਸਾਰੇ ਖਿਲਾੜੀਆਂ ਅਤੇ ਤੈਰਾਕੀ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਕੋਚ ਰਜਿੰਦਰ ਕੁਮਾਰ ਲਵਲੀ ਨੂੰ ਮੁਬਾਰਕਬਾਦ ਦਿੱਤੀ।

## ਡੀ ਆਰ ਹੈਰੀਟੇਜ ਪਬਲਿਕ ਸਕੂਲ 'ਚ ਅਜ਼ਾਦੀ ਦਿਵਸ ਮਨਾਇਆ



**ਬਟਾਲਾ (ਡਾ. ਮਲਵਿੰਦਰ ਸਿੰਘ )**- ਡੀ ਆਰ ਹੈਰੀਟੇਜ ਪਬਲਿਕ ਸਕੂਲ ਬਟਾਲਾ ਵਿਖੇ ਅਜ਼ਾਦੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਹਰਪ੍ਰੀਤ ਕੌਰ, ਸਿੱਖਿਆ ਸਲਾਹਕਾਰ ਸੁਰਿੰਦਰ ਕੁਮਾਰੀ ਮੁੱਖ ਮਹਿਮਾਨ, ਭਾਰਤੀ ਯੋਗ ਸੰਸਥਾ ਦੇ ਪ੍ਰਤੀਨਿਧ ਨਵੀਨ ਗੰਭੀਰ, ਹਰੀਸ਼, ਗੁਰਪ੍ਰੀਤ ਅਤੇ ਸਮੂਹ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀ ਸ਼ਾਮਲ ਸਨ । ਇਸ ਮੌਕੇ ਮੁੱਖ ਮਹਿਮਾਨ ਅਤੇ ਪ੍ਰਿੰਸੀਪਲ ਹਰਪ੍ਰੀਤ ਕੌਰ ਦੁਆਰਾ ਦੀਪ ਜਗਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਗਾਏ, ਨਾਚ ਪੇਸ਼ ਕੀਤੇ ਤੇ ਭਾਸ਼ਣ ਵੀ ਦਿੱਤੇ।

## ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ 'ਚ ਸਾਇੰਸ ਕੁਇਜ਼ ਮੁਕਾਬਲੇ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਵਿੰਦਰ ਸਿੰਘ ਸਰਪ੍ਰਸਤੀ ਹੇਠ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਯੋਗ ਅਗਵਾਈ ਵਿੱਚ ਚਲ ਰਹੀ ਸੰਸਥਾ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਵਿੱਚ ਬੱਚਿਆਂ ਦੇ ਸਾਇੰਸ ਕੁਇੱਜ਼ ਮੁਕਾਬਲੇ ਕਰਵਾਏ ਗਏ। ਮੰਚ ਸੰਚਾਲਕ ਦੀ ਭੂਮਿਕਾ ਮੈਡਮ ਨਵਨੀਤ ਕੌਰ ਨੇ ਨਿਭਾਈ। ਇਸ ਸਾਇੰਸ ਕੁਇੱਜ਼ ਮੁਕਾਬਲੇ ਵਿੱਚ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸੰਬੰਧੀ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਦੱਸਿਆ ਕਿ ਕੁਇੱਜ਼ ਮੁਕਾਬਲੇ 'ਚ ਚਾਰ-ਚਾਰ ਵਿਦਿਆਰਥੀਆਂ ਦੀਆਂ ਟੀਮਾਂ ਬਣਾਈਆਂ ਗਈਆਂ। ਮੁਕਾਬਲੇ 'ਚ ਤਨਜੀਤ ਕੌਰ , ਮਹਿਕਪ੍ਰੀਤ ਕੌਰ, ਬਬੀਤਾ ਅਤੇ ਗੁਰਲੀਨ ਕੌਰ ਦੀ ਟੀਮ ਨੇ ਵਧੀਆ ਪ੍ਰਦਰਸ਼ਨ ਕਰਕੇ ਪਹਿਲਾ, ਸਾਹਿਬਪ੍ਰੀਤ ਸਿੰਘ, ਮਨਵੀਤ ਕੌਰ, ਮਨਪ੍ਰੀਤ ਕੌਰ ਤੇ ਸੁਖਦੀਪ ਕੌਰ ਦੀ ਟੀਮ ਨੇ ਦੂਜਾ ਅਤੇ ਰਣਵੀਰ ਸਿੰਘ, ਤਸਨੀਤ ਕੌਰ, ਮਨਜੋਤ ਕੌਰ ਤੇ ਸੁਖਮਨਪ੍ਰੀਤ ਕੌਰ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਸਾਇੰਸ ਅਧਿਆਪਕਾ ਸੁਖਮਨੀ ਉੱਪਲ ਦਾ ਇਸ ਸਾਇੰਸ ਕੁਇੱਜ਼ ਮੁਕਾਬਲੇ ਲਈ ਵਿਸ਼ੇਸ਼ ਸਹਿਯੋਗ ਰਿਹਾ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਮਹਾਨ ਸਾਇੰਸਦਾਨਾਂ ਦੇ ਜੀਵਨ ਦੇ ਸੰਕੇਤ ਦੇ ਕੇ ਬੱਚਿਆਂ ਨੂੰ ਪ੍ਰੇਰਿਆ। ਇਸ ਮੌਕੇ ਸਕੂਲ ਇੰਚਾਰਜ ਮੈਡਮ ਹਰਮਿੰਦਰ ਕੌਰ, ਡੀ ਪੀ ਅਮਰੀਕ ਸਿੰਘ, ਮੈਡਮ ਜਗਦੀਪ ਕੌਰ, ਮੈਡਮ ਕੁਲਬੀਰ ਕੌਰ ਅਤੇ ਸਮੂਹ ਸਟਾਫ ਹਾਜ਼ਰ ਸੀ।

## ਸਰੂਪ ਰਾਣੀ ਸਰਕਾਰੀ ਕਾਲਜ 'ਚ ਮਨਾਇਆ ਗਿਆ ਤੀਆਂ ਦਾ ਤਿਉਹਾਰ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਅਨਿਖੜਵਾਂ ਅੰਗ ਹੈ। ਸਰੂਪ ਰਾਣੀ ਸਰਕਾਰੀ ਕਾਲਜ ਇ. ਅੰਮ੍ਰਿਤਸਰ ਵਿਖੇ ਪ੍ਰਿੰਸੀਪਲ ਪ੍ਰੋ. ਡਾ. ਦਲਜੀਤ ਕੌਰ ਦੀ ਰਹਿਨੁਮਾਈ ਵਿੱਚ ਸਟਾਫ ਤੇ ਵਿਦਿਆਰਥੀਆਂ ਵਲੋਂ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਮੁੱਖ ਮਹਿਮਾਨ ਐੱਮਐੱਲਏ ਪ੍ਰੋ. ਬਲਜਿੰਦਰ ਕੌਰ ਨੂੰ ਨਿੱਘੀ ਜੀ ਆਇਆਂ ਕਹਿ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਵਿੱਚ ਸੱਭਿਆਚਾਰਕ ਗੀਤ, ਡਾਂਸ, ਗਿੱਧੇ ਦੇ ਸ਼ਾਨਦਾਰ ਪੇਸਕਾਰੀ ਕੀਤੀ ਅਤੇ ਸਟਾਫ ਤੇ ਬੱਚਿਆਂ ਨੇ ਹੱਥ ਰੰਗਲੀ ਮਹਿੰਦੀ ਨਾਲ ਸਜਾਏ। ਪੀਂਘਾਂ ਝੂਟਦੀਆਂ ਮੁਟਿਆਰਾਂ ਨੇ ਹਾਸਿਆਂ ਦੀ ਛਹਿਬਰ ਲਾਈ। ਸੱਭਿਆਚਾਰਕ ਪਹਿਰਾਵੇ ਤੇ ਗਹਿਣਿਆਂ ਵਿੱਚ ਸਟਾਫ ਮੈਂਬਰ ਤੀਆਂ ਦੇ ਤਿਉਹਾਰ ਨੂੰ ਖੁਸ਼ੀ ਤੇ ਚਾਅ ਨਾਲ ਮਨਾਉਂਦੇ ਨਜ਼ਰ ਆਏ। ਮੁੱਖ ਮਹਿਮਾਨ ਨੇ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਅਤੇ ਸੱਭਿਆਚਾਰ ਨੂੰ ਸਾਂਭੀ ਰੱਖਦੇ ਹੋਏ ਅਜਿਹੇ ਦਿਨ ਮਨਾਉਂਦੇ ਰਹਿਣ ਦਾ ਸੰਦੇਸ਼ ਦਿੱਤਾ। ਪ੍ਰਿੰਸੀਪਲ ਨੇ ਇਸ ਤਿਉਹਾਰ ਦੀ ਸਭ ਨੂੰ ਵਧਾਈ ਦਿੰਦਿਆਂ ਇਨ੍ਹਾਂ ਤਿਓਹਾਰਾਂ ਨੂੰ ਮਨਾਉਂਦੇ ਰਹਿਣ ਤੇ ਸੱਭਿਆਚਾਰ ਦੇ ਵੱਡਮੁਲੇ ਖਜਾਨੇ 'ਤੇ ਪਹਿਰਾ ਦੇਣ ਲਈ ਕਿਹਾ। ਇਸ ਮੌਕੇ ਸਭ ਨੇ ਖੀਰ ਪੂੜਿਆਂ ਦਾ ਆਨੰਦ ਮਾਣਿਆ।

## ਐਕਸਾਈਜ਼ ਵਿਭਾਗ ਤੇ ਝਬਾਲ ਪੁਲਸ ਨੇ ਲਾਹਣ ਨਾਲ ਭਰੇ 12 ਡਰੰਮ ਫੜੇ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਅੱਜ ਐਕਸਾਈਜ਼ ਵਿਭਾਗ ਤੇ ਥਾਣਾ ਝਬਾਲ ਪੁਲਸ ਦੇ ਸਾਂਝੇ ਅਪ੍ਰੇਸ਼ਨ ਦੌਰਾਨ ਪਿੰਡ ਠੱਠਗੜ੍ਹ ਤੋਂ 12 ਡਰੰਮ (2400 ਲੀਟਰ) ਲਾਹੁਣ ਬਰਾਮਦ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਐਕਸਾਈਜ਼ ਵਿਭਾਗ ਦੇ ਇੰਸਪੈਕਟਰ ਅਮਰੀਕ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕਈ ਦਿਨਾਂ ਤੋਂ ਸੂਚਨਾ ਮਿਲ ਰਹੀ ਸੀ ਕਿ ਪਿੰਡ ਠੱਠਗੜ੍ਹ ਵਾਸੀ ਗੁਰਸੇਵਕ ਸਿੰਘ ਪੁੱਤਰ ਸਤਨਾਮ ਸਿੰਘ ਘਰ ਵਿੱਚ ਦੇਸੀ ਸਰਾਬ ਕੱਢ ਕੇ ਵੇਚਣ ਦਾ ਧੰਦਾ ਕਰਦਾ ਹੈ ਤੇ ਉਨ੍ਹਾਂ ਵਲੋਂ ਪੱਕੀ ਸੂਚਨਾ 'ਤੇ ਕਾਰਵਾਈ ਕਰਦਿਆਂ ਅੱਜ ਉਸ ਦੇ ਘਰ ਛਾਪੇਮਾਰੀ ਕੀਤੀ ਤਾਂ ਜ਼ਮੀਨ ਵਿੱਚ ਦੱਬੇ 12 ਡਰੰਮ ਲਾਹਣ ਦੇ ਬਰਾਮਦ ਕੀਤੇ ਜਦ ਕਿ ਦੋਸ਼ੀ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋ ਗਿਆ। ਥਾਣਾ ਝਬਾਲ 'ਚ ਤਫਤੀਸ਼ੀ ਅਧਿਕਾਰੀ ਏ ਐਸ ਆਈ ਕਰਮ ਸਿੰਘ ਨੇ ਕਿਹਾ ਕਿ ਗੁਰਸੇਵਕ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਠੱਠਗੜ੍ਹ ਖਿਲਾਫ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ ਤੇ ਦੋਸ਼ੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਮੌਕੇ ਐਕਸਾਈਜ਼ ਇੰਸਪੈਕਟਰ ਅਮਰੀਕ ਸਿੰਘ, ਏ ਐਸ ਆਈ ਕਰਮ ਸਿੰਘ, ਏ ਐਸ ਆਈ ਜਸਵਿੰਦਰ ਸਿੰਘ, ਏ ਐਸ ਆਈ ਭਗਵੰਤ ਸਿੰਘ, ਐਚ ਸੀ ਸਾਹਿਬ ਸਿੰਘ ਤੇ ਵੱਡੀ ਗਿਣਤੀ ਵਿੱਚ ਐਕਸਾਈਜ਼ ਵਿਭਾਗ ਤੇ ਪੁਲਸ ਮੁਲਾਜ਼ਮ ਹਾਜ਼ਰ ਸਨ।

## ਡਾਕਟਰ ਹਰ ਤਰ੍ਹਾਂ ਦੀ ਸੇਵਾ ਲਈ ਅੱਗੇ ਰਹਿੰਦੇ : ਡਾ. ਸਤਨਾਮ ਸਿੰਘ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)** ਪਿਛਲੇ ਕੁਝ ਦਿਨਾਂ ਤੋਂ ਵਿਧਾਨ ਸਭਾ ਹਲਕਾ ਕਾਦੀਆਂ ਦੇ ਬੇਟ ਇਲਾਕੇ ਦੇ ਵੱਖ-ਵੱਖ ਪਿੰਡਾਂ ਅੰਦਰ ਬਿਆਸ ਦਰਿਆ ਦੇ ਪਾਣੀ ਦੀ ਮਾਰ ਹੇਠ ਆਏ ਹਜ਼ਾਰਾਂ ਲੋਕਾਂ ਲਈ ਪ੍ਰਸ਼ਾਸਨ ਅਤੇ ਵੱਖ ਵੱਖ ਸਮਾਜਕ ਅਤੇ ਆਮ ਲੋਕਾਂ ਵੱਲੋਂ ਜਿਥੇ ਦਿਨ ਰਾਤ ਹੜ ਪ੍ਰਭਾਵਤ ਲੋਕਾਂ ਲਈ ਰਾਹਤ ਤੇ ਬਚਾਅ ਕਾਰਜ ਲਗਾਤਾਰ ਜਾਰੀ ਹਨ, ਉਥੇ ਹੀ ਪਿੰਡਾਂ ਅੰਦਰ ਪ੍ਰੈਕਟਿਸ ਕਰ ਰਹੇ ਆਰ ਐਮ ਪੀ ਡਾਕਟਰ ਵੀ ਬਣਦਾ ਯੋਗਦਾਨ ਪਾ ਰਹੇ ਹਨ। ਭਾਵੇਂ ਕਿ ਇਨ੍ਹਾਂ ਪੇਂਡੂ ਡਾਕਟਰਾਂ ਨੂੰ ਬਹੁਤ ਭੰਡਿਆ ਜਾਂਦਾ ਹੈ। ਜਦੋਂ ਵੀ ਕਦੇ ਵੀ ਕੋਈ ਕੁਦਰਤੀ ਕਰੋਪੀ ਜਾਂ ਮੁਸੀਬਤ ਆਉਂਦੀ ਹੈ ਤਾਂ ਇਹ ਪਿੰਡਾਂ ਵਾਲੇ ਡਾਕਟਰ ਹਰ ਤਰ੍ਹਾਂ ਦੀ ਸੇਵਾ ਲਈ ਅੱਗੇ ਰਹਿੰਦੇ ਹਨ ਅਤੇ ਬਹੁ-ਕੀਮਤੀ ਜਾਨਾਂ ਨੂੰ ਵੇਲੇ ਸਿਰ ਫਸਟ ਏਡ ਦੇ ਬਚਾਉਂਦੇ ਹਨ ।ਹੁਣ ਵੀ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਜਿਥੇ ਸੜਕੀ ਆਵਾਜਾਈ ਤਕਰੀਬਨ ਬੰਦ ਪਈ ਹੈ, ਇਸ ਏਰੀਏ ਦੇ ਸਿਵਲ ਹਸਪਤਾਲ ਤੇ ਡਿਸਪੈਂਸਰੀਆਂ ਬੰਦ ਪਈਆਂ ਹਨ, ਮਰੀਜ਼ਾਂ ਨੂੰ ਸ਼ਹਿਰਾਂ ਦੇ ਹਸਪਤਾਲਾਂ ਵਿੱਚ ਲੈ ਕੇ ਜਾਣਾ ਨਾ ਮੁਮਕਿਨ ਹੋਇਆ ਪਿਆ ਹੈ, ਉਥੇ ਹੀ ਹੜ੍ਹ ਪੀੜਤ ਬਿਮਾਰ ਲੋਕਾਂ ਲਈ ਦੀ ਮਦਦ ਲਈ ਇੱਕੋ ਇੱਕ ਸਹਾਰਾ ਇਹ ਪੇਂਡੂ ਡਾਕਟਰ ਹੀ ਬਣੇ ਹੋਏ ਹਨ, ਜੋ ਟਰੈਕਟਰਾਂ 'ਤੇ ਬੈਠ ਕੇ ਜਾਂ ਕਿਸ਼ਤੀਆਂ ਵਿੱਚ ਜਾਂ ਕਿਸੇ ਵੀ ਤਰ੍ਹਾਂ ਮਰੀਜ਼ਾਂ ਕੋਲ ਪਹੁੰਚ ਕੇ ਉਨ੍ਹਾਂ ਨੂੰ ਮੁਢਲੀਆਂ ਸਿਹਤ ਸਹੂਲਤਾਂ ਦੇ ਰਹੇ ਹਨ। ਹੜ੍ਹ ਪ੍ਰਭਾਵਤ ਪਿੰਡਾਂ ਅੰਦਰ ਮੈਡੀਕਲ ਸਹੂਲਤਾਂ ਦੇ ਰਹੇ ਡਾ. ਸਤਨਾਮ ਸਿੰਘ ਫੇਰੋਚੇਚੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਅਸੀਂ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਨੂੰ ਬੇਨਤੀਆਂ ਕਰਦੇ ਆ ਰਹੇ ਹਾਂ ਕਿ ਪਿੰਡਾਂ ਵਿੱਚ ਪ੍ਰੈਕਟਿਸ ਕਰ ਰਹੇ ਡਾਕਟਰਾਂ ਨੂੰ ਬਿਨਾਂ ਦੇਰੀ ਤੋਂ ਰਜਿਸਟਰਡ ਕੀਤਾ ਜਾਵੇ ਬੇਸ਼ੱਕ ਉਸ ਵਾਸਤੇ ਸਾਡੇ ਤੋਂ ਕੋਈ ਕੋਰਸ ਵੀ ਕਰਵਾ ਲਿਆ ਜਾਵੇ ।

## ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਲਈ ਰਾਹਤ ਕਾਰਜ ਆਰੰਭੇ : ਡਿਪਟੀ ਕਮਿਸ਼ਨਰ

**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਪਿਛਲੇ ਕਈ ਦਿਨਾਂ ਤੋਂ ਦਰਿਆ ਸਤਲੁਜ ਨਾਲ ਲੱਗਦੇ ਧੁੱਸੀ ਬੰਨ੍ਹ ਨੂੰ ਸੰਵੇਦਨਸ਼ੀਲ ਥਾਵਾਂ ਤੋਂ ਮਜ਼ਬੂਤ ਕਰਨ ਦਾ ਕੰਮ ਚੱਲ ਰਿਹਾ ਸ੍ਰੀ, ਪੰਤੂ ਭਾਖੜਾ ਡੈਮ ਅਤੇ ਪੌਂਗ ਡੈਮ ਤੋਂ ਆਉਣ ਨਾਲ ਦਰਿਆ ਵਿੱਚ ਪਾਣੀ ਦਾ ਪੱਧਰ ਵਧ ਜਾਣ ਕਾਰਨ ਅੱਜ ਪਿੰਡ ਘੜੁੰਮ ਨੇੜੇ ਧੁੱਸੀ ਬੰਨ੍ਹ ਵਿੱਚ ਪਾੜ ਪੈ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਬਲਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਲੋਕਾਂ ਅਤੇ ਸਮਾਜਕ ਤੇ ਧਾਰਮਕ ਜਥੇਬੰਦੀਆਂ ਦੇ ਸਹਿਯੋਗ ਨਾਲ ਬੰਨ੍ਹ ਨੂੰ ਪੂਰਨ ਲਈ ਜੰਗੀ ਪੱਧਰ 'ਤੇ ਰਾਹਤ ਕਾਰਜ ਆਰੰਭੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬੰਨ੍ਹ ਵਿੱਚ ਪਾਏ ਪਾੜ ਨੂੰ ਪੂਰਨ ਲਈ ਲੋੜੀਂਦੇ ਮਸ਼ੀਨਰੀ ਤੇ ਮੈਨਪਾਵਰ ਦੇ ਪ੍ਰਬੰਧ ਕੀਤੇ ਗਏ ਹਨ ਅਤੇ ਪਾੜ ਨੂੰ ਪੂਰਨ ਲਈ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਤ ਲੋਕਾਂ ਨੂੰ ਬਾਹਰ ਕੱਢਣ ਲਈ 7 ਕਿਸ਼ਤੀਆਂ ਤੇ 4 ਐੱਨ. ਡੀ. ਆਰ. ਐੱਫ਼ ਦੀਆਂ ਟੀਮਾਂ ਰਾਹਤ ਕਾਰਜਾਂ ਵਿੱਚ ਜੁਟੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਦਰਿਆ ਦੇ ਡਾਊਨ ਸਟਰੀਮ ਪਾਣੀ ਦੇ ਵਹਾਅ ਨੂੰ ਘੱਟ ਕਰਨ ਲਈ ਹਰੀਕੇ ਹੈੱਡ ਵਰਕਸ ਦੇ 15 ਗੇਟ ਬੰਦ ਕੀਤੇ ਗਏ ਹਨ ਤਾਂ ਜੋ ਰਾਹਤ ਕਾਰਜਾਂ ਵਿੱਚ ਪਰੇਸ਼ਾਨੀ ਨਾ ਅਵੇ। ਬਲਦੀਪ ਕੌਰ ਨੇ ਕਿਹਾ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚੋਂ ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ ਅਤੇ ਨੀਵੇਂ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਉੱਚੀਆਂ ਥਾਵਾਂ 'ਤੇ ਆ ਜਾਣ। ਉਨ੍ਹਾਂ ਦੱਸਿਆ ਕਿ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 7 ਰਾਹਤ ਕੇਂਦਰ ਬਣਾਏ ਗਏ ਹਨ। ਜਿੱਥੇ ਲੋਕਾਂ ਨੂੰ ਖਾਣ-ਪੀਣ, ਦਵਾਈਆਂ, ਤਰਪਾਲਾਂ ਆਦਿ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ੍ਹ ਪ੍ਰਭਾਵਤ ਖੇਤਰਾਂ ਵਿੱਚੋਂ ਪਸ਼ੂ ਧਨ ਨੂੰ ਵੀ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਪਸ਼ੂਆਂ ਲਈ ਹਰੇ ਚਾਰੇ ਤੇ ਸਾਇਲੇਜ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਸਵੇਰੇ ਹਰੀਕੇ ਹੈੱਡ ਵਰਕਸ ਤੋਂ 2 ਲੱਖ 84 ਹਜ਼ਾਰ ਕਿਊਸਿਕ ਪਾਣੀ ਚੱਲ ਰਿਹਾ ਸੀ, ਜੋ ਸ਼ਾਮ ਤੱਕ ਘਟ ਕੇ 2 ਲੱਖ 30 ਹਜ਼ਾਰ ਕਿਊਸਿਕ ਹੋ ਗਿਆ ਸੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕੁਦਰਤੀ ਆਫ਼ਤ ਦੀ ਇਸ ਘੜੀ ਦੌਰਾਨ ਸੰਜਮ ਰੱਖਣ ਤੇ ਜ਼ਿਲ੍ਹਾ ਵਾਸੀ ਅਫ਼ਵਾਹਾਂ ਤੋਂ ਸੁਚੇਤ ਰਹਿਣ ਅਤੇ ਪ੍ਰਸ਼ਾਸਨ ਦਾ ਸਾਥ ਦੇਣ। ਉਨ੍ਹਾਂ ਦੱਸਿਆ ਕਿ ਬੰਨ੍ਹ ਵਿੱਚ ਪਾੜ ਦੇ ਪੈਣ ਨਾਲ ਲੱਗਭੱਗ 39 ਪਿੰਡ ਪ੍ਰਭਾਵਤ ਹੋਏ ਹਨ। ਉਹਨਾਂ ਕਿਹਾ ਕਿ ਨੀਵੇਂ ਇਲਾਕਿਆਂ ਵਿੱਚ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਤੋਂ ਪਹਿਲਾਂ ਪ੍ਰਿੰਸੀਪਲ ਸੈਕਟਰੀ ਜਲ ਸਰੋਤ ਪ੍ਰਬੰਧਨ ਕ੍ਰਿਸ਼ਨ ਕੁਮਾਰ ਅਤੇ ਡਿਪਟੀ ਕਮਿਸ਼ਨਰ ਬਲਦੀਪ ਕੌਰ ਵੱਲੋਂ ਧੁੱਸੀ ਬੰਨ੍ਹ ਦੀਆਂ ਵਧੇਰੇ ਸੰਵੇਦਸਨਸ਼ੀਲ ਥਾਵਾਂ 'ਤੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਚਲਾਏ ਜਾ ਰਹੇ ਕਾਰਜਾਂ ਦਾ ਜਾਇਜ਼ਾ ਲਿਆ ਗਿਆ।

## ਬਿਆਸ ਦਰਿਆ ਦਾ ਪਾਣੀ ਚੜ੍ਹਨ ਕਾਰਨ ਫਸਲਾਂ ਦਾ ਭਾਰੀ ਨੁਕਸਾਨ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**- ਦਰਿਆ ਬਿਆਸ ਨਾਲ ਲੱਗਦੇ ਪਿੰਡ ਚੰਬਾ ਕਲਾਂ, ਕੰਬੋ ਢਾਏ ਵਾਲਾ, ਧੁੰਨ ਢਾਏ ਵਾਲਾ, ਘੜ੍ਹਕਾ,ਕਰਮੂਵਾਲਾ, ਗੁੱਜਰਪੁਰਾ, ਮੁੰਡਾ ਪਿੰਡ ਆਦਿ ਪਿੰਡ ਦੇ ਮੰਡ ਖੇਤਰ ਵਿੱਚ ਬਿਆਸ ਦਰਿਆ ਦਾ ਪਾਣੀ ਚੜ੍ਹਨ ਕਾਰਨ ਕਿਸਾਨਾਂ ਦੀਆਂ ਫਸਲਾਂ ਜਿਵੇਂ ਝੋਨਾ, ਬਾਸਮਤੀ, ਚਾਰਾ ਆਦਿ ਸਭ ਬਰਬਾਦ ਹੋ ਗਏ ਜਿਸ ਨਾਲ ਕਿਸਾਨਾਂ ਦੇ ਚਿਹਰੇ ਮਾਯੂਸ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਿਸਾਨ ਮਜ਼ਦੂਰ ਸੰਗਰਸ਼ ਕਮੇਟੀ ਪੰਜਾਬ ਦੇ ਆਗੂ ਹਰਜਿੰਦਰ ਸਿੰਘ ਸਕਰੀ, ਅਜੀਤ ਸਿੰਘ ਪ੍ਰਧਾਨ ਚੰਬਾ, ਹਰਜਿੰਦਰ ਸਿੰਘ ਪ੍ਰਧਾਨ ਚੰਬਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਮਾਰ ਸਾਡੇ ਪਿੰਡਾਂ ਨੂੰ ਹਰ ਸਾਲ ਪੈ ਰਹੀ ਹੈ ਪਰ ਕਿਸੇ ਵੀ ਸਰਕਾਰ ਨੇ ਇਸ 'ਤੇ ਤਵੱਜੋ ਨਹੀਂ ਦਿੱਤੀ। ਕਿਸਾਨ ਹਰ ਸਾਲ ਹੜ੍ਹ ਦੀ ਮਾਰ ਵੱਜਣ ਕਾਰਨ ਹੋਰ ਕਰਜ਼ਾਈ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਪਿੰਡਾ ਦੀ ਜ਼ਮੀਨ ਜ਼ਿਆਦਾਤਰ ਮੰਡ ਖੇਤਰ ਵਿੱਚ ਪੈਂਦੀ ਹੈ ਜੋ ਕਿ ਮਾਲਕੀ ਹੈ। ਉਨ੍ਹਾਂ ਦੱਸਿਆ ਕਿ ਅਜੇ ਤੱਕ ਸਾਨੂੰ ਪਿਛਲੇ ਸਾਲ ਦੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਨਹੀਂ ਮਿਲਿਆ। ਉਨ੍ਹਾਂ ਸਰਕਾਰ ਕੋਲੋਂ ਮੰਗ ਕੀਤੀ ਕੀਤੀ ਕਿ ਪੀੜਤ ਕਿਸਾਨਾਂ ਨੂੰ ਪਿਛਲੇ ਸਾਲ ਵਾਲਾ ਮੁਆਵਜ਼ਾ ਤੇ ਇਸ ਸਾਲ ਵਾਲਾ ਮੁਆਵਜ਼ਾ ਘੱਟੋ ਘੱਟ 50000 ਰੁਪਏ ਪ੍ਰਤੀ ਏਕੜ ਇੱਕ ਸੀਜ਼ਨ ਦਾ ਦਿੱਤਾ ਜਾਵੇ। ਇਸ ਮੌਕੇ ਕਰਮ ਸਿੰਘ ਪ੍ਰਧਾਨ ਹਵੇਲੀਆਂ, ਸੁਖਬੀਰ ਸਿੰਘ, ਕੁਲਵੰਤ ਸਿੰਘ ਘੋਗਾ, ਬਾਊ ਹਵੇਲੀਆਂ, ਗੁਰਜੰਟ ਸਿੰਘ, ਬੀਰਾ ਸਿੰਘ ਨਾਗ, ਪ੍ਰਕਾਸ਼ ਸਿੰਘ ਆਦਿ ਕਿਸਾਨ ਹਾਜ਼ਰ ਸਨ।

ਨਵਾਂ ਜ਼ਮਾਨਾ
ਸੋਮਵਾਰ, 21 ਅਗਸਤ 2023

# ਤਾਨਾਸ਼ਾਹੀ ਵਿਰੁੱਧ ਉਠ ਰਹੀਆਂ ਅਵਾਜ਼ਾਂ

ਕੇਂਦਰ ਦੀ ਸੱਤਾ ਉੱਤੇ ਕਾਬਜ਼ ਹੋਣ ਤੋਂ ਬਾਅਦ ਸੰਘ ਤੇ ਭਾਜਪਾ ਨੇ ਸਿੱਖਿਆ ਸੰਸਥਾਵਾਂ 'ਤੇ ਹਮਲਾ ਬੋਲ ਦਿੱਤਾ ਸੀ। ਜੇ ਐੱਨ ਯੂ, ਜਾਮੀਆ, ਉਸਮਾਨੀਆ ਤੇ ਹੈਦਰਾਬਾਦ ਯੂਨੀਵਰਸਿਟੀਆਂ ਨੂੰ ਕਮਿਊਨਿਸਟਾਂ ਦੇ ਅੱਡੇ ਕਹਿ ਕੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਸੀ। ਬਹੁਤ ਸਾਰੇ ਵਿਦਿਆਰਥੀ ਆਗੂਆਂ ਨੂੰ ਦੇਸ਼ਧ੍ਰੋਹੀ ਕਹਿ ਕੇ ਬਦਨਾਮ ਕੀਤਾ ਗਿਆ। ਝੂਠੇ ਕੇਸ ਮੜ੍ਹ ਕੇ ਜੇਲ੍ਹਾਂ ਵਿੱਚ ਡੱਕਿਆ ਗਿਆ, ਜਿਨ੍ਹਾਂ ਵਿੱਚੋਂ ਕਈ ਅੱਜ ਵੀ ਜੇਲ੍ਹੀਂ ਬੰਦ ਹਨ ਜਾਂ ਮੁਕੱਦਮੇ ਭੁਗਤ ਰਹੇ ਹਨ। ਸੰਘ ਦਾ ਅਸਲ ਮਕਸਦ ਇਨ੍ਹਾਂ ਸੰਸਥਾਵਾਂ ਨੂੰ ਆਪਣੇ ਕਬਜ਼ੇ ਵਿੱਚ ਕਰਨਾ ਸੀ। ਇਨ੍ਹਾਂ ਸੰਸਥਾਵਾਂ ਅੰਦਰ ਸੰਘ ਦੀ ਵਿਚਾਰਧਾਰਾ ਵਾਲੇ ਵਾਈਸ ਚਾਂਸਲਰ ਲਾਏ ਗਏ ਤੇ ਪਾਠਕ੍ਰਮਾਂ ਵਿੱਚ ਬਦਲਾਅ ਕਰਕੇ ਵਿੱਦਿਅਕ ਵਾਤਾਵਰਨ ਨੂੰ ਦੂਸ਼ਿਤ ਕੀਤਾ ਗਿਆ।

ਇਹ ਸਭ ਕਰਨ ਦੇ ਬਾਵਜੂਦ ਉੱਚ ਸਿੱਖਿਆ ਸੰਸਥਾਵਾਂ ਵਿਚਲੇ ਵਿਗਿਆਨਕ ਸੋਚ ਦੇ ਲੋਕ ਲਗਾਤਾਰ ਜੂਝਦੇ ਰਹੇ ਹਨ। ਹੁਣ ਤਾਂ ਉਹ ਖੁੱਲ੍ਹ ਕੇ ਤਾਨਾਸ਼ਾਹੀ ਹੁਕਮਾਂ ਵਿਰੁੱਧ ਅਵਾਜ਼ ਚੁੱਕਣ ਲੱਗ ਪਏ ਹਨ। ਇਨ੍ਹੀਂ ਦਿਨੀਂ ਦੋ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿਹੜੇ ਸਾਬਤ ਕਰਦੇ ਹਨ ਕਿ ਲੋਕਤੰਤਰ ਵਿੱਚ ਆਸਥਾ ਰੱਖਣ ਵਾਲੇ ਅਧਿਆਪਕ ਤੇ ਵਿਦਿਆਰਥੀ ਉਨ੍ਹਾਂ ਉੱਪਰ ਮੜ੍ਹੇ ਗਏ ਤਾਨਾਸ਼ਾਹੀ ਹੁਕਮਾਂ ਨੂੰ ਕਬੂਲ ਕਰਨ ਲਈ ਤਿਆਰ ਨਹੀਂ ਹਨ।

ਪਹਿਲਾ ਮਾਮਲਾ ਭਾਰਤੀ ਵਿਗਿਆਨ ਸੰਸਥਾਨ ਬੇਂਗਲੂਰੂ ਦਾ ਹੈ, ਜਿੱਥੇ ਇੱਕ ਪ੍ਰੋਗਰਾਮ ਵਿੱਚ ਭਾਗ ਲੈਣ ਆਈ ਨਾਗਰਿਕ ਅਧਿਕਾਰ ਕਾਰਕੁਨ ਤੀਸਤਾ ਸੀਤਲਵਾੜ ਨੂੰ ਇੰਸਟੀਚਿਊਟ ਵਿੱਚ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਪ੍ਰੋਗਰਾਮ ਦੇ ਆਯੋਜਕ ਵਿਦਿਆਰਥੀਆਂ ਨੇ ਪ੍ਰੋਗਰਾਮ ਦੀ ਰਜਿਸਟਰਾਰ ਤੋਂ ਮਨਜ਼ੂਰੀ ਵੀ ਲਈ ਹੋਈ ਸੀ। 'ਬਰੇਕ ਦਾ ਸਾਈਲੈਂਸ' ਨਾਮੀ ਇਸ ਪ੍ਰੋਗਰਾਮ ਵਾਲੇ ਦਿਨ ਜਦੋਂ ਤੀਸਤਾ ਸੀਤਲਵਾੜ ਆਈ ਤਾਂ ਉਸ ਨੂੰ ਗੇਟ 'ਤੇ ਹੀ ਰੋਕ ਦਿੱਤਾ ਗਿਆ। ਇਸ ਉੱਤੇ ਪ੍ਰੋਫ਼ੈਸਰਾਂ ਤੇ ਵਿਦਿਆਰਥੀਆਂ ਨੇ ਵਿਰੋਧ ਕੀਤਾ ਤਾਂ ਸੀਤਲਵਾੜ ਨੂੰ ਪ੍ਰੋਗਰਾਮ ਵਿੱਚ ਦਾਖ਼ਲ ਹੋਣ ਦੀ ਮਨਜ਼ੂਰੀ ਦਿੱਤੀ ਗਈ।

ਦੂਜੀ ਘਟਨਾ ਅਸ਼ੋਕਾ ਯੂਨੀਵਰਸਿਟੀ ਦੀ ਹੈ, ਜਿੱਥੇ ਇੱਕ ਖੋਜ ਪੱਤਰ ਉੱਤੇ ਉਠੇ ਵਿਵਾਦ ਤੋਂ ਬਾਅਦ ਅਰਥ ਸ਼ਾਸਤਰ ਦੇ ਸਹਾਇਕ ਪ੍ਰੋਫ਼ੈਸਰ ਸਬਸਾਚੀ ਦਾਸ ਨੂੰ ਅਸਤੀਫ਼ਾ ਦੇਣਾ ਪਿਆ ਸੀ। ਦਾਸ ਦਾ ਖੋਜ ਪੱਤਰ 'ਡੈਮੋਕ੍ਰੇਟਿਕ ਬੈਕਸਲਾਈਡਿੰਗ ਇਨ ਦ ਵਰਡਜ਼ ਲਾਰਜੈਸਟ ਡੈਮੋਕਰੇਸੀ' ਵਿੱਚ 2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਹੇਰਾਫੇਰੀ ਬਾਰੇ ਪੜਤਾਲੀਆਂ ਤੱਥ ਪੇਸ਼ ਕੀਤੇ ਗਏ ਸਨ। ਇਸ ਖੋਜ ਪੱਤਰ ਦਾ ਸੱਤਾਧਾਰੀਆਂ ਵੱਲੋਂ ਵਿਰੋਧ ਕਰਨ ਉੱਤੇ ਯੂਨੀਵਰਸਿਟੀ ਨੇ ਇੱਕ ਬਿਆਨ ਰਾਹੀਂ ਆਪਣੇ ਆਪ ਨੂੰ ਖੋਜ ਪੱਤਰ ਤੋਂ ਵੱਖ ਕਰ ਲਿਆ ਸੀ। ਇਸ ਤੋਂ ਬਾਅਦ ਦਾਸ ਨੇ ਅਸਤੀਫ਼ਾ ਦੇ ਦਿੱਤਾ। ਪ੍ਰੋਫ਼ੈਸਰ ਸਬਸਾਚੀ ਦੇ ਅਸਤੀਫ਼ੇ ਤੋਂ ਬਾਅਦ ਅਰਥ ਸ਼ਾਸਤਰ ਦੇ ਇੱਕ ਹੋਰ ਪ੍ਰੋਫ਼ੈਸਰ ਬਾਲਾਕ੍ਰਿਸ਼ਨਨ ਨੇ ਵੀ ਅਸਤੀਫ਼ਾ ਦੇ ਦਿੱਤਾ। ਇਹੋ ਨਹੀਂ ਇਨ੍ਹਾਂ ਅਸਤੀਫਿਆਂ ਤੋਂ ਬਾਅਦ ਦੂਜੇ ਵਿਭਾਗਾਂ ਦੇ ਪ੍ਰੋਫ਼ੈਸਰ ਵੀ ਯੂਨੀਵਰਸਿਟੀ ਪ੍ਰਸ਼ਾਸਨ ਦੇ ਵਿਰੋਧ ਵਿੱਚ ਨਿੱਤਰ ਆਏ ਹਨ।

ਸਬਸਾਚੀ ਦਾਸ ਦੇ ਸਮਰਥਨ ਵਿੱਚ ਰਾਜਨੀਤੀ ਵਿਗਿਆਨ, ਸਮਾਜ ਸ਼ਾਸਤਰ ਅਤੇ ਮਾਨਵ ਵਿਭਾਗਾਂ ਨੇ ਬਿਆਨ ਜਾਰੀ ਕੀਤਾ ਹੈ। ਰਾਜਨੀਤੀ ਵਿਭਾਗ ਨੇ ਸਰਬਸੰਮਤੀ ਨਾਲ ਕਿਹਾ ਹੈ ਕਿ ਪ੍ਰੋ. ਸਬਸਾਚੀ ਨੂੰ ਯੂਨੀਵਰਸਿਟੀ ਵਿੱਚ ਵਾਪਸ ਲਿਆਂਦਾ ਜਾਵੇ। ਇਸ ਦੇ ਨਾਲ ਹੀ ਕਿਹਾ ਹੈ ਕਿ ਪ੍ਰੋਫ਼ੈਸਰ ਦਾਸ ਨੇ ਅਕਾਦਮਿਕ ਅਭਿਆਸ ਦੇ ਕਿਸੇ ਵੀ ਮਾਪਦੰਡ ਦਾ ਉਲੰਘਣ ਨਹੀਂ ਕੀਤਾ। ਇਸ ਦੇ ਨਾਲ ਹੀ ਗਵਰਨਨਿੰਗ ਬਾਡੀ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਉਸ ਦੇ ਅਜਿਹੇ ਰਵੱਈਏ ਕਾਰਨ ਅਸੀਂ ਵੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰੱਥ ਹੋਵਾਂਗੇ।

## ਪਾਠਕ-ਸੱਥ

### ਇੰਜ ਹੋਵੇ ਮਿਸਾਲੀ ਕਾਰਵਾਈ

ਅੱਠ ਸਾਲਾਂ ਦੀ ਮਾਸੂਮ ਬਾਲੜੀ ਨਾਲ ਜਬਰ-ਜਨਾਹ ਕਰਨ ਵਾਲੇ ਦਰਿੰਦੇ ਖਿਲਾਫ ਕਾਨਪੁਰ ਦੀ ਇੱਕ ਅਦਾਲਤ ਨੇ ਮਾਤਰ 29 ਦਿਨਾਂ ਵਿਚ ਹੀ ਆਪਣੀ ਪੂਰੀ ਮੁਸਤੈਦੀ ਨਾਲ ਕਾਰਵਾਈ ਨੇਪਰੇ ਚਾੜ੍ਹ ਕੇ ਦੋਸ਼ੀ ਨੂੰ 20 ਸਾਲਾਂ ਦੀ ਬਾਮੁਸ਼ੱਕਤ ਸੁਣਾ ਕੇ ਇੱਕ ਵੱਡੀ ਮਿਸਾਲ ਪੇਸ਼ ਕੀਤੀ ਹੈ। ਜੇ ਕਿਹਾ ਜਾਵੇ ਕਿ ਇਹ ਅਦਾਲਤ ਅਸਲ ਵਿਚ ਪੀੜਤ ਲਈ ਇਨਸਾਫ ਦਾ ਮੰਦਰ ਹੋ ਨਿਬੜੀ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ। ਕਾਬਲੇਗੌਰ ਹੈ ਇਸ ਕੇਸ ਵਿਚ ਅਦਾਲਤੀ ਕਾਰਵਾਈ ਰੋਜ਼ਾਨਾ ਚੱਲ ਕੇ ਆਪਣੇ ਅੰਜਾਮ 'ਤੇ ਪਹੁੰਚੀ। ਤ੍ਰਾਸਦੀ ਹੀ ਕਹੀ ਜਾਵੇਗੀ ਕਿ ਲੱਖਾਂ ਦੀ ਗਿਣਤੀ ਵਿਚ ਕੇਸ ਵੱਖ-ਵੱਖ ਅਦਾਲਤਾਂ ਵਿਚ ਦਹਾਕਿਆਂ ਤੋ ਲਟਕ ਰਹੇ ਹਨ, ਪਰ ਅਜਿਹੇ ਕੇਸਾਂ ਵਿਚ ਫਾਸਟ ਟਰੈਕ ਅਦਾਲਤਾਂ ਰਾਹੀਂ ਫੈਸਲਾ ਤੁਰੰਤ ਹੋਵੇ। ਸਮਾਜ 'ਤੇ ਧੱਬਾ ਅਜਿਹੇ ਦਰਿੰਦਿਆਂ ਨੂੰ ਕਿਸੇ ਵੀ ਹਾਲਤ ਵਿਚ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ ਹੈ।

- ਨੀਲ ਕਮਲ ਰਾਣਾ ਦਿੜ੍ਹਬਾ, 98151-71874

### ਨਸ਼ਿਆਂ ਨੂੰ ਰੋਕਣ ਦੀ ਲੋੜ

ਜੇਕਰ ਪੰਜਾਬੀ ਹੜ੍ਹ ਆਉਣ 'ਤੇ ਦਰਿਆ ਨੂੰ ਬੰਨ੍ਹ ਮਾਰ ਸਕਦੇ ਹਨ ਜਾਂ ਹੋਰ ਆਈਆਂ ਆਫਤਾਂ ਚੋਂ ਆਪਣੇ ਏਕੇ ਨਾਲ ਨਿਕਲ ਸਕਦੇ ਹਨ ਤਾਂ ਪੰਜਾਬ ਵਿਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਰੋਕਣ ਲਈ ਵੀ ਅੱਗੇ ਆਉਣ ਤਾਂ ਜੋ ਪੰਜਾਬ 'ਚ ਚਿੱਟੇ ਨਾਲ ਮਰ ਰਹੀ ਨੌਜਵਾਨ ਪੀੜ੍ਹੀ ਨੂੰ ਬਚਾਇਆ ਜਾ ਸਕੇ ਜੇਕਰ ਪੰਜਾਬ ਦੀ ਨੌਜਵਾਨੀ ਨੂੰ ਬਚਾਉਣਾ ਹੈ ਤਾਂ ਸਾਨੂੰ ਸਮੁੱਚੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਪੰਜਾਬ ਦੇ ਸਮੂਹ ਪਿੰਡਾਂ ਵਿੱਚ ਕਮੇਟੀਆਂ ਬਣਾ ਕੇ ਇਸ ਮੁਹਿੰਮ ਨੂੰ ਲਹਿਰ ਬਣਾਉਣ ਦੀ ਲੋੜ ਹੈ, ਫਿਰ ਪੰਜਾਬ ਨੌਜਵਾਨ ਪੀੜ੍ਹੀ ਬਚਾਈ ਜਾ ਸਕਦੀ ਹੈ। ਪੰਜਾਬ ਦੇ ਸਮੂਹ ਪਿੰਡਾਂ ਨੂੰ ਇਸ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਹੁਣ ਲੋਕਾਂ ਨੂੰ ਸਰਕਾਰਾਂ ਤੇ ਪ੍ਰਸ਼ਾਸਨ ਤੋਂ ਚਿੱਟੇ ਨੂੰ ਖਤਮ ਕਰਨ ਦੀ ਝਾਕ ਖਤਮ ਹੋ ਚੁੱਕੀ ਹੈ , ਕਿਉਂਕਿ ਜੇਕਰ ਸਰਕਾਰ ਨਿਰਪੱਖ ਜਾਂਚ ਕਰਵਾਏ ਤਾਂ ਪੰਜਾਬ ਵਿੱਚ ਚਿੱਟੇ ਨਾਲ ਮਰੇ ਹਜ਼ਾਰਾਂ ਨੌਜਵਾਨਾਂ ਦੀ ਕਹਾਣੀ ਸਾਹਮਣੇ ਆ ਸਕਦੀ ਹੈ। ਵਿਰੁੱਧ ਮੁਹਿੰਮ ਵਿੱਢਣ ਵਾਲੇ ਵਿਅਕਤੀਆਂ ਉਪਰ ਨਸ਼ਾ ਤਸਕਰਾਂ ਵਲੋਂ ਜਿੱਥੇ ਹਮਲੇ ਕੀਤੇ ਜਾ ਰਹੇ ਹਨ, ਉੱਥੇ ਪੁਲਸ ਵੀ ਉਨ੍ਹਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੀ ਆਏ ਦਿਨ ਚਰਚਾ ਹੋ ਰਹੀ ਹੈ, ਜੋ ਨਸ਼ਾ ਤਸਕਰਾਂ ਦੇ ਹੌਸਲੇ ਹੋਰ ਵੀ ਬੁਲੰਦ ਕਰ ਰਹੀ ਹੈ ਪੁਲਸ ਦੇ ਉਚ ਅਧਿਕਾਰੀਆਂ ਨਸ਼ਾ ਤਸਕਰਾਂ ਵਿਰੁੱਧ ਮੁਹਿੰਮ ਵਿੱਢਣ ਵਾਲਿਆਂ ਨੂੰ ਸਹਿਯੋਗ ਦਿੱਤਾ ਜਾਵੇ, ਤਾਂ ਜੋ ਉਹ ਨਸ਼ਿਆਂ ਵਿੱਚ ਡੁਬ ਰਹੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਹੋਰ ਵੀ ਉਪਰਾਲੇ ਕਰ ਸਕਣ।

-ਗੁਰਨਾਮ ਸਿੰਘ ਨਿਧੜਕ, ਸ਼ਾਹਕੋਟ

# ਫਿਰਕਾਪ੍ਰਸਤੀ : ਤਬਾਹੀ ਵੱਲ ਜਾਂਦਾ ਰਾਹ


ਸੁੱਚਾ ਸਿੰਘ ਖੱਟੜਾ

ਫਿਰਕਾਪ੍ਰਸਤੀ ਹੁਣ ਪੂਰੇ ਜੋਬਨ 'ਤੇ ਹੈ। ਚਰਚਾਵਾਂ ਤੋਂ ਤੰਗ ਆ ਚੁੱਕੇ ਪਾਠਕਾਂ ਲਈ ਜ਼ਰੂਰੀ ਹੈ ਕਿ ਚਰਚਾਵਾਂ ਅਤੇ ਲਿਖਤਾਂ ਤੋਂ ਤੰਗ ਹੋਣ ਦੀ ਥਾਂ ਸਾਨੂੰ ਫਿਰਕਾਪ੍ਰਸਤੀ ਤੋਂ ਏਨਾ ਤੰਗ ਆਉਣਾ ਚਾਹੀਦਾ ਹੈ ਕਿ ਇਸ ਨੂੰ ਭਾਰਤੀ ਰਾਜਨੀਤੀ, ਧਰਮ ਅਤੇ ਸਮਾਜ ਵਿੱਚੋਂ ਬਾਹਰ ਕੱਢਣ ਲਈ ਹਰ ਯਤਨ ਦਾ ਸਹਿਯੋਗ ਕਰਨ ਤੋਂ ਕਦੇ ਵੀ ਥੱਕਣਾ ਨਹੀਂ ਚਾਹੀਦਾ। ਕਿਉਂ? ਕਿਉਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਸਮਝ ਲਈਏ ਕਿ ਫਿਰਕਾਪ੍ਰਸਤੀ ਅਜਿਹਾ ਕੁਝ ਵੀ ਨਹੀਂ, ਜਿਸ ਨੂੰ ਕੰਨ ਤੋਂ ਫੜ ਕਿਧਰੇ ਜੰਗਲ ਛੱਡ ਆਉਣਾ ਹੈ। ਇੰਨੀ ਸਮਝ ਕਾਫ਼ੀ ਹੈ ਇਹ ਸਮਝਣ ਲਈ ਕਿ ਫਿਰਕਾਪ੍ਰਸਤੀ ਉਹ ਮਾਨਸਿਕ ਅਵਸਥਾ ਹੈ, ਜਿਹੜੀ ਜ਼ਹਿਰੀਲੀ ਸੋਚ ਤੋਂ ਉਬਾਲਾ ਖਾਂਦੀ ਅਤੇ ਜਿਸ ਦਾ ਅੰਤਮ ਪ੍ਰਗਟਾਅ ਹਿੰਸਾ ਹੈ। ਫਿਰਕਾਪ੍ਰਸਤੀ ਦਾ ਵਲੇਵਾਂ ਇੰਨਾ ਵਿਆਪਕ ਹੈ ਕਿ ਸਮਾਜ ਦਾ ਕੋਈ ਵੀ ਵਿਅਕਤੀ ਇਸ ਨੂੰ "ਮੈਨੂੰ ਕੀ" ਦੇ ਕੂੜਾਦਾਨ ਵਿੱਚ ਨਹੀਂ ਸੁੱਟ ਸਕਦਾ।

ਬੇਹੱਦ ਮਹੱਤਵਪੂਰਨ ਹੈ ਕਿ ਫਿਰਕਾਪ੍ਰਸਤੀ ਧਾਰਮਿਕ, ਸਮਾਜਿਕ ਖੇਤਰੀ ਜਾਂ ਭਾਸ਼ਾਈ ਹੋਵੇ, ਅੰਤਮ ਸਿੱਟਾ ਉਸ ਫਿਰਕੇ ਦੀ ਤਬਾਹੀ ਜਿਸ ਦੇ ਵਿਰੁੱਧ ਸੇਧਤ ਹੋਵੇ, ਦੇ ਨਾਲ-ਨਾਲ ਉਸ ਮਾਨਸਿਕ ਬਣਤਰ ਦੀ ਵੀ ਤਬਾਹੀ ਹੁੰਦੀ ਹੈ, ਜਿਹੜੀ ਸਮਾਜਿਕ ਸਹਿ ਹੋਂਦ ਅਤੇ ਸਹਿਯੋਗ ਬਣਾ ਕੇ ਰੱਖਦੀ ਹੈ। ਆਪਣੇ ਚੁਗਿਰਦੇ ਨਜ਼ਰ ਮਾਰੀਏ ਤਾਂ ਕਿਸਾਨੀ, ਕਾਰਖਾਨੇ, ਵਪਾਰ, ਸਿੱਖਿਆ, ਸਿਹਤ ਆਦਿ ਸੇਵਾਵਾਂ ਸਭ ਧੰਦਿਆਂ ਵਿੱਚ ਲੋੜੀਂਦਾ ਸਾਜ਼ੋ-ਸਾਮਾਨ ਖੇਤੀ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਮਾਜ ਮਿਲ ਕੇ ਪੈਦਾ ਕਰਦਾ ਅਤੇ ਭੋਗਦਾ ਹੈ। ਸਹਿਹੋਂਦ ਅਤੇ ਸਹਿਯੋਗ ਵਿੱਚ ਹੀ ਦਇਆ, ਪਿਆਰ ਅਤੇ ਕਰੁਣਾ ਜਿਹੇ ਗੁਣ ਉਪਜਦੇ ਹਨ। ਨਫ਼ਰਤ ਇਨ੍ਹਾਂ ਸਦਗੁਣਾ ਦਾ ਨਾਸ ਹੀ ਨਹੀਂ ਕਰਦੀ, ਨਫ਼ਰਤ ਉਸ ਮੰਡਲ ਨੂੰ ਵੀ ਬੰਜਰ ਕਰ ਛੱਡਦੀ ਹੈ, ਜਿੱਥੇ ਇਨ੍ਹਾਂ ਮਾਨਵੀ ਗੁਣਾਂ ਨੇ ਪਨਪਣਾ ਹੁੰਦਾ ਹੈ।

ਫਿਰਕਾ ਕਿਸੇ ਵੀ ਅਧਾਰ ਉੱਤੇ ਬਣ ਸਕਦਾ ਹੈ। ਧਰਮ, ਜਾਤੀ, ਇਲਾਕਾ, ਭਾਸ਼ਾ, ਰਹਿਣ-ਸਹਿਣ, ਸੱਭਿਆਚਾਰ ਆਦਿ ਅਨੇਕਾਂ ਹੋਰ ਅਧਾਰ ਹੋ ਸਕਦੇ ਹਨ। ਇੱਕ ਫਿਰਕੇ ਦੀ ਪ੍ਰਸਤੀ ਜਦੋਂ ਦੂਜੇ ਫਿਰਕੇ ਜਾਂ ਫਿਰਕਿਆਂ ਨੂੰ ਆਪਣੀ ਹੋਂਦ ਲਈ ਖ਼ਤਰਾ ਸਮਝਣ ਲੱਗ ਜਾਏ ਤਾਂ ਉਹ ਫਿਰਕਾਪ੍ਰਸਤੀ ਹਾਨੀਕਾਰਕ ਬਣ ਜਾਂਦੀ ਹੈ। ਹਿੰਦੂ ਫਿਰਕਾਪ੍ਰਸਤੀ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਪਰ ਫਿਰਕਿਆਂ ਵਿੱਚ ਅਜਿਹੀ ਭਾਵਨਾ ਅਕਸਰ ਹੀ ਬਾਹਰੋਂ ਸੁੱਟੀ ਜਾਂਦੀ ਹੈ। ਅਜਿਹੀ ਫਿਰਕਾਪ੍ਰਸਤੀ ਦਾ ਜ਼ਾਹਰਾ ਮੰਤਵ ਫਿਰਕਾਪ੍ਰਸਤੀ ਫੈਲਾਉਣ ਵਾਲਿਆਂ ਦੇ ਫ਼ਿਰਕੇ ਦੇ ਅਧਾਰੀ ਗੁਣਾਂ ਜਾਂ ਵਿਸ਼ੇਸ਼ਤਾਵਾਂ ਵਿੱਚ ਕੋਈ ਮਿਆਰੀ ਜਾਂ ਮਿਕਦਾਰੀ ਸੁਧਾਰ ਕਰਨਾ ਨਹੀਂ ਹੁੰਦਾ, ਸਗੋਂ ਉਨ੍ਹਾਂ ਦੇ ਅਧਾਰੀ ਗੁਣਾਂ ਜਾਂ ਵਿਸ਼ੇਸ਼ਤਾਵਾਂ ਨੂੰ ਬਾਹਰੋਂ ਖ਼ਤਰਾ ਦੱਸ ਕੇ ਉਸ ਫਿਰਕੇ ਦੇ ਧਰੁਵੀਕਰਨ ਕਰਕੇ ਉਸ ਦੇ ਆਪੂੰ ਬਣੇ ਹਿਤੈਸ਼ੀ ਜਾਂ ਰਖਵਾਲੇ ਦੇ ਪੱਖ ਵਿੱਚ ਵੋਟ ਭੁਗਤਾਉਣਾ ਹੁੰਦਾ ਹੈ।

ਮਿਸਾਲ ਲਈ ਹਿੰਦੂਤਵੀ ਫਿਰਕਾਪ੍ਰਸਤੀ ਹਿੰਦੂ ਸੰਸਕ੍ਰਿਤੀ ਜਾਂ ਸੱਭਿਆਚਾਰ ਲਈ ਅੱਜ ਮੁਸਲਮਾਨਾਂ ਅਤੇ ਕ੍ਰਿਸਚੀਅਨਾਂ ਤੋਂ ਖ਼ਤਰਾ ਖੜ੍ਹਾ ਕਰ ਕੇ ਫੈਲਾਈ ਜਾ ਰਹੀ ਹੈ। ਕਦੇ ਸੋਚਿਆ ਕਿ ਹਿੰਦੂਤਵੀ ਸ਼ਕਤੀਆਂ ਨੇ ਹਿੰਦੂ ਸੰਸਕ੍ਰਿਤੀ ਦੇ ਫੈਲਾਅ ਲਈ ਅਤੇ ਹਿੰਦੂ ਸੱਭਿਆਚਾਰ ਵਿੱਚ ਵਿਗਾੜਾਂ ਨੂੰ ਦੂਰ ਕਰਨ ਲਈ ਕਦੇ ਕੁਝ ਨਹੀਂ ਕੀਤਾ, ਸਗੋਂ ਹਿੰਦੂ ਸੰਸਕ੍ਰਿਤੀ ਅਤੇ ਸੱਭਿਆਚਾਰ ਵਿਚਲੇ ਉਨ੍ਹਾਂ ਗੁਣਾਂ-ਵਿਸ਼ੇਸ਼ਤਾਵਾਂ ਨੂੰ ਬੰਜਰ ਬਣਾ ਦਿੱਤਾ, ਜਿਨ੍ਹਾ ਵਿੱਚ ਹਰ ਬਾਹਰਲੀ ਸੰਸਕ੍ਰਿਤੀ ਅਤੇ ਸੱਭਿਆਚਾਰ ਨੂੰ ਆਪਣੇ ਅੰਦਰ ਜਜ਼ਬ ਕਰਕੇ ਉਸ ਨੂੰ ਪ੍ਰਭਾਵਤ ਕਰਨ ਅਤੇ ਖ਼ੁਦ ਆਪਣੀ ਸੰਸਕ੍ਰਿਤੀ ਅਤੇ ਸੱਭਿਆਚਾਰ ਵਿੱਚ ਲੋੜੀਂਦੇ ਸੁਧਾਰ ਕਰਨ ਦੀ ਸਮਰੱਥਾ ਸੀ। ਇਹ ਹੁਣ ਹਿੰਦੂ ਸੋਚਣ ਕਿ ਹਿੰਦੂਤਵੀ ਫਿਰਕਾਪ੍ਰਸਤੀ ਉਨ੍ਹਾ ਨੂੰ ਦੇ ਕੀ ਰਹੀ ਹੈ ਅਤੇ ਉਹ ਉਨ੍ਹਾ ਤੋਂ ਲੈ ਕੀ ਰਹੇ ਹਨ।

ਇਸੇ ਤਰ੍ਹਾਂ ਪੰਜਾਬ ਵਿੱਚ ਸਿੱਖ ਫਿਰਕਾਪ੍ਰਸਤਾਂ ਦਾ 80ਵਿਆਂ ਵਿੱਚ ਬੋਲਬਾਲਾ ਸੀ। ਬੱਸਾਂ ਵਿੱਚੋਂ ਮੋਨੇ ਹਿੰਦੂ ਕੱਢ-ਕੱਢ ਮਾਰਨੇ, ਹਿੰਦੂ ਹਸਤੀਆਂ ਮਾਰਨੀਆਂ ਅਤੇ ਕਾਮਰੇਡਾਂ ਨੂੰ ਮਾਰਨਾ ਉਨ੍ਹਾ ਦਿਨਾਂ ਵਿੱਚ ਆਮ ਵਰਤਾਰਾ ਸੀ। ਕੀ ਉਨ੍ਹਾ ਅਨਸਰਾਂ ਲਈ ਹਾਦਾਨਾਹਰਾ ਲਾਉਣ ਅਤੇ ਉਨ੍ਹਾਂ ਦੀ ਨੰਗੀ ਚਿੱਟੀ ਹਮਾਇਤ ਕਰਨ ਵਾਲਿਆਂ ਕਦੇ ਸੋਚਿਆ ਕਿ ਖਾਲਿਸਤਾਨੀਆਂ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਉਸ ਸਿੱਖ ਧਰਮ ਦੀਆਂ ਖ਼ੂਬਸੂਰਤੀਆਂ ਵਿੱਚ ਵਾਧੇ ਦੀ ਥਾਂ ਉਨ੍ਹਾ ਨੂੰ ਬਰਬਾਦ ਕਰ ਦਿੱਤਾ। ਉਨ੍ਹਾ ਕਰਕੇ ਸਿੱਖ ਧਰਮ ਹਰਮਨ ਪਿਆਰਾ ਹੋਇਆ ਸੀ। ਉਲਟਾ ਉਨ੍ਹਾ ਖ਼ੂਬਸੂਰਤੀਆਂ ਨੂੰ ਸ਼ੰਕਾਵਾਂ ਦੇ ਘੇਰਿਆ ਵਿੱਚ ਹੀ ਲਿਆਂਦਾ। ਇਹ ਫਿਰਕਾਪ੍ਰਸਤੀ ਇੱਧਰ ਪੰਜਾਬ ਵਿੱਚ ਕਿਸੇ ਧਿਰ ਲਈ ਵੋਟਾਂ ਜੁਟਾਉਣ ਦੀ ਥਾਂ ਉਨ੍ਹਾਂ ਆਲਮੀ ਸ਼ਕਤੀਆਂ ਦੀ ਸੇਵਾ ਵਿੱਚ ਭੁਗਤਣ ਲਈ ਸੀ, ਜਿਹੜੀਆਂ ਤਰੱਕੀ ਜ਼ਾਫ਼ਤਾ ਤੀਜੀ ਦੁਨੀਆ ਨੂੰ ਅਸ਼ਾਂਤੀ ਦਾ ਜ਼ੋਨ ਬਣਾ ਕੇ ਰੱਖਦੀਆਂ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਅਵਿਕਸਤ ਰੱਖ ਕੇ ਮੁਕਾਬਲੇ ਦੀ ਸ਼ਕਤੀ ਬਣਨ ਤੋਂ ਵਾਂਝਾ ਕਰ ਰੱਖਦੀਆਂ ਹਨ। ਵਰਨਾ ਕੀ ਕਾਰਨ ਹੈ ਕਿ ਇਹ ਦੇਸ਼ ਵੱਖਵਾਦੀਆਂ, ਫਿਰਕਾਪ੍ਰਸਤਾਂ ਅਤੇ ਅੱਤਵਾਦੀਆਂ ਨੂੰ ਫੰਡ ਵੀ ਦਿੰਦੇ ਹਨ ਤੇ ਆਪਣੇ ਦੇਸ਼ਾਂ ਵਿੱਚ ਪੂਰੀਆਂ ਸੁੱਖ-ਸਹੂਲਤਾਂ ਦੇ ਜੁਗਾੜ ਵੀ ਜੁਟਾਉਂਦੇ ਹਨ। ਸੰਸਾਰ ਵਿੱਚ ਇਸਲਾਮੀ ਕੱਟੜਪੰਥੀਆਂ ਦੀ ਕਹਾਣੀ ਇਸ ਤੋਂ ਵੱਖਰੀ ਨਹੀਂ। ਪਰ ਇਸਲਾਮੀ ਆਂਤਕਵਾਦ ਦਾ ਵੋਟ ਧਰੁਵੀਕਰਨ ਵੱਖਰੀ ਕਿਸਮ ਦਾ ਹੈ।

ਜੇਕਰ ਕਿਸੇ ਨੂੰ ਭੁਲੇਖਾ ਹੋਵੇ ਕਿ ਹਿੰਦੂਤਵੀ ਫਿਰਕਾਪ੍ਰਸਤੀ ਦੇ ਸਹਾਰੇ ਹਿੰਦੂਆਂ ਦੀ ਵੱਖਰੀ ਤਰੱਕੀ ਹੋ ਜਾਵੇਗੀ ਤਾਂ ਹੁਣ ਤੱਕ ਜੋ ਪੱਲੇ ਪਿਆ, ਇਸ ਉੱਤੇ ਸੋਚਣਾ ਬਣਦਾ ਹੈ। ਮੌਜੂਦਾ ਹਿੰਦੂ ਰਾਸ਼ਟਰ ਦੀ ਵੰਨਗੀ ਦੀ ਇਹ ਦੇਣ ਹੈ ਕਿ ਦੇਸ਼ ਵਿਕਾਸ ਦੇ ਹਰ ਮਾਪਦੰਡ ਵਿੱਚ ਦੁਨੀਆ ਦੇ ਪੱਛੜੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਹੋ ਗਿਆ ਹੈ। ਸ਼ੁੱਭ ਸੰਕੇਤ ਸਮਝੋ ਕਿ ਹਿੰਦੂਆਂ ਦਾ ਇੱਕ ਤਬਕਾ ਮਹਿਸੂਸ ਕਰਨ ਲੱਗ ਗਿਆ ਹੈ ਕਿ ਹਿੰਦੂ ਰਾਸ਼ਟਰਵਾਦ ਦਾ ਧੁੰਦ ਗੁਬਾਰ ਭਾਜਪਾ ਸਰਕਾਰ ਵੱਲੋਂ ਅਪਣਾਏ ਵਿਕਾਸ ਦੇ ਮਾਡਲ ਦੀ ਦਿਸ਼ਾ ਤੋਂ ਹਿੰਦੂਆਂ ਦਾ ਧਿਆਨ ਹਟਾ ਕੇ ਰੱਖਣਾ ਹੈ। ਫਿਰਕਾਪ੍ਰਸਤੀ ਦਾ ਸੱਚ ਤਾਂ ਕੋਠੇ ਚੜ੍ਹ ਦਰਸ਼ਨ ਦੇ ਰਿਹਾ ਹੈ। ਹਿੰਦੂ ਧਰੁਵੀਕਰਨ ਜਿਨ੍ਹਾ ਨੂੰ ਵੋਟ ਦਿੰਦਾ ਹੈ, ਉਨ੍ਹਾਂ ਦੀ ਔਲਾਦ ਬਾਹਰਲੇ ਮੁਲਕਾਂ ਵਿੱਚ ਪੜ੍ਹਦੀ ਫਿਰਕਾਪ੍ਰਸਤੀ ਦੇ ਟੋਲੇ ਬਣ ਕੇ ਧਾਰਮਿਕ ਯਾਤਰਾਵਾਂ ਕਰਨ ਵਾਲੇ, ਮਸਜਿਦਾਂ ਉਤੇ ਭਗਵੇਂ ਝੰਡੇ ਗੱਡਣ ਵਾਲੇ ਤਾਂ ਉਨ੍ਹਾ ਦੀ ਔਲਾਦ ਹੈ ਜਿਨ੍ਹਾ ਨੂੰ ਇੱਧਰ ਜਿਉਂਦੇ ਰੱਖਣ ਵਿੱਚ ਸਹਾਈ ਹੋਣ ਲਈ ਅਨਾਜ ਅਤੇ ਹੋਰ ਸਹੂਲਤਾਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਇਹ ਕੁਝ ਹੋਰ ਪਾਰਟੀਆਂ ਨੂੰ ਵੀ ਕਰਨਾ ਪੈ ਰਿਹਾ ਹੈ।

ਇਸਲਾਮੀ ਅਤੇ ਕੁਝ ਹੱਦ ਤੱਕ ਇਸਲਾਮਿਕ ਫਿਰਕਾਪ੍ਰਸਤੀ ਮੁਸਲਮਾਨਾਂ ਦੇ ਕਿਸੇ ਪਾਰਟੀ ਲਈ ਧਰੁਵੀਕਰਨ ਨਹੀਂ ਕਰਦੀ, ਇਹ ਹਿੰਦੂ ਫਿਰਕਾਪ੍ਰਸਤੀ ਦੇ ਅਮਲ ਨੂੰ ਹੀ ਗਤੀ ਅਤੇ ਗਹਿਰਾਈ ਦਿੰਦੀ ਹੈ। ਵੋਟਾਂ ਦੇ ਪੱਖ ਤੋਂ ਇਹੀ ਅਮਲ ਖਾਲਿਸਤਾਨੀ ਫਿਰਕਾਪ੍ਰਸਤੀ ਦਾ ਹੈ। ਭਲੇ ਹੀ ਅਕਾਲੀ ਦਲ ਦੀ ਹਰ ਵੰਨਗੀ ਖਾਲਿਸਤਾਨੀਆਂ ਦਾ ਵਿਰੋਧ ਨਾ ਕਰਕੇ ਸਿੱਖ ਜਨਸਮੂਹਾਂ ਦੀ ਵੋਟ ਦੀ ਤਾਕ ਅਤੇ ਝਾਕ ਵਿੱਚ ਹੋਵੇ। ਪ੍ਰਭਾਵੀ ਧਰੁਵੀਕਰਨ ਸਿੱਖਾਂ ਵੋਟਰਾਂ ਦੀ ਬਾਂਹ ਹਿੰਦੂ ਵੋਟਰਾਂ ਦਾ ਹੋ ਜਾਂਦਾ ਹੈ। ਪੰਜਾਬ ਵਿੱਚ ਇਹ ਧਰੁਵੀਕਰਣ ਵਿਆਪਕ ਨਹੀਂ, ਕਿਉਂਕਿ ਵਿਆਪਕ ਹੋ ਜਾਣ ਦੀਆਂ ਮੁਢਲੀਆਂ ਸ਼ਰਤਾਂ ਹੀ ਪੂਰੀਆਂ ਨਹੀਂ ਕਰ ਸਕਿਆ। ਪੰਜਾਬੀ ਹਿੰਦੂ ਵੋਟਰਾਂ ਨੂੰ ਸ਼ਾਬਾਸ਼ ਕਿ ਭਾਜਪਾ ਨੂੰ ਸਿੱਖ ਚਿਹਰੇ ਸਿਆਸੀ ਮੰਚ ਉੱਤੇ ਇੱਧਰੋਂ-ਉੱਧਰੋਂ ਲਿਆਉਣੇ ਪਏ ਹਨ। ਇਹ ਆਰਜ਼ੀ ਪ੍ਰਬੰਧ ਹੈ। ਭਾਜਪਾ ਦੇ ਰਾਸ਼ਟਰਵਾਦ ਵਿੱਚ ਸਿੱਖ ਇੱਕ ਵੱਖਰਾ ਧਰਮ ਨਹੀਂ। ਭਾਜਪਾ ਵਿੱਚ ਗਏ ਸਿੱਖ ਚਿਹਰੇ ਜਾਂ ਵਾਪਸ ਹੋ ਜਾਣਗੇ ਜਾਂ ਟੀ ਵੀ ਚੈਨਲਾਂ ਉਤੇ ਭਾਜਪਾ ਦੇ ਨੁਮਾਇੰਦਿਆਂ ਵਰਗੇ ਹੋ ਕੇ ਰਹਿ ਜਾਣਗੇ।

ਸਿਆਣੇ ਰਾਜਨੀਤਕ ਚਿੰਤਕਾਂ ਨੂੰ ਲੱਗਦਾ ਹੈ ਕਿ ਫਿਰਕਾਪ੍ਰਸਤੀ ਭਾਜਪਾ ਦਾ ਚੋਣਾਂ ਜਿੱਤਣ ਲਈ ਵਰਤਿਆ ਜਾਣ ਵਾਲਾ ਅਤੇ ਲੋਕਾਂ ਦੇ ਅਸਲ ਮੁੱਦਿਆਂ ਤੋਂ ਉਨ੍ਹਾ ਦਾ ਧਿਆਨ ਹਟਾਉਣ ਵਾਲਾ ਹਥਿਆਰ ਹੈ। ਫਿਰਕਾਪ੍ਰਸਤੀ ਸੰਬੰਧੀ ਇਹ ਅਧੂਰਾ ਸੱਚ ਹੈ।

ਜਦੋਂ ਅਸੀਂ ਫਿਰਕਾਪ੍ਰਸਤੀ ਦੀ ਵਰਤੋਂ ਦਾ ਸੱਚ ਚੋਣਾਂ ਜਿੱਤਣ ਅਤੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਜੁਟਾਉਣ ਤੱਕ ਸੀਮਤ ਕਰਦੇ ਹਾਂ ਤਾਂ ਕੀ ਅਸੀਂ ਹਿੰਦੂਤਵੀ ਫਿਰਕਾਪ੍ਰਸਤੀ ਦੇ ਮੁੱਢਲੇ ਸਰੋਤ ਅਤੇ ਉਸ ਮਨਸੂਬੇ ਤੋਂ ਆਪਣਾ ਹੀ ਧਿਆਨ ਭਟਕਾਅ ਰਹੇ ਹਾਂ, ਜਿਹੜਾ ਆਰ ਐੱਸ ਐੱਸ ਦੀ ਧਰਮ ਅਧਾਰਤ ਹਿੰਦੂ-ਮੁਸਲਮਾਨ ਦੋ ਕੌਮਾਂ ਦੀ ਵਿਆਖਿਆ ਨਾਲ ਸੰਬੰਧਤ ਹੈ। ਕਾਂਗਰਸ ਵੱਲੋਂ ਅਪਣਾਏ ਆਰਥਿਕ ਮਾਡਲ ਅਤੇ ਉਸ ਮਾਡਲ ਦੇ ਨਾਲ-ਨਾਲ ਆਰ ਐੱਸ ਐੱਸ ਪ੍ਰਤੀ ਅਪਣਾਈ ਮੌਕਾਪ੍ਰਸਤ ਨਰਮ ਪਹੁੰਚ ਨੇ ਅੱਜ ਫਿਰਕਾਪ੍ਰਸਤੀ ਨੂੰ ਇੱਥੇ ਪਹੁੰਚਾ ਦਿੱਤਾ ਹੈ ਕਿ ਇਹ ਹੁਣ ਭਾਜਪਾ ਵੱਲੋਂ ਸਭ ਸੂਬੇ ਅਤੇ 2024 ਵਿੱਚ ਕੇਂਦਰ ਵਿੱਚ ਬੁਰੀ ਤਰ੍ਹਾਂ ਹਾਰਨ ਬਾਅਦ ਵੀ ਭਾਰਤੀ ਸਮਾਜ ਦਾ ਨਾਸੂਰ ਬਣੀ ਰਹੇਗੀ। ਸਾਡੀ ਇਹ ਧਾਰਨਾ ਹੋਰ ਵੀ ਸਹੀ ਲੱਗਦੀ ਹੈ ਜਦੋਂ ਅਸੀਂ ਭਾਜਪਾ ਦੇ ਸੱਤਾ ਸੰਭਾਲਣ ਤੋਂ ਦੂਰ ਤੱਕ 1947 ਤੋਂ ਵੀ ਪਹਿਲੇ ਦੰਗਿਆਂ ਨੂੰ ਯਾਦ ਕਰਦੇ ਹਾਂ।

ਉਪਰੋਕਤ ਤੋਂ ਇੰਝ ਲੱਗਦਾ ਹੈ ਕਿ ਫਿਰ ਤਾਂ ਇਹ ਫਿਰਕਾਪ੍ਰਸਤੀ ਲਾ-ਇਲਾਜ ਹੈ। ਨਹੀਂ, ਭਾਰਤ ਵਿੱਚ ਅਨੇਕਾਂ ਸਰੋਤ ਅਤੇ ਸ਼ਕਤੀਆਂ ਹਨ, ਜਿਹੜੀਆਂ ਹਰ ਰੰਗ ਦੀ ਫਿਰਕਾਪ੍ਰਸਤੀ ਨੂੰ ਹਰਾ ਹੀ ਨਹੀਂ, ਲੰਬੇ ਸਮੇਂ ਤੱਕ ਮਿਟਾ ਵੀ ਸਕਦੀਆਂ ਹਨ। ਲੋੜ ਉਨ੍ਹਾ ਸਰੋਤਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾ ਨੂੰ ਜੀਵਤ ਕਰਨ ਅਤੇ ਉਨ੍ਹਾ ਸ਼ਕਤੀਆਂ ਨੂੰ ਢੰਗ ਨਾਲ ਸੰਜੋਅ ਕੇ ਵਰਤੋਂ ਕਰਨ ਦੀ ਹੈ, ਫਿਰਕਾਪ੍ਰਸਤ ਧਾਰਮਿਕ ਲਬਾਦੇ ਵਿੱਚ ਭਾਜਪਾ ਦੀ ਸੈਨਾ ਹੈ, ਜੋ ਅੰਤਿਮ ਰੂਪ ਵਿੱਚ ਲੋਕ ਵਿਰੋਧੀ ਅਤੇ ਪੂੰਜੀਪਤੀ ਵਰਗ ਦੀ ਸੇਵਕ ਹੈ।

(ਚਲਦਾ)

# ਸੰਪਰਕ : 94176-52947

# ਦੋਹਰੀ ਕੁੱਟ

ਲਾਭ ਸਿੰਘ ਸ਼ੇਰਗਿੱਲ

ਫਰਵਰੀ ਦੇ ਅਖੀਰ ਦਾ ਸਮਾਂ ਸੀ। ਮੇਰੀਆਂ ਵੱਡੀਆਂ ਦੋ ਭੈਣਾਂ ਦਾ ਵਿਆਹ ਧਰਿਆ ਹੋਇਆ ਸੀ। ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ, ਬੇਬੇ ਅਤੇ ਚਾਚੀਆਂ ਕਦੇ ਚੱਕੀ 'ਤੇ ਰੂੰ ਪਿੰਜਾਉਣ ਜਾਂਦੀਆਂ, ਕਦੇ ਰਜਾਈਆਂ ਭਰਦੀਆਂ, ਖੇਸਾਂ ਦੇ ਬੰਬਲ ਵੱਟਦੀਆਂ । ਲਾਗਣਾਂ ਦੇ ਆਉਣ ਤੇ ਉਨ੍ਹਾਂ ਨਾਲ ਲੱਗ ਕੇ ਪੀਹਣਾ ਕਰਵਾਉਂਦੀਆਂ। ਬਾਪੂ ਦੀ ਲੱਡੂਆਂ ਲਈ ਸ਼ਹਿਰੋਂ ਲਿਆਈ ਛੋਲਿਆਂ ਦੀ ਦਾਲ ਚੁਗਣੀ। ਸਾਨੂੰ ਵੀ ਵਿਆਹ ਦਾ ਬੜਾ ਚਾਅ ਸੀ । ਅਸੀਂ ਵੀ ਬੇਬੇ ਹੁਰਾਂ ਦੇ ਨਾਲ ਕੰਮ ਵਿੱਚ ਹੱਥ ਵਟਾਉਂਦੇ।

ਮੈਂ ਉਦੋਂ ਛੇਵੀਂ ਜਮਾਤ ਵਿੱਚ ਅਤੇ ਮੇਰਾ ਭਾਈ ਅੱਠਵੀਂ ਵਿੱਚ ਪੜ੍ਹਦੇ ਸੀ। ਅਸੀਂ ਅਤੇ ਪਿੰਡ ਦੇ ਹੋਰ ਮੁੰਡੇ ਨਾਲ ਦੇ ਪਿੰਡ ਜੋ 7-8 ਕਿਲੋਮੀਟਰ ਦੂਰ ਸੀ, ਪੜ੍ਹਨ ਜਾਂਦੇ ਸੀ। ਸਾਡਾ ਸਕੂਲ ਨੇੜੇ ਦੇ ਸਾਰੇ ਸਕੂਲਾਂ ਵਿੱਚੋਂ ਪੜ੍ਹਾਈ ਵਿੱਚ ਮੰਨਿਆ ਹੋਇਆ ਸੀ। ਅਧਿਆਪਕ ਵੀ ਪੂਰੇ ਜੀਅ-ਜਾਨ ਨਾਲ , ਪੂਰੀ ਈਮਾਨਦਾਰੀ ਨਾਲ ਪੜ੍ਹਾਉਂਦੇ, ਉਹ ਆਪਣੇ ਕਿੱਤੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਸਨ। ਉਹ ਵਿਦਿਆਰਥੀਆਂ ਨੂੰ ਸਵੇਰੇ ਸਕੂਲ ਲੱਗਣ ਤੋਂ ਪਹਿਲਾਂ ਵੀ ਪੜ੍ਹਾਉਂਦੇ ਅਤੇ ਸਾਡਾ ਕੋਈ ਵੀ ਪੀਰੀਅਡ ਖਾਲੀ ਨਹੀਂ ਸੀ ਜਾਣ ਦਿੰਦੇ।

ਅਸੀਂ ਸਵੇਰੇ ਜਲਦੀ ਘਰੋਂ ਚਲਦੇ ਅਤੇ ਸਮੇਂ ਸਿਰ ਸਕੂਲ ਪਹੁੰਚ ਜਾਂਦੇ। ਮੈਨੂੰ ਅਜੇ ਸਾਈਕਲ ਚੰਗੀ ਤਰ੍ਹਾਂ ਚਲਾਉਣਾ ਨਹੀਂ ਸੀ ਆਉਂਦਾ, ਥੋੜ੍ਹੀ ਬਹੁਤ ਕੈਂਚੀ ਹੀ ਆਉਂਦੀ ਸੀ। ਕੈਂਚੀ ਚਲਾਉਣ ਲੱਗਿਆਂ ਵੀ ਸਾਈਕਲ ਨੂੰ ਸੰਭਾਲਣ ਵਿੱਚ ਔਖ ਆਉਂਦੀ ਸੀ। ਮੈਂ ਮੇਰੇ ਵੱਡੇ ਭਾਈ ਦੇ ਪਿੱਛੇ ਬਹਿ ਕੇ ਜਾਂਦਾ ਹੁੰਦਾ ਸੀ। ਇੱਕ ਦਿਨ ਸਾਰੇ ਜਣਿਆਂ ਨੇ ਸਲਾਹ ਬਣਾਈ ਕਿ ਅੱਜ ਸਕੂਲ ਨਹੀਂ ਜਾਣਾ ਅਤੇ ਘਰ ਜਾ ਕੇ ਕਹਿ ਦੇਵਾਂਗੇ ਕਿ ਅੱਜ ਨੌਵੀਂ ਵਾਲਿਆਂ ਨੇ ਦਸਵੀਂ ਵਾਲਿਆਂ ਨੂੰ ਪਾਰਟੀ ਕਰਨੀ ਹੈ, ਸਾਨੂੰ ਛੁੱਟੀ ਹੋ ਗਈ। ਅਸੀਂ ਸਾਰੇ ਸਕੂਲ ਨਹੀਂ ਗਏ, ਘਰ ਵਾਪਸ ਮੁੜ ਗਏ। ਘਰ ਜਾ ਕੇ ਉਹੀ ਕਿਹਾ, ਜੋ ਅਸੀਂ ਸਾਰਿਆਂ ਨੇ ਰਾਇ ਬਣਾਈ ਸੀ। ਬਾਪੂ ਜੀ ਵਿਆਹ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਸਨ। ਉਨ੍ਹਾਂ ਨੇ ਭੱਠੇ 'ਤੇ ਇੱਟਾਂ ਪੁੱਛਣ ਜਾਣਾ ਸੀ। ਭੱਠੇ ਤੋਂ ਸਾਡਾ ਸਕੂਲ ਕੋਈ ਜ਼ਿਆਦਾ ਦੂਰ ਨਹੀਂ ਸੀ। ਉਨ੍ਹਾਂ ਨੇ ਭੱਠੇ 'ਤੇ ਇੱਟਾਂ ਬਾਰੇ ਪੁੱਛ ਕੇ, ਸਕੂਲ ਵਿੱਚ ਗੇੜਾ ਮਾਰ ਕੇ ਆਉਣ ਬਾਰੇ ਸੋਚਿਆ। ਜਦੋਂ ਬਾਪੂ ਜੀ ਸਕੂਲ ਪਹੁੰਚੇ ਤਾਂ ਸਕੂਲ ਲੱਗਿਆ ਹੋਇਆ ਸੀ। ਉਹ ਸਾਡੇ ਹਿੰਦੀ ਵਾਲੇ ਮਾਸਟਰ ਜੀ ਨੂੰ ਥੋੜ੍ਹਾ ਜਾਣਦੇ ਸੀ , ਉਨ੍ਹਾਂ ਕੋਲ ਗਏ ਅਤੇ ਸਕੂਲ ਵਿੱਚ ਦਸਵੀਂ ਜਮਾਤ ਦੀ ਪਾਰਟੀ ਬਾਰੇ ਪੁੱਛਿਆ। ਮਾਸਟਰ ਜੀ ਨੇ ਕਿਹਾ, 'ਅੱਜ ਸਕੂਲ ਵਿੱਚ ਕੋਈ ਪਾਰਟੀ ਨਹੀਂ।' ਬਾਪੂ ਜੀ ਫਿਰ ਹੈੱਡ ਮਾਸਟਰ ਜੀ ਨੂੰ ਮਿਲੇ ਅਤੇ ਉਨ੍ਹਾਂ ਨਾਲ ਗੱਲ ਕੀਤੀ ਕਿ ਸਾਡੇ ਪਿੰਡ ਦੇ ਸਾਰੇ ਪੜ੍ਹਨ ਵਾਲੇ ਇਹ ਕਹਿ ਕੇ ਘਰ ਵਾਪਸ ਮੁੜ ਗਏ ਕਿ ਅੱਜ ਨੌਵੀਂ ਜਮਾਤ ਨੇ ਦਸਵੀਂ ਨੂੰ ਪਾਰਟੀ ਕਰਨੀ ਹੈ ਸਾਨੂੰ ਸਾਰਿਆਂ ਨੂੰ ਛੁੱਟੀ ਹੈ। ਉਨ੍ਹਾਂ ਨੇ ਹੈੱਡ ਮਾਸਟਰ ਜੀ ਨੂੰ ਆਖਿਆ, 'ਕੱਲ੍ਹ ਨੂੰ ਉਨ੍ਹਾਂ ਸਾਰਿਆਂ ਦੀ ਛਿੱਤਰ-ਪਰੇਡ ਕਰਿਓ ਤੁਸੀਂ।'

ਮੈਂ, ਮੇਰਾ ਭਾਈ ਅਤੇ ਸਾਡਾ ਪਾਲੀ ਬਾਗਲ ਵਿੱਚ ਖਿੱਦੋ-ਖੂੰਡੀ ਖੇਡ ਰਹੇ ਸੀ। ਅਸੀਂ ਆਪਣੀ ਖੇਡ ਵਿੱਚ ਮਸਤ ਸੀ। ਬਾਪੂ ਜੀ ਆਏ, ਸਾਈਕਲ ਕੰਧ ਨਾਲ ਲਾਇਆ ਅਤੇ ਜੁੱਤੀ ਕੱਢ ਲਈ, ਜਿਉਂ ਹੀ ਉਹ ਮੇਰੇ ਵੱਡੇ ਭਾਈ ਵੱਲ ਗਏ, ਉਹ ਸਾਮ੍ਹਣੇ ਵਾਲੀ ਕੰਧ ਟੱਪ ਕੇ ਦੌੜ ਗਿਆ ਅਤੇ ਫਿਰ ਬਾਪੂ ਜੀ ਨੇ ਮੈਨੂੰ ਫੜ ਲਿਆ ਅਤੇ ਪੰਜ-ਸੱਤ ਜੁੱਤੀਆਂ ਧਰੀਆਂ ਪਿੱਠ 'ਤੇ। ਮੇਰੀ ਮਾਂ ਨੇ ਆ ਕੇ ਛੁਡਾਇਆ ਤੇ ਬੋਲੇ , 'ਇਹਨੂੰ ਕਿਉਂ ਮਾਰਦੇ ਹੋ, ਉਹਨੂੰ ਕੁੱਟੋ ਜਿਹੜਾ ਇਹਨੂੰ ਮੋੜ ਕੇ ਲਿਆਇਆ ਐ।'

ਅਗਲੇ ਦਿਨ ਸਵੇਰੇ ਪ੍ਰਾਰਥਨਾ ਸਭਾ ਵਿੱਚ ਹੈੱਡਮਾਸਟਰ ਜੀ ਨੇ ਸਾਨੂੰ ਸਾਰਿਆਂ ਨੂੰ ਖੜ੍ਹੇ ਕਰ ਲਿਆ। ਮੈਂ ਸਾਰਿਆਂ ਵਿੱਚੋਂ ਛੋਟਾ ਸੀ, ਹੈੱਡ ਮਾਸਟਰ ਜੀ ਨੇ ਮੇਰੇ ਇੱਕ ਥੱਪੜ ਜੜਿਆ ਗੱਲ੍ਹ 'ਤੇ। ਮੇਰਾ ਰੋਣਾ ਨਿਕਲ ਗਿਆ ਅਤੇ ਮੈਂ ਕਿਹਾ, 'ਜੀ ਮੈਨੂੰ ਤਾਂ ਇਹ ਮੋੜ ਕੇ ਲੈ ਗਏ ਸੀ।' ਹੈੱਡ ਮਾਸਟਰ ਜੀ ਨੇ ਮੈਨੂੰ ਛੱਡ ਦਿੱਤਾ ਅਤੇ ਬਾਕੀ ਸਾਰਿਆਂ ਦੇ ਕੰਨ ਫੜਾ ਕੇ ਪਿੱਠ 'ਤੇ ਤੂਤ ਦੀ ਛਟੀ ਨਾਲ ਚੰਗੀ ਤਰ੍ਹਾਂ ਪਰੇਡ ਕੀਤੀ। ਇਹ ਕੁੱਟ ਅੱਜ ਵੀ ਯਾਦ ਹੈ। ਇਸ ਦੋਹਰੀ ਕੁੱਟ ਨੇ ਐਸਾ ਸਬਕ ਸਿਖਾਇਆ ਕਿ ਅੱਜ ਖੁਦ ਅਧਿਆਪਕ ਬਣ ਕੇ ਸੇਵਾ ਨਿਭਾ ਰਿਹਾ ਹਾਂ। ਮਾਪੇ ਅਨਪੜ੍ਹ ਹੋਣ ਜਾਂ ਪੜ੍ਹੇ ਲਿਖੇ, ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਪ੍ਰਤੀ ਐਨਾ ਈ ਚੇਤੰਨ ਹੋਣਾ ਚਾਹੀਦਾ ਹੈ। ਸੋਚਦਾਂ ਕਿ ਜੇ ਉਹ ਕੁੱਟ ਨਾ ਪਈ ਹੁੰਦੀ ਤਾਂ ਸ਼ਾਇਦ ਭਵਿੱਖ ਦਾ ਨਕਸ਼ਾ ਕੁਝ ਹੋਰ ਹੀ ਹੁੰਦਾ।

ਮਾਪਿਆਂ ਨੂੰ ਲਾਡ-ਪਿਆਰ ਅਤੇ ਝਿੜਕ-ਡਾਂਟ ਦਾ ਸੰਤੁਲਨ ਬਣਾ ਕੇ ਚੱਲਣਾ ਚਾਹੀਦਾ ਹੈ। ਅੱਜ ਬੱਚੇ ਨਾ ਮਾਪਿਆਂ, ਨਾ ਹੀ ਅਧਿਆਪਕਾਂ ਦੀ ਝਿੜਕ ਸਹਿਣ ਕਰਦੇ ਹਨ ਤਾਂ ਹੀ ਤਾਂ ਇਨ੍ਹਾਂ ਦਾ ਦੇਖੋ ਕੀ ਹਾਲ ਹੋਇਆ ਪਿਆ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਚੰਗੀ ਗੱਲ 'ਤੇ ਸ਼ਾਬਾਸ਼ੀ ਤੇ ਮਾੜੀ ਗੱਲ ਤੋਂ ਵਰਜਣਾ ਤੇ ਸਮਝਾਉਣਾ ਜੇ ਲੋੜ ਪਵੇ ਤਾਂ ਥੋੜ੍ਹੀ ਕੁ ਸਜ਼ਾ ਵੀ ਦੇ ਦੇਣੀ ਚਾਹੀਦੀ ਹੈ। ਨਰੋਏ ਸਮਾਜ ਦੇ ਨਿਰਮਾਣ ਲਈ ਪਰਵਾਰ ਅਤੇ ਵਿੱਦਿਅਕ ਸੰਸਥਾਵਾਂ ਨੂੰ ਤਾਲਮੇਲ ਬਣਾ ਕੇ ਚੱਲਣਾ ਪਵੇਗਾ ਤਾਂ ਹੀ ਅਸੀਂ ਉਹਨਾਂ ਦੇ ਰੌਸ਼ਨ ਭਵਿੱਖ ਦੀ ਆਸ ਕਰ ਸਕਦੇ ਹਾਂ।

# ਸੰਪਰਕ : 86995-35708

# ਪਬਲਿਕ ਹੈ ਜਨਾਬ, ਇਹ ਸਭ ਜਾਣਦੀ ਹੈ


ਦਵਿੰਦਰ ਹੀਉਂ (ਬੰਗਾ)

ਜਿਵੇਂ ਕੋਈ ਬੇਹੱਦ ਨਲਾਇਕ ਬੱਚਾ ਸਕੂਲ ਜਾਣ ਦੀ ਬਜਾਏ ਆਪਣੇ ਆਵਾਰਾ ਦੋਸਤਾਂ ਨਾਲ ਸਿਨੇਮਾ ਜਾ ਕੇ ਫਿਲਮ ਦੇਖ ਕੇ ਜਾਂ ਸਾਰਾ ਦਿਨ ਮੌਜ-ਮਸਤੀ ਕਰਕੇ ਘਰ ਪਹੁੰਚਦਾ ਹੈ ਤਾਂ ਉਹ ਆਪਣੇ ਸਖਤ ਅਤੇ ਅਸੂਲੀ ਮਾਂ-ਬਾਪ ਤੋਂ ਬਚਣ ਲਈ ਕਈ ਕਿਸਮ ਦੇ ਝੂਠ ਬੋਲ ਕੇ ਅਸਲੀਅਤ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ। ਉਸੇ ਤਰ੍ਹਾਂ ਹੀ ਬੀਤੇ ਦਹਾਕੇ ਤੋਂ ਭਾਰਤ ਦੀ ਸੱਤਾ ਚਲਾ ਰਹੇ ਭਾਜਪਾ ਦੇ ਨਲਾਇਕ ਆਗੂ ਖਾਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਜਿਵੇਂ ਭਾਰਤ ਦੀਆਂ ਸਰਕਾਰੀ ਜਾਇਦਾਦ (ਪਬਲਿਕ ਅਦਾਰੇ) ਆਪਣੇ ਗਿਣੇ-ਚੁਣੇ ਮਿੱਤਰਾਂ ਨੂੰ ਕੌਡੀਆਂ ਦੇ ਭਾਅ ਵੇਚ ਕੇ ਐਸ਼ਪ੍ਰਸਤੀ ਕਰ ਰਹੇ ਹਨ, ਲੋਕਾਂ ਦੇ ਹੱਕਾਂ-ਹਿੱਤਾਂ ਨਾਲ ਖਿਲਵਾੜ ਕਰਨ ਵਿੱਚ ਲੱਗੇ ਹੋਏ ਹਨ। ਜਦੋਂ-ਜਦੋਂ ਇਨ੍ਹਾਂ ਨੂੰ ਸੰਸਦ ਦੇ ਅੰਦਰ ਜਾਂ ਬਾਹਰ ਵਿਰੋਧੀ ਪਾਰਟੀਆਂ ਜਾਂ ਫਿਰ ਦੇਸ਼ ਦੀ ਆਮ ਜਨਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਫਿਰ ਇਹ ਆਪਣੀਆਂ ਕੁਰੀਤੀਆਂ, ਬੇਈਮਾਨੀਆਂ ਅਤੇ ਨਲਾਇਕਤਾ 'ਤੇ ਪਰਦਾ ਪਾਉਣ ਲਈ ਅਨੇਕ ਪ੍ਰਕਾਰ ਦੇ ਵੱਡੇ-ਵੱਡੇ ਝੂਠ ਦੇ ਪਟਾਰੇ ਖੋਹਲ ਕੇ ਬੈਠ ਜਾਂਦੇ ਹਨ, ਪਰ ਹੁਣ ਇਨ੍ਹਾਂ ਵੱਲੋਂ ਬੋਲਿਆ ਹਰੇਕ ਝੂਠ 'ਇੰਟਰਨੈੱਟ ਦੇ ਯੁੱਗ' ਵਿਚ ਤੁਰੰਤ ਹੀ ਫੜਿਆ ਜਾਣ ਅਤੇ ਬੇਨਕਾਬ ਹੋਣ ਲੱਗ ਪਿਆ ਹੈ।

ਅਸਲ ਵਿੱਚ ਝੂਠ ਦੀ ਬੁਨਿਆਦ 'ਤੇ ਬਣੀ ਸਰਕਾਰ ਤੋਂ ਫਰੇਬ-ਛੱਲ ਤੋਂ ਸਿਵਾਏ ਹੋਰ ਆਸ ਕੀ ਕੀਤੀ ਜਾ ਸਕਦੀ ਹੈ। ਜਿਵੇਂ ਕਿ 2014 ਵਿੱਚ ਇਨ੍ਹਾਂ ਭਾਜਪਾਈ ਆਗੂਆਂ ਨੇ ਚੋਣ ਪ੍ਰਚਾਰ ਦੌਰਾਨ ਲੋਕਾਂ ਨਾਲ ਇਹ ਝੂਠੇ ਵਾਅਦੇ (ਜੁਮਲੇ) ਕੀਤੇ ਸਨ, 'ਚੰਗੇ ਦਿਨ ਆਉਣਗੇ', 'ਸਵਿਸ ਦੀਆਂ ਬੈਂਕਾਂ ਵਿੱਚੋਂ ਕਾਲਾ ਧੰਨ ਵਾਪਸ ਲਿਆ ਕੇ ਸਭ ਦੇ ਖਾਤੇ ਵਿੱਚ 15-15 ਲੱਖ ਰੁਪਏ ਜਮ੍ਹਾਂ ਕਰਵਾਉਣ', 'ਬੇ-ਰੁਜ਼ਗਾਰ ਨੌਜਵਾਨਾਂ ਨੂੰ ਹਰ ਸਾਲ ਢਾਈ ਕਰੋੜ ਨੌਕਰੀਆਂ', 'ਕਿਸਾਨਾਂ ਦੀ ਆਮਦਨ ਦੁੱਗਣੀ ਅਤੇ ਪਹਿਲੀ ਹੀ ਮੀਟਿੰਗ ਵਿੱਚ ਕਰਜ਼ੇ ਮੁਆਫ ਕਰਨੇ, 'ਬੇ-ਘਰਾਂ ਨੂੰ ਘਰ ਦੇਣੇ, 'ਰੁਪਏ ਨੂੰ ਡਾਲਰ ਦੇ ਬਰਾਬਰ ਕਰਨਾ', 'ਬਹੁਤ ਹੋਈ ਮਹਿੰਗਾਈ ਦੀ ਮਾਰ ਇਸ ਵਾਰ ਮੋਦੀ ਸਰਕਾਰ', 'ਸਭ ਦਾ ਸਾਥ ਸਭਦਾ ਵਿਕਾਸ' ਇਨ੍ਹਾਂ ਵਿਚੋਂ ਕੋਈ ਵੀ ਵਾਅਦਾ ਪੂਰਾ ਤਾਂ ਕੀ ਹੋਣਾ, ਸਗੋਂ ਇਨ੍ਹਾਂ ਸਾਰੀਆਂ ਅਲਾਮਤਾਂ ਵਿੱਚ ਦੁੱਗਣਾ-ਤਿੱਗਣਾ ਵਾਧਾ ਜ਼ਰੂਰ ਹੋ ਗਿਆ ਹੈ ਅਤੇ ਇਕ ਹੋਰ ਨਾਹਰਾ ਇਨ੍ਹਾਂ ਨੇ 56 ਇੰਚ ਦੀ ਛਾਤੀ ਥਾਪੜ-ਥਾਪੜ ਕੇ ਲਾਇਆ ਸੀ ਕਿ ਸਾਰੇ ਭ੍ਰਿਸ਼ਟਾਚਾਰੀ ਸੰਸਦ ਦੀ ਬਜਾਏ ਜੇਲ੍ਹ ਵਿੱਚ ਜਾਣਗੇ, ਪਰ ਹੋਇਆ ਉਲਟਾ ਕਿ ਇਹ ਸਾਰੇ ਜੇਲ੍ਹ ਦੀ ਬਜਾਏ ਭਾਜਪਾ ਵਿੱਚ ਚਲੇ ਗਏ।

2019 ਦੀਆਂ ਆਮ ਚੋਣਾਂ ਵਿੱਚ ਤਾਂ ਇਹ ਨਿਕੰਮੇ ਭਾਜਪਾਈ ਪੁਲਵਾਮਾ (ਜੰਮੂ-ਕਸ਼ਮੀਰ) ਵਿੱਚ ਹੋਏ 44 ਸ਼ਹੀਦ ਸੈਨਿਕ ਜਵਾਨਾਂ ਦੀ ਸ਼ਹਾਦਤ ਨੂੰ ਵਰਤ ਕੇ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੋਣ ਤੋਂ ਬਚ ਗਏ ਅਤੇ ਇਹ ਕੁਰਬਾਨੀਆਂ ਦੀ ਬਦੌਲਤ ਉੱਠੀ ਹਮਦਰਦੀ ਦਾ ਖੂਬ ਲਾਹਾ ਲੈਣ ਵਿੱਚ ਸਫਲ ਹੋ ਗਏ, ਪ੍ਰੰਤੂ ਜੰਮੂ-ਕਸ਼ਮੀਰ ਦੇ ਉਸ ਵੇਲੇ ਦੇ ਰਾਜਪਾਲ ਸਤਿਆਪਾਲ ਮਲਿਕ ਵੱਲੋਂ ਪੁਲਵਾਮਾ ਹਮਲੇ ਦੇ ਜ਼ਿੰਮੇਵਾਰ ਪ੍ਰਧਾਨ ਮੰਤਰੀ ਮੋਦੀ ਨੂੰ ਠਹਿਰਾਏ ਜਾਣ ਨਾਲ ਲੋਕਾਂ ਵਿੱਚ ਗੰਭੀਰ ਸ਼ੰਕਾਵਾਂ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਵੀ ਸ਼ਾਇਦ ਪਹਿਲੀ ਵਾਰ ਹੀ ਹੈ ਕਿ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਲੋਕਤੰਤਰ ਦੇ ਮੰਦਰ ਸੰਸਦ ਭਵਨ ਵਿਚ ਵੀ ਸਰਕਾਰ ਵੱਲੋਂ ਬੜੇ ਫਖਰ ਨਾਲ ਝੂਠ 'ਤੇ ਝੂਠ ਬੋਲਿਆ ਜਾ ਰਿਹਾ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕਲਾਵਤੀ ਨੂੰ ਸੁੱਖ-ਸਹੂਲਤਾਂ ਦੇਣ ਬਾਰੇ ਅਤੇ ਮੋਦੀ ਵਲੋਂ ਦਰਭੰਗਾ (ਬਿਹਾਰ) ਵਿੱਚ ਏਮਜ਼ ਹਸਪਤਾਲ ਬਣਾਇਆ ਗਿਆ ਹੈ, ਵਰਗੇ ਮਹਾਂ-ਝੂਠੇ ਦਾਅਵਿਆਂ ਦੀ ਪੋਲ ਸੋਸ਼ਲ ਮੀਡੀਆ ਰਾਹੀਂ ਲੋਕਾਂ ਨੇ ਨਾਲੋ-ਨਾਲ ਹੀ ਖੋਲ੍ਹ ਦਿੱਤੀ ਹੈ।

'ਇਹ ਮੋਦੀ ਹੈ ਡਰਦਾ ਨਹੀਂ' ਸਟੇਜਾਂ 'ਤੇ ਛਾਤੀ ਪਿੱਟ- ਪਿੱਟ ਕੇ ਕਹਿਣ ਵਾਲੇ ਹੁਣ ਆ ਰਹੀਆਂ 2024 ਦੀਆਂ ਆਮ ਚੋਣਾਂ ਵਿੱਚ ਦਿਖਾਈ ਦੇ ਰਹੀ ਹਾਰ ਅਤੇ ਵਿਰੋਧੀ ਪਾਰਟੀਆਂ ਦਾ ਦਿਨੋਂ-ਦਿਨ ਮਜ਼ਬੂਤ ਹੋ ਰਿਹਾ 'ਇੰਡੀਅਨ ਡਿਵੈੱਲਪਮੈਂਟ ਇਨਕਲੂਸਿਵ ਅਲਾਇੰਸ' (ਇੰਡੀਆ) ਦਾ ਗੰਭੀਰ ਡਰ ਭਾਜਪਾਈ ਆਗੂਆਂ ਦੇ ਚੇਹਰਿਆਂ 'ਤੇ ਝਲਕਦਾ ਸਾਫ ਦਿਖਾਈ ਦੇ ਰਿਹਾ ਹੈ, ਇਸੇ ਵਜ੍ਹਾ ਨਾਲ ਨਰਿੰਦਰ ਮੋਦੀ ਅਜ਼ਾਦੀ ਦਿਵਸ ਮੌਕੇ ਲਾਲ ਕਿਲ੍ਹੇ ਦੇ ਭਾਸ਼ਣ ਦੌਰਾਨ (ਬਿਨ ਬੁਲਾਏ ਮਹਿਮਾਨ ਵਾਂਗੂ) ਖੁਦ ਨੂੰ ਖੁਦ ਹੀ 2024 ਦਾ ਪ੍ਰਧਾਨ ਮੰਤਰੀ ਐਲਾਨਦੇ ਹੋਏ ਲੋਕਤੰਤਰ ਦੀ ਤੌਹੀਨ ਕਰਨ ਦੀ ਹਿਮਾਕਤ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੇ। ਪ੍ਰਧਾਨ ਮੰਤਰੀ ਮੋਦੀ ਖੁਦ ਨੂੰ ਕਿਸਾਨ ਅੰਦੋਲਨ ਸਮੇਂ ਸਮੇਤ ਅਨੇਕਾਂ ਵਾਰ ਘੁਮੰਡੀ ਸਾਬਤ ਕਰ ਚੁੱਕੇ ਹੋਣ ਦੇ ਬਾਵਜੂਦ ਵਿਰੋਧੀ ਧਿਰ ਦੇ ਗਠਜੋੜ 'ਇੰਡੀਆ' ਨੂੰ ਘੁਮੰਡੀਆਂ ਦਾ ਟੋਲਾ ਪੁਕਾਰ ਕੇ ਆਪਣੇ ਪਾਪ ਧੋਣ ਦੀ ਨਾਕਾਮ ਕੋਸ਼ਿਸ਼ ਵਿੱਚ ਮਗਨ ਹੈ। ਫਿਰ ਇਹ ਵੀ ਤਾਂ ਡਰ ਦੀ ਹੀ ਨਿਸ਼ਾਨੀ ਹੈ, ਜੋ ਕਿ ਚੋਣ ਕਮਿਸ਼ਨ ਦੀ ਕਮੇਟੀ ਸੁਪਰੀਮ ਕੋਰਟ ਦੇ ਚੀਫ ਜੱਜ ਦਾ ਨਾਂਅ ਹਟਾ ਕੇ ਮਨਮਰਜ਼ੀ ਨਾਲ ਆਪਣੇ ਕਿਸੇ ਚਹੇਤੇ ਦੀ ਨਿਯੁਕਤੀ ਦਾ ਰਾਹ ਸਾਫ ਕਰਨ ਦੇ ਮਨੋਰਥ ਨਾਲ ਤਿੰਨ ਮੈਂਬਰੀ ਕਮੇਟੀ ਬਣਾਉਣ, ਜਿਸ ਵਿਚ ਪ੍ਰਧਾਨ ਮੰਤਰੀ, ਇੱਕ ਹੋਰ ਕੈਬਨਿਟ ਮੰਤਰੀ ਅਤੇ ਤੀਜਾ ਸੰਸਦ ਵਿੱਚ ਵਿਰੋਧੀ ਧਿਰ ਦਾ ਨੇਤਾ ਹੋਵੇ ਤਹਿਤ ਬਿੱਲ ਪਾਸ ਕਰਵਾਇਆ ਜਾ ਰਿਹਾ ਹੈ। ਇੱਥੋਂ ਤੱਕ ਕਿ ਚੋਣਾਂ ਜਿੱਤਣ ਲਈ ਦੇਸ਼ ਅੰਦਰ ਫਿਰਕੂ ਦੰਗੇ ਭੜਕਾਉਣ ਦੀਆਂ ਕੋਸ਼ਿਸ਼ਾਂ ਵੀ ਨਿਰੰਤਰ ਜਾਰੀ ਹਨ। ਜੋ ਪ੍ਰਧਾਨ ਮੰਤਰੀ ਦਸ ਸਾਲ 'ਚ ਇਕ ਵਾਰ ਵੀ ਸਵਾਲਾਂ ਦੇ ਡਰੋਂ ਪ੍ਰੈੱਸ ਵਾਰਤਾ ਕਰਨ ਦੀ ਹਿੰਮਤ ਨਾ ਰੱਖਦਾ ਹੋਵੇ, ਉਹ ਕਿੰਨਾ ਕੁ ਬਹਾਦਰ ਹੋ ਸਕਦਾ ਹੈ ਵੱਡੇ-ਵੱਡੇ ਝੂਠ ਦੇ ਸਹਾਰੇ ਭਾਲੇ ਜਾਣ ਦੇ ਬਾਵਜੂਦ ਸਭ ਬੇਕਾਰ ਸਾਬਤ ਹੁੰਦੇ ਜਾ ਰਹੇ ਹਨ, ਕਿਉਂਕਿ ਇਹ ਪਬਲਿਕ ਹੈ ਜਨਾਬ ਇਹ ਸਭ ਜਾਣਦੀ ਹੈ, ਝੂਠਾ ਕੌਣ ਤੇ ਸੱਚਾ ਹੈ ਕੌਣ ਸਭ ਪਹਿਚਾਣਦੀ ਹੈ।



# ਸੰਪਰਕ : 0039 3203459870

# ਫ਼ਾਜ਼ਿਲਕਾ ਦੇ ਸਰਹੱਦੀ ਪਿੰਡਾਂ 'ਚ ਹੜ੍ਹ ਦਾ ਕਹਿਰ ਜਾਰੀ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਫ਼ਾਜ਼ਿਲਕਾ ਦੇ ਸਰਹੱਦੀ ਪਿੰਡਾਂ 'ਚ ਹੜ੍ਹ ਨੇ ਫਿਰ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਵਾਰ ਹੜ੍ਹ ਨੇ ਇਸ ਹੱਦ ਤੱਕ ਤਬਾਹੀ ਮਚਾਈ ਹੈ ਕਿ ਲੋਕਾਂ ਨੂੰ ਸੰਭਲਣ ਦਾ ਮੌਕਾ ਵੀ ਨਹੀਂ ਮਿਲਿਆ। ਇੱਥੇ ਜਿੱਧਰ ਵੀ ਨਜ਼ਰ ਮਾਰੋ, ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ। ਇੱਥੇ ਹੜ੍ਹ ਦਾ ਪਾਣੀ ਇੰਨਾ ਤੇਜ਼ੀ ਨਾਲ ਵਧ ਰਿਹਾ ਹੈ ਕਿ ਫਸਲਾਂ ਦੇ ਪਾਣੀ ਵਿੱਚ ਡੁੱਬਣ ਤੋਂ ਬਾਅਦ ਹੁਣ ਲੋਕਾਂ ਦੇ ਘਰ ਦੇ ਵੀ ਡੁੱਬਣ ਦਾ ਖਤਰਾ ਬਣਿਆ ਹੋਇਆ ਹੈ। ਲੋਕ ਆਪਣਾ ਸਾਮਾਨ ਤੇ ਪਸ਼ੂਆਂ ਨੂੰ ਉੱਚੀਆਂ ਥਾਵਾਂ 'ਤੇ ਲਿਜਾ ਰਹੇ ਹਨ। ਸੜਕਾਂ ਵੀ ਭਰ ਗਈਆਂ ਹਨ, ਜਿਸ ਤੋਂ ਲੰਘਣਾ ਵੀ ਔਖਾ ਹੋ ਰਿਹਾ ਹੈ। ਇਸ ਦੌਰਾਨ ਕਿਸੇ ਵੀ ਤਰ੍ਹਾਂ ਦਾ ਹਾਦਸਾ ਵਾਪਰਨ ਦਾ ਖਤਰਾ ਬਣਿਆ ਹੋਇਆ ਹੈ।

ਇਸੇ ਤਰ੍ਹਾਂ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਤੇਜਾ ਰੁਹੇਲਾ, ਦੋਨਾ ਨਾਨਕਾ, ਰਾਮ ਸਿੰਘ ਭੈਣੀ, ਮਹਾਤਮ ਨਗਰ, ਝੰਗੜ ਭੈਣੀ, ਰੇਤੇ ਵਾਲੀ ਭੈਣੀ, ਢਾਣੀ ਸੱਦਾ ਸਿੰਘ, ਵਾਲੇ ਸ਼ਾਹ ਹਿਠਾੜ, ਮੁਹਾਰ ਜਮਸ਼ੇਰ ਆਦਿ ਵਿੱਚ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਸਤਲੁਜ ਦਰਿਆ ਦੇ ਕੰਢੇ ਇੱਥੇ ਸੈਂਕੜੇ ਏਕੜ ਫਸਲ ਤਬਾਹ ਹੋ ਗਈ ਹੈ। ਇਸ ਤੋਂ ਇਲਾਵਾ ਹੜ੍ਹ ਦਾ ਪਾਣੀ ਘਰਾਂ ਵਿੱਚ ਵੀ ਵੜਨਾ ਸ਼ੁਰੂ ਹੋ ਗਿਆ ਹੈ। ਲੋਕ ਆਪਣਾ ਸਾਮਾਨ ਤੇ ਪਸ਼ੂਆਂ ਨੂੰ ਟਰੈਕਟਰ ਟਰਾਲੀਆਂ 'ਤੇ ਲੱਦ ਕੇ ਉੱਚੀਆਂ ਥਾਵਾਂ 'ਤੇ ਲਿਜਾ ਰਹੇ ਹਨ।

ਇਸ ਮੌਕੇ ਗੁਰਦੇਵ ਸਿੰਘ, ਪ੍ਰੀਤਮ ਸਿੰਘ ਵਾਸੀ ਪਿੰਡ ਤੇਜਾ ਰੁਹੇਲਾ ਤੇ ਜਰਨੈਲ ਸਿੰਘ ਵਾਸੀ ਪਿੰਡ ਮਹਾਤਮ ਨਗਰ ਨੇ ਦੱਸਿਆ ਕਿ ਹੜ੍ਹ ਕਾਰਨ ਉਨ੍ਹਾਂ ਦੀਆਂ ਸਾਰੀਆਂ ਫਸਲਾਂ ਤਬਾਹ ਹੋ ਗਈਆਂ ਹਨ। ਇਸ ਤੋਂ ਬਾਅਦ ਹੁਣ ਉਨ੍ਹਾਂ ਦੇ ਘਰਾਂ ਦੇ ਆਲੇ-ਦੁਆਲੇ ਹੜ੍ਹ ਦਾ ਪਾਣੀ ਆ ਗਿਆ ਹੈ, ਜਿਸ ਕਾਰਨ ਉਨ੍ਹਾਂ ਦੇ ਮਕਾਨ ਡਿੱਗਣ ਦਾ ਵੀ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਘੱਟੋ-ਘੱਟ 50-60 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਰਾਸ਼ਨ ਸਮੱਗਰੀ ਤੇ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਗਈ।

# ਮਾਸਟਰ ਤਰਲੋਚਨ ਦੀ ਅੰਤਮ ਅਰਦਾਸ 'ਚ ਸੈਂਕੜੇ ਲੋਕ ਹੋਏ ਸ਼ਾਮਲ

**ਸਮਰਾਲਾ (ਸੁਰਜੀਤ ਸਿੰਘ)**



ਪੰਜਾਬੀ ਸਾਹਿਤ ਜਗਤ ਦੀ ਉੱਘੀ ਹਸਤੀ ਮਾਸਟਰ ਤਰਲੋਚਨ ਸਮਰਾਲਾ ਦੀ ਅੰਤਿਮ ਅਰਦਾਸ ਵਿੱਚ ਗੁਰਦੁਆਰਾ ਸਾਮਗੜ੍ਹ ਵਿਖੇ ਸਮਾਜ ਦੇ ਵੱਖ ਵੱਖ ਵਰਗਾਂ ਦੇ ਲੋਕਾਂ ਤੋਂ ਇਲਾਵਾ ਸਿਆਸੀ, ਟ੍ਰੇਡ ਯੂਨੀਅਨ ਆਗੂ, ਲੇਖਕ, ਵਿਦਿਆਰਥੀ, ਮਜ਼ਦੂਰ, ਕਲਾਕਾਰ, ਰੰਗਕਰਮੀ, ਪੱਤਰਕਾਰ, ਫਿਲਮਸਾਜ਼, ਵਕੀਲ ਭਾਈਚਾਰਾ, ਪਿੰਡਾਂ ਤੇ ਦੂਰ ਦੁਰਾਡੇ ਸ਼ਹਿਰਾਂ ਤੋਂ ਵੱਡੀ ਗਿਣਤੀ 'ਚ ਲੋਕ ਸ਼ਾਮਲ ਹੋਏ। ਇਸ ਮੌਕੇ ਵੱਖ ਵੱਖ ਵਿਭਾਗਾਂ ਤੇ ਜਥੇਬੰਦੀਆਂ ਦੇ ਆਗੂਆਂ ਨੇ ਮਾਸਟਰ ਤਰਲੋਚਨ ਸਿੰਘ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਮੁੱਚੇ ਬੁਲਾਰਿਆਂ ਨੇ ਇੱਕ ਮਤ ਰਾਹੀਂ ਮਾਸਟਰ ਤਰਲੋਚਨ ਸਮਰਾਲਾ ਨੂੰ ਸਾਹਿਤ ਜਗਤ ਤੋਂ ਇਲਾਵਾ ਹੋਰ ਖੇਤਰਾਂ ਵਿੱਚ ਵਿਚਰਨ ਕਾਰਨ ਇੱਕ ਵੱਡੀ ਸ਼ਖ਼ਸੀਅਤ ਦੱਸਿਆ, ਜੋ ਸਾਰੀ ਉਮਰ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਦੀ ਲੜਾਈ ਲੜਦੇ ਰਹੇ। ਉਨ੍ਹਾਂ ਕਿਹਾ ਕਿ ਮਾਸਟਰ ਤਰਲੋਚਨ ਅਧਿਆਪਕ ਹੁੰਦੇ ਹੋਏ ਆਪਣੇ ਵਿਦਿਆਰਥੀਆਂ ਲਈ ਇੱਕ ਰੋਲ ਮਾਡਲ ਬਣ ਕੇ ਵਿਚਰੇ। ਉਨ੍ਹਾਂ ਫਿਲਮਸਾਜ਼ੀ, ਨਾਟਕਕਾਰੀ, ਟ੍ਰੇਡ ਯੂਨੀਅਨ ਆਗੂ ਤੇ ਲੇਖਕ ਦੇ ਰੂਪ ਵਿੱਚ ਵੱਡਾ ਨਾਮਣਾ ਖੱਟਿਆ। ਬੁਲਾਰਿਆਂ ਨੇ ਕਿਹਾ ਕਿ ਮਾਸਟਰ ਤਰਲੋਚਨ ਸਿੰਘ ਇੱਕ ਸੰਸਥਾ ਸੀ, ਜੋ ਲੋਕਾਂ ਲਈ ਚਾਨਣ ਮੁਨਾਰਾ ਬਣ ਕੇ ਵਿਚਰਿਆ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਨੇ ਆਪੋ ਆਪਣੇ ਸ਼ੋਕ ਸੰਦੇਸ਼ ਵੀ ਭੇਜੇ। ਇਸ ਮੌਕੇ ਸਾਬਕਾ ਕਾਂਗਰਸ ਮੰਤਰੀ ਗੁਰਕੀਰਤ ਕੋਟਲੀ, ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਸੰਨੀ ਦੁਆ, ਸਾਬਕਾ ਵਿਧਾਇਕ ਅਮਰੀਕ ਸਿੰਘ ਢਿੱਲੋਂ, ਕਮਲਜੀਤ ਸਿੰਘ ਢਿੱਲੋਂ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਕਰਨਬੀਰ ਸਿੰਘ ਢਿੱਲੋਂ, ਸਮਾਜਵਾਦੀ ਪਾਰਟੀ ਦੇ ਡਾ. ਸੋਹਣ ਲਾਲ ਬਲੱਗਣ, ਮੌਜੂਦਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸਮਰਾਲਾ ਵਿਧਾਨ ਸਭਾ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ, ਲੇਖਕ ਮੰਚ ਸਮਰਾਲਾ ਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਦਲਜੀਤ ਸਿੰਘ ਸ਼ਾਹੀ, ਡਾ. ਹਰਦੀਪ ਸਿੰਘ ਸ਼ਾਹੀ, ਸ਼ਾਹੀ ਸਪੋਰਟਸ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਗੁਰਬੀਰ ਸਿੰਘ ਸ਼ਾਹੀ, ਐਡਵੋਕੇਟ ਪਰਮਿੰਦਰ ਸਿੰਘ ਗਿੱਲ, ਪ੍ਰਿੰ. ਡਾ. ਪਰਮਿੰਦਰ ਸਿੰਘ ਬੈਨੀਪਾਲ, ਲੇਖਕ ਹਰਬੰਸ ਮਾਲਵਾ, ਨਾਟਕਕਾਰ ਤੇ ਨਿਰਦੇਸ਼ਕ ਰਾਜਵਿੰਦਰ ਸਮਰਾਲਾ, ਪ੍ਰੋ. ਬਲਦੀਪ ਸਿੰਘ, ਕੇਵਲ ਧਾਲੀਵਾਲ ਸ਼੍ਰੋਮਣੀ ਨਾਟਕਕਾਰ, ਕਾਮਰੇਡ ਅਮੋਲਕ ਸਿੰਘ ਪ੍ਰਧਾਨ 'ਪਲਸ' ਮੰਚ, ਕੰਵਲਜੀਤ ਖੰਨਾ ਇੰਕਲਾਬੀ ਕੇਂਦਰ ਪੰਜਾਬ, ਸੁਖਦਰਸ਼ਨ ਨੱਤ ਇੰਕਲਾਬੀ ਆਗੂ ਆਦਿ ਹਾਜ਼ਰ ਸਨ।

ਇਸ ਮੌਕੇ ਸ਼ਾਹੀ ਸਪੋਰਟਸ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਗੁਰਬੀਰ ਸਿੰਘ ਸ਼ਾਹੀ ਨੇ ਤਰਲੋਚਨ ਸਿੰਘ ਦੀ ਯਾਦ ਵਿੱਚ ਆਡੀਟੋਰੀਅਮ ਲਈ ਸੁਸਾਇਟੀ ਵੱਲੋਂ ਇੱਕ ਏਕੜ ਜ਼ਮੀਨ ਦੇਣ ਦਾ ਐਲਾਨ ਕੀਤਾ।

# ਮੈਡੀਕਲ ਕਾਲਜ ਤੇ ਹਸਪਤਾਲ ਦੀ ਉਸਾਰੀ 'ਤੇ ਲਗਾਈ ਰੋਕ ਖਿਲਾਫ ਧਰਨਾ ਜਾਰੀ

## ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅਕਾਲੀ ਆਗੂਆਂ ਨੂੰ ਕਾਲੀਆਂ ਝੰਡੀਆਂ ਵਿਖਾ ਕੇ ਕੀਤਾ ਰੋਸ ਪ੍ਰਦਰਸ਼ਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਮੈਡੀਕਲ ਕਾਲਜ ਤੇ ਹਸਪਤਾਲ ਦੀ ਉਸਾਰੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਗਾਈ ਗਈ ਰੋਕ ਨੂੰ ਖਤਮ ਕਰਨ ਲਈ ਲਗਾਤਾਰ ਧਰਨਾ ਜਾਰੀ ਰਿਹਾ। ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਤੇ ਪਹੁੰਚੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂਆਂ ਵਿਰੁੱਧ ਲੌਂਗੋਵਾਲ ਮੰਡੀ ਵਿੱਚ ਵੱਡਾ ਇਕੱਠ ਕਰਕੇ ਸ਼ਾਂਤਮਈ ਕਾਲੀਆਂ ਝੰਡੀਆਂ ਵਿਖਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਸੰਯੁਕਤ ਅਕਾਲੀ ਦਲ ਢੀਂਡਸਾ ਨੂੰ ਚੇਤਾਵਨੀ ਦਿੱਤੀ ਗਈ ਕਿ ਇਸ ਮੈਡੀਕਲ ਕਾਲਜ ਤੇ ਹਸਪਤਾਲ ਨੂੰ ਬਣਾਉਣ ਲਈ ਏਵੇਂ ਝੂਠੀ ਪਾਈ ਸਟੇਅ ਵਾਪਸ ਲਵੋ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ 'ਚ ਡੋਰ ਟੂ ਡੋਰ ਲੋਕਾਂ ਨੂੰ ਮਿਲ ਕੇ ਇਨ੍ਹਾਂ ਦਾ ਪਿੰਡਾਂ ਵਿੱਚ ਬਾਈਕਾਟ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਬੁਲਾਰਿਆਂ ਵੱਲੋਂ ਸੰਬੋਧਨ ਕੀਤਾ ਗਿਆ, ਜਿਸ ਵਿੱਚ ਦਰਸ਼ਨ ਸਿੰਘ ਕੂੰਨਰਾਂ, ਕਨਵੀਨਰ ਸਾਹਿਬ ਸਿੰਘ ਬਡਬਰ, ਦਰਸ਼ਨ ਸਿੰਘ ਬੱਗੋਆਣਾ, ਮਨਦੀਪ ਸਿੰਘ ਸਿੱਧੂ ਲਿੱਦੜਾਂ ਸੱਤ ਮੈਂਬਰੀ ਸੰਘਰਸ਼ ਕਮੇਟੀ ਮੈਡੀਕਲ ਕਾਲਜ ਮਸਤੂਆਣਾ ਸਾਹਿਬ, ਜਸਵਿੰਦਰ ਸਿੰਘ ਸੋਮਾ ਸੂਬਾ ਆਗੂ ਅਜ਼ਾਦ, ਬਲਜਿੰਦਰ ਕੌਰ ਕਿਲ੍ਹਾ ਭਰੀਆਂ ਸੂਬਾ ਆਗੂ ਅਜ਼ਾਦ, ਕਰਨੈਲ ਸਿੰਘ ਲੌਂਗੋਵਾਲ ਅਜ਼ਾਦ, ਭੁਪਿੰਦਰ ਸਿੰਘ ਸੂਬਾ ਆਗੂ ਕਿਰਤੀ ਕਿਸਾਨ ਯੂਨੀਅਨ, ਜਰਨੈਲ ਸਿੰਘ ਜਹਾਂਗੀਰ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਸੁਖਦੇਵ ਸਿੰਘ ਉਭਾਵਾਲ, ਹਰਦੇਵ ਸਿੰਘ ਕੰਮੋਮਾਜਰਾ, ਕਰਮਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਭਾਕਿਯੂ ਧਨੇਰ, ਜੁਗਰਾਜ ਸਿੰਘ ਹਰਦਾਸਪੁਰ ਭਾਕਿਯੂ ਧਨੇਰ, ਗੁਰਦੇਵ ਸਿੰਘ ਮਾਂਗੇਵਾਲ ਭਾਕਿਯੂ ਧਨੇਰ, ਅਮਰਜੀਤ ਸਿੰਘ ਠੁੱਲੀਵਾਲ ਭਾਕਿਯੂ ਧਨੇਰ, ਹਰਦੇਵ ਸਿੰਘ ਕੁਲਾਰ ਅਜ਼ਾਦ, ਦਿਲਬਾਰਾ ਸਿੰਘ ਲੋਹਾਖੇੜਾ ਅਜ਼ਾਦ ਜ਼ਿਲ੍ਹਾ ਆਗੂ, ਕੁਲਦੀਪ ਸਿੰਘ ਯੋਸੀ ਭਾਕਿਯੂ ਬੁਰਜ਼ ਗਿੱਲ, ਭਾਕਿਯੂ ਬੁਰਜ ਗਿੱਲ ਸੀਨੀਅਰ ਮੀਤ ਪ੍ਰਧਾਨ, ਲਖਵੀਰ ਸਿੰਘ ਲੱਖਾ ਆਦਿ ਸ਼ਾਮਲ ਸਨ।

## ਕਾਤਰਾਂ

### ਲੱਖੇਵਾਲੀ ਰੇਲਵੇ ਸਟੇਸ਼ਨ ਯਾਰਡ ਦਾ ਹੋ ਰਿਹੈ ਨਵੀਨੀਕਰਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੰਡੀ ਲੱਖੇਵਾਲੀ ਰੇਲਵੇ ਸਟੇਸ਼ਨ ਯਾਰਡ 'ਤੇ ਲਾਈਨਾਂ ਦਾ ਬਿਜਲੀਕਰਨ/ਇੰਟਰਲਾਕਿੰਗ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਰੇਲਵੇ ਅਧਿਕਾਰੀ ਅਨੁਸਾਰ ਇਹ ਕੰਮ 21 ਅਗਸਤ 2023 ਤੱਕ ਮੁਕੰਮਲ ਹੋ ਜਾਵੇਗਾ। ਫਿਰੋਜ਼ਪੁਰ ਮੰਡਲ ਦਫ਼ਤਰ ਤੋਂ ਆਪਰੇਟਿੰਗ ਸਟਾਫ਼, ਫਾਜ਼ਿਲਕਾ ਮੁਕਤਸਰ ਤੋਂ ਟੈਕਨੀਕਲ ਸਟਾਫ਼ ਲੱਖੇਵਾਲੀ ਵਿਖੇ ਕੰਮ ਕਰ ਰਿਹਾ ਹੈ। ਇਸ ਦੌਰਾਨ ਡੀ ਐੱਮ ਯੂ ਟਰੇਨ ਨੰਬਰ 06992/93 ਫਾਜ਼ਿਲਕਾ-ਕੋਟਕਪੂਰਾ ਰੇਲ ਸੈਕਸ਼ਨ 'ਤੇ ਆਰਜ਼ੀ ਤੌਰ 'ਤੇ ਬੰਦ ਕੀਤੀ ਗਈ ਹੈ। ਇਸ ਉਦੇਸ਼ ਲਈ ਸਟੇਸ਼ਨ ਲੱਖੇਵਾਲੀ 'ਤੇ ਨਵੀਂ ਇਮਾਰਤ ਪਹਿਲਾਂ ਹੀ ਬਣ ਕੇ ਤਿਆਰ ਹੋ ਚੁੱਕੀ ਹੈ। ਇਸ ਤਰ੍ਹਾਂ ਲੱਖੇਵਾਲੀ ਰੇਲਵੇ ਸਟੇਸ਼ਨ 'ਤੇ ਜਲਦ ਹੀ ਨਵੀਂਆਂ ਸਹੂਲਤਾਂ ਮਿਲਣਗੀਆਂ। ਇਸ ਤੋਂ ਬਾਅਦ ਮੁਕਤਸਰ ਰੇਲਵੇ ਸਟੇਸ਼ਨ 'ਤੇ ਇੰਟਰਲਾਕਿੰਗ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫਿਰੋਜ਼ਪੁਰ ਰੇਲਵੇ ਮੰਡਲ ਉਪਭੋਗਤਾ ਸਲਾਹਕਾਰ ਕਮੇਟੀ ਦੇ ਮੈਂਬਰ ਸ਼ਾਮ ਲਾਲ ਗੋਇਲ ਨੇ ਦੱਸਿਆ ਕਿ ਅਜਿਹਾ ਹੋਣ ਨਾਲ ਰੇਲਵੇ ਸਟੇਸ਼ਨ ਦੇ ਨਾਲ ਹੀ ਰੇਲਵੇ ਵਿੱਚ ਵੀ ਸੁਧਾਰ ਹੋਣਗੇ।

### ਸੀਵਰੇਜ ਸਿਸਟਮ ਦੀ ਹਾਲਤ ਖ਼ਸਤਾ, ਥੋੜ੍ਹੇ ਮੀਂਹ ਨਾਲ ਹੋ ਜਾਂਦਾ ਜਲ-ਥਲ : ਜਟਾਣਾ

**ਦੋਰਾਹਾ (ਹਰਮਿੰਦਰ ਸੇਠ)**-ਕਰਮ ਸਿੰਘ ਜਟਾਣਾ ਨੇ ਦੱਸਿਆ ਕਿ ਆਰੀਆ ਪੁੱਤਰੀ ਸਕੂਲ ਅੱਗੇ ਖੜ੍ਹੇ ਪਾਣੀ 'ਚ ਕਈ ਬੱਚੇ ਤੇ ਮੈਡਮਾਂ ਡਿੱਗ ਕੇ ਗੰਭੀਰ ਸੱਟਾਂ ਖਾ ਚੁੱਕੇ ਨੇ, ਕਿਉਂਕਿ ਉਥੇ ਇੰਟਰਲੌਕ ਟਾਈਲਾਂ ਲਾਉਣ ਦਾ ਕੰਮ ਅੱਧ ਵਿਚਾਲੇ ਛੱਡ ਦਿੱਤਾ ਗਿਆ, ਜਿਸ ਕਰਕੇ ਮੀਂਹ ਪੈਣ ਬਾਅਦ ਪਾਣੀ ਇਕੱਠਾ ਹੋ ਜਾਂਦਾ ਹੈ। ਜਟਾਣਾ ਨੇ ਨਗਰ ਕੌਂਸਲ 'ਚ ਵੀ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਵਾਲੀ ਲਿਸਟ 'ਚ ਵੀ ਵੱਡੇ ਘੁਟਾਲੇ ਹੋਣ ਦਾ ਦੋਸ਼ ਲਾਇਆ। ਸਰਕਾਰ ਨੇ ਸੇਵਾਮੁਕਤ ਤੇ ਰੈਗੂਲਰ ਮੁਲਾਜ਼ਮਾਂ ਨਾਲ ਜੋ ਮਹਿੰਗਾਈ ਭੱਤੇ ਤੇ ਹੋਰ ਵਾਅਦੇ ਕੀਤੇ ਸਨ, ਉਨ੍ਹਾਂ 'ਚੋਂ ਹਾਲ ਦੀ ਘੜੀ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ। ਜਥੇਬੰਦੀ ਨੇ ਮੰਗ ਕੀਤੀ ਕਿ ਸਰਕਾਰ ਨਰੇਗਾ ਵਰਕਰਾਂ ਦੀ ਦਿਹਾੜੀ 600 ਰੁਪਏ ਕਰੇ ਤੇ ਉਨ੍ਹਾਂ ਦੇ ਕੰਮ ਦੇ ਦਿਨ ਵੀ ਵਧਾ ਕੇ 200 ਕੀਤੇ ਜਾਣ। ਨਗਰ ਕੌਂਸਲ 'ਚ ਕੰਮ ਕਰਦੇ ਸਫ਼ਾਈ ਮੁਲਾਜ਼ਮਾਂ ਨੂੰ ਤੁਰੰਤ ਪ੍ਰਭਾਵ ਨਾਲ ਪੱਕਾ ਕੀਤਾ ਜਾਵੇ, ਜੇ ਉਹ ਕੰਮ ਪੱਕੇ ਮੁਲਾਜ਼ਮਾਂ ਜਿੰਨਾ ਕਰਦੇ ਨੇ, ਫੇਰ ਉਨ੍ਹਾਂ ਦੀ ਤਨਖ਼ਾਹ ਮਹਿਜ਼ 6-7 ਹਜ਼ਾਰ ਕਿਉਂ ?

# ਢਾਣੀ ਸੱਦਾ ਸਿੰਘ 'ਚ 11 ਸਾਲਾ ਬੱਚੇ ਦੀ ਮੌਤ

**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਰਹੱਦੀ ਪਿੰਡ ਢਾਣੀ ਸੱਦਾ ਸਿੰਘ 'ਚ 11 ਸਾਲਾ ਬੱਚੇ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ।



ਮ੍ਰਿਤਕ ਬੂਟਾ ਸਿੰਘ (11) ਦੇ ਰਿਸ਼ਤੇਦਾਰ ਰਾਜ ਸਿੰਘ ਨੇ ਦੱਸਿਆ ਕਿ ਹੜ੍ਹ ਨੇ ਉਨ੍ਹਾਂ ਦੇ ਘਰ ਨੂੰ ਚਾਰੇ ਪਾਸਿਓਂ ਘੇਰ ਲਿਆ ਹੈ। ਉਨ੍ਹਾਂ ਦੀਆਂ ਫਸਲਾਂ ਵੀ ਬਰਬਾਦ ਹੋ ਗਈਆਂ ਹਨ ਤੇ ਉਨ੍ਹਾਂ ਦੇ ਘਰਾਂ ਨੂੰ ਵੀ ਖਤਰਾ ਬਣਿਆ ਹੋਇਆ ਹੈ, ਜਿਸ ਕਾਰਨ ਉਨ੍ਹਾਂ ਦੇ ਬੱਚਿਆਂ ਸਮੇਤ ਸਾਰੇ ਪਰਿਵਾਰਕ ਮੈਂਬਰ ਚਿੰਤਾ 'ਚ ਰਹਿ ਰਹੇ ਹਨ। ਇਸੇ ਚਿੰਤਾ ਕਾਰਨ ਸ਼ਨੀਵਾਰ ਸਵੇਰੇ ਕਰੀਬ 7 ਵਜੇ ਉਨ੍ਹਾਂ ਦੇ ਭਤੀਜੇ ਬੂਟਾ ਸਿੰਘ ਦੀ ਸਿਹਤ ਅਚਾਨਕ ਵਿਗੜ ਗਈ ਤੇ ਉਹ ਹੇਠਾਂ ਡਿੱਗ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਉਸ ਨੂੰ ਸੰਭਾਲਿਆ, ਪਰ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਉਹ ਦੋ ਭੈਣ-ਭਰਾ ਸਨ ਤੇ ਭੈਣ ਉਸ ਤੋਂ ਵੱਡੀ ਹੈ, ਜਿਸ ਨੂੰ ਗੋਦ ਲਿਆ ਗਿਆ ਸੀ। ਉਹ ਆਪਣੀ ਭੈਣ ਨਾਲ ਇੱਥੇ ਪ੍ਰਾਇਮਰੀ ਸਕੂਲ 'ਚ ਪੜ੍ਹਦਾ ਸੀ। ਉਨ੍ਹਾਂ ਸਰਕਾਰ ਤੋਂ ਪੀੜਤ ਪਰਿਵਾਰ ਦੀ ਮਦਦ ਦੀ ਮੰਗ ਕੀਤੀ ਹੈ।

ਦੂਜੇ ਪਾਸੇ ਫਾਜ਼ਿਲਕਾ ਦੇ ਨਾਇਬ ਤਹਿਸੀਲਦਾਰ ਗੁਰਜੀਤ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਪਰਿਵਾਰਕ ਮੈਂਬਰਾਂ ਨਾਲ ਆਪਣਾ ਦੁੱਖ ਸਾਂਝਾ ਕੀਤਾ ਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

# ਜਾਲ੍ਹੀ ਸਰਟੀਫਿਕੇਟ ਬਣਾ ਕੇ ਨੌਕਰੀਆਂ ਹੜੱਪਣ ਵਾਲਿਆਂ ਖਿਲਾਫ਼ ਕਾਰਵਾਈ ਤੋਂ ਭੱਜੀ ਮਾਨ ਸਰਕਾਰ : ਸਮਾਓ



**ਮਾਨਸਾ (ਪਮਾਰ)**-ਐਸ ਸੀ ਬੀ ਸੀ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਇਸ ਵਰਗ ਦੀਆਂ ਹਜ਼ਾਰਾਂ ਨੌਕਰੀਆਂ ਹੜੱਪਣ ਵਾਲੇ ਰਿਜ਼ਰਵੇਸ਼ਨ ਚੋਰਾਂ ਖਿਲਾਫ਼ ਕਾਰਵਾਈ ਕਰਨ ਤੋਂ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਭੱਜ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਫਫੜੇ-ਭਾਈਕੇ ਵਿਖੇ ਮਜ਼ਦੂਰ ਇਕੱਠ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਕੀਤਾ। ਉਨ੍ਹਾਂ ਕਿਹਾ ਕਿ ਦੇਸ ਅੰਦਰ ਐਸ.ਸੀ ਅਤੇ ਬੀ.ਸੀ ਸਮਾਜ ਨੂੰ ਮਿਲਣ ਵਾਲੀਆਂ ਲੱਖਾਂ ਨੌਕਰੀਆਂ ਉੱਚ ਜਾਤੀਆਂ ਦੇ ਧਨਾਢਾਂ ਨੇ ਜਾਅਲੀ ਸਰਟੀਫਿਕੇਟ ਬਣਾ ਕੇ ਖੋਹ ਲਈਆਂ ਹਨ, ਜਿਸ ਤੋਂ ਸਾਫ ਹੁੰਦਾ ਹੈ ਕਿ ਆਜ਼ਾਦੀ ਦੇ 76 ਸਾਲਾਂ ਬਾਅਦ ਵੀ ਐਸ.ਸੀ ਤੇ ਬੀ.ਸੀ ਸਮਾਜ ਨੂੰ ਇਕਸਮਾਨ ਸਿੱਖਿਆ ਪ੍ਰਾਪਤ ਕਰਨ ਪੂਰਾ ਹੱਕ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਸੱਚਾ ਬਦਲਾਅ ਲਿਆਉਣ ਦੀ ਗੱਲ ਕਰਨ ਵਾਲਾ ਮੁੱਖ ਮੰਤਰੀ ਮਾਨ ਵੀ ਪਿਛਲੇ ਹਾਕਮਾਂ ਦੀ ਤਰ੍ਹਾਂ ਲੋਕਾਂ ਨੂੰ ਮੂਰਖ ਬਣਾ ਰਿਹਾ ਹੈ। ਇਸੇ ਤਰ੍ਹਾਂ ਰਾਜ ਅੰਦਰ ਨਸ਼ਿਆਂ ਦਾ ਕਾਲਾ ਕਾਰੋਬਾਰ ਪਿਛਲੀਆਂ ਸਰਕਾਰਾਂ ਤੋਂ ਵੀ ਤੇਜ਼ੀ ਨਾਲ ਜਵਾਨੀ ਨੂੰ ਬਰਬਾਦ ਕਰ ਰਿਹਾ ਹੈ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਗੁਰਜੰਟ ਸਿੰਘ ਪੰਚ, ਤੇਜਾ ਸਿੰਘ ਖਾਲਸਾ, ਰਾਣੀ ਕੌਰ ਤੇ ਗੁਰਲਾਲ ਸਿੰਘ ਲਾਲਾ ਨੇ ਵੀ ਸੰਬੋਧਨ ਕੀਤਾ।

# ਮਲਟੀਪਰਪਜ਼ ਹੈਲਥ ਇੰਪਲਾਈਜ ਵੱਲੋਂ ਡਾਇਰੈਕਟਰ ਤੇ ਮੰਤਰੀ ਵਿਰੁੱਧ ਧਰਨਾ 24 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਮਲਟੀਪਰਪਜ਼ ਹੈਲਥ ਇੰਪਲਾਈਜ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਦੀ ਅਗਵਾਈ ਹੇਠ ਮਲਟੀਪਰਪਜ਼ ਕੇਡਰ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆ ਕਰਨ ਦੇ ਰੋਸ ਵਜੋਂ 24 ਅਗਸਤ ਨੂੰ ਸਿਹਤ ਡਾਇਰੈਕਟਰ ਪੰਜਾਬ ਦੇ ਦਫ਼ਤਰ ਵਿੱਚ ਰੋਸ ਧਰਨਾ ਦੇ ਕੇ ਸਿਹਤ ਮੰਤਰੀ ਦੀ ਕੋਠੀ ਵੱਲ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਹੋਇਆ ਹੈ, ਜਿਸ ਸੰਬੰਧੀ ਬੋਲਦਿਆਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਮੋਗਾ ਨੇ ਕਿਹਾ ਕਿ ਮਲਟੀਪਰਪਜ ਕੇਡਰ ਦਾ ਨਾਂਅ ਬਦਲੀ ਕਰਨ, ਸੀਨੀਆਰਤਾ ਸੂਚੀ ਜਾਰੀ ਕਰਨ, ਕੱਚੇ ਸਿਹਤ ਕਾਮੇ ਪੱਕੇ ਕਰਨ, ਕੱਟੇ ਗਏ ਭੱਤੇ ਬਹਾਲ ਕਰਨ, ਤਰੱਕੀਆਂ ਸਮੇਂ ਸਿਰ ਕਰਨ, ਵਰਦੀ ਭੱਤਾ, ਐਫ.ਟੀ.ਏ ਲਾਗੂ ਕਰਨ, ਪੰਜਾਬ ਸਕੇਲ ਲਾਗੂ ਕਰਨ, ਟ੍ਰੇਨਿੰਗ ਸਕੂਲ ਚਾਲੂ ਕਰਨ ਸਮੇਤ ਕਈ ਮੰਗਾਂ ਨੂੰ ਉਠਾਇਆ ਜਾ ਰਿਹਾ ਹੈ, ਪਰ ਸਰਕਾਰ ਵੱਲੋਂ ਕੇਡਰ ਦੀਆਂ ਹੱਕੀ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ, ਜਿਸਦੇ ਰੋਸ ਵਜੋਂ 24 ਅਗਸਤ ਨੂੰ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਸੂਬੇ ਭਰ ਤੋਂ ਸਿਹਤ ਕਾਮਿਆਂ ਵੱਲੋਂ ਵਧ-ਚੜ੍ਹ ਕੇ ਹਿੱਸਾ ਲਿਆ ਜਾਵੇਗਾ ਅਤੇ ਜੇਕਰ ਕੇਡਰ ਦੀਆਂ ਜਾਇਜ਼ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਤੋਂ ਵੀ ਸਿਹਤ ਕਾਮੇ ਪਿੱਛੇ ਨਹੀਂ ਹਟਣਗੇ।

# ਸਲਾਈਟ 'ਚ ਸੰਤ ਲੌਂਗੋਵਾਲ ਦੀ ਬਰਸੀ ਮੌਕੇ ਸ਼ਰਧਾਂਜਲੀ ਸਮਾਰੋਹ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)**-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜਨੀਅਰਿੰਗ ਤੇ ਤਕਨਾਲੋਜੀ ਲੌਂਗੋਵਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਨੂੰ ਸਮਰਪਤ ਸ਼ਰਧਾਂਜਲੀ ਸਮਾਰੋਹ ਸਥਾਨਕ ਪ੍ਰਸ਼ਾਸਨਕ ਬਲਾਕ ਵਿਖੇ ਕੀਤਾ ਗਿਆ। ਸਮਾਰੋਹ ਦਾ ਆਗਾਜ਼ ਸੰਤ ਲੌਂਗੋਵਾਲ ਦੇ ਬੁੱਤ ਨੂੰ ਸੰਸਥਾ ਦੇ ਪ੍ਰਸ਼ਾਸਨਕ ਅਧਿਕਾਰੀਆਂ, ਫੈਕਲਟੀ, ਸਟਾਫ, ਵਿਦਿਆਰਥੀਆਂ, ਸ਼ਹੀਦ ਭਾਈ ਦਿਆਲਾ ਪਬਲਿਕ ਸਕੂਲ, ਕੇਂਦਰੀ ਵਿਦਿਆਲਿਆ ਦੇ ਸਟਾਫ ਵੱਲੋਂ ਫੁੱਲ ਮਾਲਾਵਾਂ ਪਾ ਕੇ ਕੀਤਾ ਗਿਆ।

ਡਾ. ਅਜੈ ਪਾਲ ਸਿੰਘ ਨੇ ਦੱਸਿਆ ਇਸ ਮੌਕੇ ਜਿੱਥੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਅਤਿ ਨਜ਼ਦੀਕੀ ਰਹੇ ਦਰਵੇਸ਼ ਵਿਅਕਤੀਤਵ ਦੇ ਮਾਲਕ ਸ਼ਹੀਦ ਭਾਈ ਮਨੀ ਸਿੰਘ ਵਿੱਦਿਅਕ ਟਰੱਸਟ ਦੇ ਚੇਅਰਮੈਨ ਮਹਿੰਦਰ ਸਿੰਘ ਦੁੱਲਟ ਦਾ ਸਨਮਾਨ ਕੀਤਾ ਗਿਆ, ਉਥੇ ਵਿਸ਼ਵ ਪ੍ਰਸਿੱਧ ਕਵਿਤਰੀ, ਲੇਖਕ, ਸਟੇਟ ਐਵਾਰਡੀ ਗੁਰਚਰਨ ਕੌਰ ਕੋਚਰ ਨੇ ਸੰਤ ਜੀ ਦੀ ਵਿਚਾਰਧਾਰਾ 'ਤੇ ਚਾਨਣਾ ਪਾਇਆ। ਦੁੱਲਟ ਨੇ ਸੰਤ ਜੀ ਦੀਆਂ ਅਨੇਕਾਂ ਯਾਦਾਂ ਸਾਂਝੀਆਂ ਕੀਤੀਆਂ। ਸੰਸਥਾ ਦੇ ਨਿਰਦੇਸ਼ਕ ਡਾਕਟਰ ਮਣੀ ਕਾਂਤ ਪਾਸਵਾਨ ਨੇ ਆਪਣੇ ਸੰਬੋਧਨ 'ਚ ਸੰਤ ਜੀ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਸਮਾਜ ਦੇ ਵਡੇਰੇ ਹਿੱਤਾਂ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਇਸ ਸਮਾਰੋਹ 'ਚ ਡੀਨ ਡਾਕਟਰ ਅਜਾਤ ਸੱਤਰੂ ਅਰੋੜਾ ਤੋਂ ਇਲਾਵਾ ਪ੍ਰਿੰਸੀਪਲ ਨਿਰਪਜੀਤ ਸਿੰਘ ਢਿੱਲੋਂ, ਪ੍ਰੋ. ਮਨੋਜ ਗੋਇਲ ਨੇ ਸੰਤ ਜੀ ਦੀ ਕੁਰਬਾਨੀ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਪ੍ਰਤੀਕ ਦੱਸਿਆ। ਜੁਝਾਰ ਸਿੰਘ ਲੌਂਗੋਵਾਲ ਵੱਲੋਂ ਮੰਚ ਸੰਚਾਲਨ ਕੀਤਾ ਗਿਆ। ਅੰਤ 'ਤੇ ਸਮਾਰੋਹ ਦੇ ਕਨਵੀਨਰ ਡਾਕਟਰ ਆਰ ਕੇ ਯਾਦਵ ਨੇ ਆਪਣੀ ਭਾਵੁਕ ਤਕਰੀਰ ਦੇ ਨਾਲ ਪੂਰੀ ਪ੍ਰਬੰਧਕ ਟੀਮ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਸਮਾਰੋਹ ਵਿੱਚ ਸਾਰੇ ਪ੍ਰਬੰਧ ਜਗਦੀਸ਼ ਚੰਦ, ਅਸ਼ੋਕ ਕੁਮਾਰ ਦੀ ਦੇਖ-ਰੇਖ ਤੇ ਸਰਬਜੀਤ ਸਿੰਘ ਪੀ ਐੱਸ ਵੱਲੋਂ ਕੀਤੇ ਗਏ। ਕੇਂਦਰੀ ਵਿਦਿਆਲਯ ਦੇ ਵਿਦਿਆਰਥੀਆਂ, ਗਿਆਨੀ ਰੂਪ ਸਿੰਘ ਬਡਬਰ, ਗੁਰਸ਼ਰਨ ਕੌਰ ਵੱਲੋਂ ਦੇਸ਼ ਭਗਤੀ ਦੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਸੰਤ ਲੌਂਗੋਵਾਲ ਜੀ ਦੇ ਜੀਵਨ 'ਤੇ ਲਗਾਈ ਗਈ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਬਣੀ ਰਹੀ

# ਵਿਧਾਇਕ ਦਹੀਆ ਵੱਲੋਂ ਹੜ੍ਹ ਪ੍ਰਭਾਵਤ ਖੇਤਰ ਦਾ ਦੌਰਾ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪਹਾੜੀ ਖੇਤਰ ਵਿੱਚ ਲਗਾਤਾਰ ਹੋ ਰਹੀਆਂ ਬਰਸਾਤਾਂ ਕਾਰਨ ਭਾਖੜਾ ਡੈਮ ਤੇ ਪੌਂਗ ਡੈਮ ਤੋਂ ਖੋਲ੍ਹੇ ਗਏ ਫਲੱਡ ਗੇਟਾਂ ਕਾਰਨ ਦਰਿਆ ਸਤਲੁਜ ਕਿਨਾਰੇ ਵਸੇ ਪਿੰਡਾਂ ਵਿੱਚ ਬਣੀ ਹੜ੍ਹ ਵਰਗੀ ਸਥਿਤੀ ਦੇ ਮੱਦੇਨਜ਼ਰ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਵੱਲੋਂ ਅੱਜ ਪ੍ਰਸ਼ਾਸਨਕ ਅਧਿਕਾਰੀਆਂ ਤੇ ਆਪਣੀ ਟੀਮ ਜਿਸ ਵਿੱਚ ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡਿਆ ਇੰਚਾਰਜ, ਸੀਨੀਅਰ ਆਗੂ ਬਲਰਾਜ ਸਿੰਘ ਸੰਧੂ ਨੂੰ ਨਾਲ ਲੈ ਕੇ ਪਿੰਡ ਸੇਠਾਂ ਵਾਲਾ, ਜੱਲੋ ਕੇ, ਸਾਨ ਕੇ ਦੇ ਨਾਲ ਲੱਗਦੇ ਸਤਲੁਜ ਦਰਿਆ ਕਿਨਾਰੇ ਬਣੇ ਬੰਨ੍ਹਾਂ ਦਾ ਦੌਰਾ ਕੀਤਾ ਗਿਆ। ਦੌਰੇ ਉਪਰੰਤ ਗੱਲਬਾਤ ਕਰਦਿਆਂ ਸ਼੍ਰੀ ਦਹੀਆ ਨੇ ਦੱਸਿਆ ਕਿ ਇਸ ਸਮੇਂ ਤੱਕ ਇਹ ਸਰਹੱਦੀ ਪਿੰਡ ਸੇਠਾਂ ਵਾਲਾ ਜੱਲੋ ਕੇ ਆਦਿ ਪੂਰੀ ਤਰ੍ਹਾਂ ਸੁਰੱਖਿਅਤ ਹਨ। ਉਨ੍ਹਾ ਦੱਸਿਆ ਕਿ ਹੁਣ ਤੱਕ ਪਿੰਡ ਸੇਠਾਂ ਵਾਲਾ ਦੇ ਨਜ਼ਦੀਕ ਤੋਂ ਲੰਘਦੀ ਛੋਟੀ ਨਹਿਰ ਤੱਕ ਦਰਿਆ ਦਾ ਪਾਣੀ ਕਰੀਬ ਪੰਜ ਪੰਜ, ਛੇ ਛੇ ਫੁੱਟ ਆ ਚੁੱਕਾ ਹੈ ਤੇ ਆਪ ਵਲੰਟੀਅਰਾਂ, ਨਗਰ ਪੰਚਾਇਤ ਮਮਦੋਟ ਦੀ ਟੀਮ, ਸਥਾਨਕ ਸਮਾਜ ਸੇਵੀ ਜਥੇਬੰਦੀਆਂ ਤੇ ਪ੍ਰਸ਼ਾਸਨ ਵੱਲੋਂ ਉਕਤ ਨਹਿਰ 'ਤੇ ਪੈਨੀ ਨਜ਼ਰ ਰੱਖੀ ਹੋਈ ਹੈ ਤੇ ਜਿੱਥੇ ਵੀ ਕਿਤੇ ਨਹਿਰ ਦੀ ਪਟੜੀ ਕਮਜ਼ੋਰ ਮਹਿਸੂਸ ਹੁੰਦੀ ਹੈ, ਉਸ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਸ਼੍ਰੀ ਦਹੀਆ ਨੇ ਵਿਸ਼ਵਾਸ ਦੁਆਇਆ ਕਿ ਹੜ੍ਹਾਂ ਨਾਲ ਪ੍ਰਭਾਵਤ ਹੋਏ ਪਰਿਵਾਰਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।

ਇਸ ਮੌਕੇ ਉਨ੍ਹਾ ਨਾਲ ਵਿਕਰਮ ਗੁੰਬਰ ਨਾਇਬ ਤਹਿਸੀਲਦਾਰ ਮਮਦੋਟ, ਨਿੱਜੀ ਸਕੱਤਰ ਰੋਬੀ ਸੰਧੂ, ਡਾ. ਹਰਜਿੰਦਰ ਸਿੰਘ ਸਿੰਧੀ, ਮੇਜਰ ਸਿੰਘ ਬੁਰਜੀ ਜ਼ਿਲ੍ਹਾ ਪ੍ਰਧਾਨ ਐੱਸ ਸੀ ਵਿੰਗ, ਬਲਵਿੰਦਰ ਸਿੰਘ ਰਾਉਕੇ ਜ਼ਿਲ੍ਹਾ ਵਾਈਸ ਪ੍ਰਧਾਨ ਐੱਸ ਸੀ ਵਿੰਗ, ਯੂਥ ਆਪ ਆਗੂ, ਬਲਵਿੰਦਰ ਸਿੰਘ ਲੱਡੂ, ਗੁਰਨਾਮ ਸਿੰਘ ਸਰਕਲ ਪ੍ਰਧਾਨ, ਬਗੀਚਾ ਸਿੰਘ ਕਾਲੂ ਅਰਾਈ ਹਿਠਾੜ, ਬਲਰਾਜ ਸਿੰਘ ਸੰਧ, ਐੱਮ ਸੀ ਸੁਰਿੰਦਰ ਕੁਮਾਰ (ਸੋਨੂੰ) ਸੇਠੀ, ਬਲਵੀਰ ਸਿੰਘ ਬਲਾਕ ਪ੍ਰਧਾਨ, ਪਰਮਜੀਤ ਸਿੰਘ ਚੱਕ ਘੁਬਾਈ ਉਰਫ ਟਾਗਣ, ਐੱਮ ਸੀ ਬਾਜ ਸਿੰਘ, ਗੋਪੀ ਸਾਹਨ ਕੇ, ਨੰਬਰਦਾਰ ਕਿਰਪਾਲ ਸਿੰਘ ਲਖਮੀਰ ਕੇ ਹਿਠਾੜ, ਸਰਪੰਚ ਪਿੱਪਲ ਸਿੰਘ ਕੋਠੇ ਕਿੱਲੀ, ਸਰਪੰਚ ਪ੍ਰਗਟ ਸਿੰਘ, ਸਰਪੰਚ ਸੁਰਜੀਤ ਸਿੰਘ, ਸਰਪੰਚ ਨਿਸ਼ਾਨ ਸਿੰਘ ਆਦਿ ਹਾਜ਼ਰ ਸਨ।

# ਹੜ੍ਹ ਪ੍ਰਭਾਵਤ ਲੋਕਾਂ ਦੀ ਸੂਬਾ ਸਰਕਾਰ ਨੇ ਕੋਈ ਸਾਰ ਨਹੀਂ ਲਈ : ਜਸਕਰਨ ਸਿੰਘ

**ਭੀਖੀ (ਧਰਮਵੀਰ ਸ਼ਰਮਾ)**-ਸਰਦੂਲਗੜ੍ਹ ਏਰੀਏ ਵਿੱਚ ਹੜ੍ਹ ਆ ਜਾਣ ਕਾਰਨ ਪੰਜਾਬ ਸਰਕਾਰ ਨੇ ਲੋਕਾਂ ਦੀ ਕੋਈ ਸਾਰ ਨਹੀਂ ਲਈ, ਬਲਕਿ ਸਮਾਜ ਸੇਵੀ ਸੰਸਥਾਵਾਂ ਤੇ ਆਮ ਲੋਕਾਂ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਕੇ ਵੱਡਾ ਉਪਰਾਲਾ ਕੀਤਾ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਿਹ) ਦੇ ਕੌਮੀ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਸਥਾਨਕ ਵਿਰਾਸਤ ਰੈਸਟੋਰੈਂਟ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਅੰਦਰ ਹੜ੍ਹ ਆਉਣ ਕਾਰਨ ਮਜ਼ਦੂਰਾਂ, ਕਿਸਾਨਾਂ ਤੇ ਛੋਟੇ ਦੁਕਾਨਦਾਰਾਂ ਦਾ ਕਚੂਮਰ ਨਿਕਲ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰਾਂ ਦੁਕਾਨਦਾਰਾਂ ਤੋਂ ਟੈਕਸ ਲੈਂਦੀਆਂ ਹਨ ਫਿਰ ਉਨ੍ਹਾਂ ਦੀ ਹਿਫਾਜ਼ਤ ਕਿਉਂ ਨਹੀ ਕਰਦੀਆਂ। ਉਨ੍ਹਾਂ ਕਿਹਾ ਕਿ ਸਮੇਂ ਦੀਆ ਸਰਕਾਰਾਂ ਨੇ ਸਮਾਂ ਰਹਿੰਦਿਆਂ ਇਨ੍ਹਾਂ ਬੰਨ੍ਹਾਂ ਨੂੰ ਮਜ਼ਬੂਤ ਕਰਨ ਦੀ ਜਹਿਮਤ ਨਹੀਂ ਉਠਾਈ, ਬਲਕਿ ਐਨ ਮੌਕੇ 'ਤੇ ਆ ਕੇ ਪ੍ਰਸ਼ਾਸਨ ਦੀ ਜਾਗ ਖੁੱਲ੍ਹਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਵੱਲੋਂ ਪੰਜਾਬ ਅੰਦਰ ਪ੍ਰਾਈਵੇਟ ਬਿਜਲੀ ਘਰ ਖੋਲ੍ਹੇ ਹੋਏ ਹਨ, ਪਰ ਉਨ੍ਹਾਂ ਵਿੱਚ ਪੰਜਾਬੀਆਂ ਦੀ ਗਿਣਤੀ ਨਾ-ਮਾਤਰ ਹੈ, ਬਲਕਿ ਹੋਰਨਾਂ ਸੂਬਿਆਂ ਦੇ ਲੋਕਾਂ ਨੂੰ ਨੌਕਰੀਆਂ ਦਿੱਤੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸ਼ਹਿਰਾਂ ਅੰਦਰ ਵੱਡੇ ਵੱਡੇ ਮਾਲ ਖੋਲ੍ਹਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਸ ਨਾਲ ਛੋਟੇ ਦੁਕਾਨਦਾਰਾਂ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ ਅਤੇ ਸਾਡੀ ਭਾਈਚਾਰਕ ਸਾਂਝ ਕਮਜ਼ੋਰ ਹੁੰਦੀ ਜਾ ਰਹੀ ਹੈ। ਉਨ੍ਹਾਂ ਪੰਜਾਬ ਅੰਦਰ ਅਮਨ ਕਾਨੂੰਨ ਦੀ ਵਿਗੜ ਰਹੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੂਬੇ ਅੰਦਰ ਰੋਜ਼ਾਨਾ ਲੁੱਟ ਖੋਹ, ਕਤਲੋਗਾਰਦ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਤੇ ਸੂਬਾ ਸਰਕਾਰ ਇਸ ਨੂੰ ਗੰਭੀਰਤਾ ਨਾਲ ਲੈਣ ਵਿੱਚ ਅਸਮਰਥ ਹੈ। ਇਸ ਮੌਕੇ ਪਾਰਟੀ ਦੇ ਕੌਮੀ ਜਰਨਲ ਸਕੱਤਰ ਸੁਖਚੈਨ ਸਿੰਘ ਅਤਲਾ, ਅੰਮ੍ਰਿਤਪਾਲ ਸਿੰਘ ਲੌਂਗੋਵਾਲ, ਬਲਦੇਵ ਸਿੰਘ ਸਾਹਨੇਵਾਲੀ, ਸੂਬੇਦਾਰ ਜਗਦੇਵ ਸਿੰਘ ਰਾਏਪੁਰ, ਮਲਕੀਤ ਸਿੰਘ ਬੁਢਲਾਡਾ, ਜੈ ਸਿੰਘ ਭਾਦੜਾ, ਕਰਨਪ੍ਰੀਤ ਸਿੰਘ ਜੋਗਾ, ਮਨਦੀਪ ਸਿੰਘ ਰੂੜੇਕੇ ਕਲਾਂ, ਗੁਰਤੇਜ ਸਿੰਘ ਦਾਨਗੜ੍ਹ, ਕਾਲਾ ਰਾਮ ਮਿੱਤਲ ਅਤੇ ਜਗਸੀਰ ਸਿੰਘ ਛੀਨਾ ਹਾਜਜ਼ ਸਨ।

# ਟਰੱਕ ਯੂਨੀਅਨ ਦੀ ਪ੍ਰਧਾਨਗੀ ਦਾ ਰੇੜਕਾ ਬਰਕਰਾਰ

## ਸੱਤਾਧਾਰੀ ਸਰਪ੍ਰਸਤੀ ਵਾਲਾ ਬਣਿਆ ਪ੍ਰਧਾਨ ਮਨਜ਼ੂਰ ਨਹੀਂ : ਕਮੇਟੀ



**ਹਠੂਰ (ਨਛੱਤਰ ਸਧੂ)**-ਲੁਧਿਆਣਾ ਜ਼ਿਲ੍ਹੇ ਦੀ ਸਭ ਤੋਂ ਪੁਰਾਣੀ ਟਰੱਕ ਯੂਨੀਅਨ ਦੀ ਪ੍ਰਧਾਨਗੀ ਨੂੰ ਲੈ ਕੇ ਚੱਲ ਰਿਹਾ ਰੇੜਕਾ ਖਤਮ ਹੋਣ ਦਾ ਨਾਂਅ ਨਹੀਂ ਲੈ ਰਿਹਾ। ਜਗਰਾਉਂ ਟਰੱਕ ਯੂਨੀਅਨ ਨੂੰ ਚਲਾਉਂਦੀ ਆ ਰਹੀ ਕਮੇਟੀ ਦਾ ਇਕੱਠ ਹੋਇਆ। ਇਕੱਠ ਨੇ ਪਿਛਲੇ ਦਿਨੀਂ ਇੱਕ ਧੜੇ ਵੱਲੋਂ ਚੁਣੇ ਪ੍ਰਧਾਨ ਨੂੰ ਨਾ ਮਨਜ਼ੂਰ ਐਲਾਨਦਿਆਂ ਡੀ.ਐਸ.ਪੀ.ਤੇ ਤਹਿਸੀਲਦਾਰ ਜਗਰਾਉਂ ਨਾਲ ਮੁਲਾਕਾਤ ਕੀਤੀ। ਟਰੱਕ ਓਪਰੇਟਰਾਂ ਨੇ ਸੱਤਾਧਾਰੀ ਆਗੂਆਂ ਵੱਲੋਂ ਉਨ੍ਹਾਂ 'ਤੇ ਸਰਕਾਰੀ ਜ਼ੋਰ ਜਬਰ ਨਾਲ ਪ੍ਰਧਾਨ ਥੋਪਣ ਦੇ ਦੋਸ਼ ਲਾਏ। ਉਨ੍ਹਾਂ ਐਲਾਨ ਕੀਤਾ ਕਿ ਜੇ ਟਰੱਕ ਓਪਰੇਟਰਾਂ ਦੀ ਬਿਨਾਂ ਸਹਿਮਤੀ ਨਾਲ ਚੁਣੇ ਗਏ ਪ੍ਰਧਾਨ ਨੂੰ ਜਬਰਨ ਥੋਪਣਾ ਬੰਦ ਨਾ ਕੀਤਾ ਤਾਂ ਸਮੂਹ ਟਰੱਕ ਓਪਰੇਟਰ ਪਰਵਾਰਾਂ ਸਮੇਤ ਸੜਕਾਂ ਤੇ ਉੱਤਰ ਆਉਣਗੇ।

ਉਨ੍ਹਾਂ ਕਿਹਾ ਕਿ ਗਿਣਤੀ ਦੇ ਕੁਝ ਮੈਂਬਰਾਂ ਨੂੰ ਨਾਲ ਲੈ ਕੇ ਆਪੇ ਪ੍ਰਧਾਨ ਬਣੇ ਦਵਿੰਦਰ ਸਿੰਘ ਰਾਜਨ ਨੂੰ ਟਰੱਕ ਓਪਰੇਟਰਾਂ ਨੇ ਇਕੱਠ ਕਰਕੇ ਪ੍ਰਧਾਨਗੀ ਤੋਂ ਲਾਹ ਦਿੱਤਾ ਹੈ, ਪਰ ਪੁਲਸ ਨੇ ਸੱਤਾਧਾਰੀਆਂ ਦੇ ਦਬਾਅ ਵਿੱਚ ਟਰੱਕ ਯੂਨੀਅਨ ਦਾ ਕਾਰਵਾਈ ਰਜਿਸਟਰ ਹੀ ਕਬਜ਼ੇ ਵਿੱਚ ਲੈ ਲਿਆ। ਉਨ੍ਹਾਂ ਖਤਰਾ ਜ਼ਾਹਰ ਕਰਦਿਆਂ ਕਿਹਾ ਕਿ ਪੁਲਸ ਵੱਲੋਂ ਕਬਜ਼ੇ ਵਿੱਚ ਲਿਆ ਕਾਰਵਾਈ ਰਜਿਸਟਰ ਤੇ ਸੱਤਾਧਾਰੀਆਂ ਦੇ ਦਬਾਅ ਹੇਠ ਜਾਅਲੀ ਕਾਰਵਾਈ ਜਾਂ ਦਸਤਖਤ ਕਰਾਏ ਜਾ ਸਕਦੇ ਹਨ। ਅਜਿਹਾ ਹੋਇਆ ਤਾਂ ਇਸਦੀ ਜ਼ਿੰਮੇਵਾਰੀ ਪੁਲਸ ਦੀ ਹੋਵੇਗੀ। ਇਸ ਸਬੰਧੀ ਯੂਨੀਅਨ ਦੇ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਡੀ ਐਸ ਪੀ ਤੇ ਤਹਿਸੀਲਦਾਰ ਨੇ ਮੁਲਾਕਾਤ ਦੌਰਾਨ ਟਰੱਕ ਯੂਨੀਅਨ ਦੇ ਪ੍ਰਧਾਨ ਦੀ ਚੋਣ ਕਰਾਉਣ ਦੀ ਪੇਸ਼ਕਸ਼ ਰੱਖੀ, ਜਿਸ ਨੂੰ ਕਮੇਟੀ ਨੇ ਸਵੀਕਾਰ ਕਰਦਿਆਂ ਕਿਹਾ ਕਿ ਟਰੱਕ ਯੂਨੀਅਨ ਦੇ ਓਪਰੇਟਰ ਕਮੇਟੀ ਰਾਹੀ ਹੀ ਕਰਵਾਈ ਚਲਾਉਣਾ ਚਾਹੁੰਦੇ ਹਨ।

ਇਸ ਮੌਕੇ ਮੇਜਰ ਸਿੰਘ, ਤਰਲੋਚਨ ਸਿੰਘ, ਗੁਰਪ੍ਰੀਤ ਸਿੰਘ, ਹਰਕ੍ਰਿਸ਼ਨ ਸਿੰਘ ਗਰੇਵਾਲ, ਬਲਪ੍ਰੀਤ ਸਿੰਘ, ਬਲਦੇਵ ਸਿੰਘ, ਪ੍ਰੇਮ ਸਿੰਘ ਸੋਹੀ, ਗੁਰਮੀਤ ਸਿੰਘ ਸੋਹੀ, ਸੁਖਜਿੰਦਰ ਸਿੰਘ ਤੇ ਕਰਮਜੀਤ ਸਿੰਘ ਆਦਿ ਹਾਜ਼ਰ ਸਨ।

# ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦਾ ਪ੍ਰਬੰਧ ਪੰਜਾਬ ਤੋਂ ਬਾਹਰਲੇ ਹੱਥਾਂ 'ਚ ਦੇਣਾ ਪੰਜਾਬ ਲਈ ਖਤਰਨਾਕ : ਭੁੱਲਰ

## ਕਿਸਾਨਾਂ ਦੇ ਨਾਲ-ਨਾਲ ਮਜ਼ਦੂਰਾਂ, ਵਪਾਰੀਆਂ, ਦੁਕਾਨਦਾਰਾਂ ਨੂੰ ਵੀ ਮੁਆਵਜ਼ਾ ਦੇਵੇ ਸਰਕਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀਏਸੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਗੁਰਚਰਨ ਸਿੰਘ ਭੁੱਲਰ ਨੇ ਪ੍ਰੈੱਸ ਨੋਟ ਰਾਹੀਂ ਪੰਜਾਬ ਸਰਕਾਰ 'ਤੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦਾ ਪ੍ਰਬੰਧ ਪੰਜਾਬ ਤੇ ਹਰਿਆਣੇ ਦੇ ਹੱਥਾਂ ਵਿੱਚੋਂ ਖੋਹ ਕੇ ਦਿੱਲੀ ਆਰ ਐੱਸ ਐੱਸ ਦੇ ਕੁਰਦਿਆਂ ਦੇ ਹੱਥਾਂ ਵਿੱਚ ਦੇ ਕੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਪੰਜਾਬ ਨੂੰ ਬਰਬਾਦ ਕਰਨ ਵਾਸਤੇ ਆਇਆ ਹੈ, ਕਿਉਂਕਿ ਪਹਿਲੀ ਵਾਰ ਹੋਇਆ ਹੈ ਕਿ ਡੈਮ ਦਾ ਪਾਣੀ ਬਗੈਰ ਲੋਕਾਂ ਵਿੱਚ ਅਨਾਊਂਸਮੈਂਟ ਕਰਾਉਣ ਦੇ ਛੱਡਿਆ ਗਿਆ ਹੋਵੇ।ਮੋਦੀ ਸਰਕਾਰ ਕਿਸਾਨਾਂ ਤੋਂ ਬਦਲਾ ਲੈਣ ਲਈ ਇੱਕੋ ਵਾਰ ਪਾਣੀ ਛੱਡ ਕੇ ਪੰਜਾਬ ਤੇ ਹਰਿਆਣਾ ਸਮੇਤ ਲਹਿੰਦੇ ਪੰਜਾਬ ਨੂੰ ਪਾਣੀ ਵਿੱਚ ਡੋਬ ਕੇ ਖਤਮ ਕਰਨਾ ਚਾਹੁੰਦੀ ਹੈ।ਇਨ੍ਹਾਂ ਦੀਆਂ ਜ਼ਮੀਨਾਂ ਬਰਬਾਦ ਕਰਨ 'ਤੇ ਤੁਲੀ ਹੋਈ ਹੈ ਤੇ ਮਗਰਮੱਛ ਵਾਲੇ ਹੰਝੂ ਬਹਾ ਰਹੀ ਹੈ। ਝੂਠੀ ਪੰਜਾਬ ਸਰਕਾਰ ਮੁਆਵਜ਼ਾ ਦੇਣ ਦੀ ਬਜਾਏ ਗੱਲਾਂ ਦਾ ਕੜਾਹ ਬਣਾ ਕੇ ਪਰੋਸ ਕੇ ਦੇ ਰਹੀ ਹੈ। ਲੋਕਾਂ ਨੂੰ ਮੁਆਵਜ਼ਾ ਦੇਣ ਦੀ ਬਜਾਏ ਡੈਮਾਂ ਦੇ ਮੂੰਹ ਪਿੰਡਾਂ ਵੱਲ ਖੋਲ੍ਹ ਦਿੱਤੇ ਗਏ ਹਨ ਤਾਂ ਕਿ ਕਿਸਾਨਾਂ ਤੋਂ ਦਿੱਲੀ ਧਰਨੇ ਵਾਲਾ ਬਦਲਾ ਲਿਆ ਜਾਵੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੰਜਾਬ ਸਰਕਾਰ ਤੋਂ ਮੰਗ ਕਰਦਾ ਹੈ ਕਿ ਤੁਰੰਤ 65000 ਰੁਪਏ ਫੀ ਕਿੱਲ੍ਹਾ, ਜ਼ਮੀਨ ਵਾਲੇ ਨੂੰ 25000 ਰੁਪਏ ਗਰੀਬ ਪਿੰਡਾਂ ਦੇ ਲੋਕਾਂ, ਜਿਨ੍ਹਾਂ ਕੋਲ ਜ਼ਮੀਨ ਨਹੀਂ ਤੇ ਵਪਾਰੀ ਵਰਗ ਜਿਨ੍ਹਾਂ ਝੋਨਾ ਬੀਜਣਾ ਸੀ ਜਾਂ ਦੁਕਾਨਦਾਰਾਂ, ਦਾ ਵੀ ਵਿਆਜ ਮੁਆਫ ਕੀਤਾ ਜਾਵੇ।ਜੇਕਰ ਕਿਸਾਨ ਡੁੱਬ ਗਿਆ ਤਾਂ ਸਮਝੋ ਸਾਰੇ ਵਪਾਰੀ ਵਰਗ, ਦੁਕਾਨਦਾਰ, ਗਰੀਬ ਮਜ਼ਦੂਰ, ਛੋਟਾ ਵਪਾਰੀ ਵੀ ਖਤਮ ਹੋ ਜਾਣਗੇ।ਇਸ ਸਮੇਂ ਤੇਜਿੰਦਰ ਸਿੰਘ ਦਿਉਲ ਕਾਰਜਕਾਰੀ ਯੂਥ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਜਤਿੰਦਰ ਸਿੰਘ ਥਿੰਦ ਪੀਏਸੀ ਮੈਂਬਰ, ਜਗਜੀਤ ਸਿੰਘ ਦਫਤਰ ਸਕੱਤਰ, ਸੂਰਤ ਸਿੰਘ ਮਮਦੋਟ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ, ਪ੍ਰਗਟ ਸਿੰਘ ਵਾਹਕੇ ਮੁੱਖ ਬੁਲਾਰਾ ਫਿਰੋਜ਼ਪੁਰ, ਇਕਬਾਲ ਸਿੰਘ, ਗੁਰਵਿੰਦਰ ਸਿੰਘ ਯੂਥ ਪ੍ਰਧਾਨ ਫਿਰੋਜ਼ਪੁਰ, ਗਿਆਨ ਸਿੰਘ ਮੰਡ, ਨਿਸ਼ਾਨ ਸਿੰਘ ਆਦਿ ਨੇ ਵੀ ਸਰਕਾਰ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦੇਣ ਦੀ ਅਪੀਲ ਕੀਤੀ।

# ਤੀਆਂ ਦਾ ਤਿਉਹਾਰ ਮੁਟਿਆਰਾਂ ਲਈ ਸਭ ਤੋਂ ਵੱਧ ਖੁਸ਼ੀਆਂ ਵਾਲਾ : ਸੁਨੈਨਾ ਮਿੱਤਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਤੀਆਂ ਦਾ ਤਿਉਹਾਰ ਤਹਿਸੀਲ ਪਾਰਕ ਵਿਖੇ ਆਮ ਆਦਮੀ ਪਾਰਟੀ ਦੀ ਪ੍ਰਧਾਨ ਸੁਨੈਨਾ ਮਿੱਤਲ ਦੀ ਦੇਖ-ਰੇਖ ਹੇਠ ਮਨਾਇਆ ਗਿਆ। ਤਿਉਹਾਰ ਦੇ ਦੂਜੇ ਦਿਨ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮਹਿਮਾਨ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਤੇ ਉਨ੍ਹਾਂ ਦੀ ਧਰਮ ਪਤਨੀ ਗੀਤਾ ਮਿੱਤਲ, ਗੋਪਾਲ ਕ੍ਰਿਸ਼ਨ ਬਿੱਟੂ, ਨਾਇਬ ਤਹਿਸੀਲਦਾਰ ਸਤਿਗੁਰ ਸਿੰਘ, ਓ ਐਸ ਡੀ ਗੁਲਜ਼ਾਰ ਸਿੰਘ ਵਿਰਕ, ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸੰਦੀਪ ਸ਼ਰਮਾ ਕੁਲਦੀਪ ਸਿੰਘ ਵਿਰਕ, ਦੀਪਕ ਵਧਵਾ, ਨਿਸ਼ਾਨ ਸਿੰਘ ਚੀਮਾ, ਅੰਗਰੇਜ਼ ਸਿੰਘ ਭੁੱਲਰ, ਰਵਿੰਦਰ ਸੋਹਲ, ਵਿਸਾਖਾ ਸਿੰਘ ਨੇ ਸ਼ਿਰਕਤ ਕੀਤੀ।

ਇਸ ਮੌਕੇ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਔਰਤਾਂ ਦੀ ਜਾਗਰੂਕਤਾ ਲਈ ਪੀ ਐਲ ਵੀ ਮੋਨਿਕਾ ਪਹੂਜਾ ਫਰੰਟ ਆਫ਼ਿਸ ਦੀ ਅਗਵਾਈ ਹੇਠ ਪੈਂਫਲੇਟ ਵੀ ਵੰਡੇ ਗਏ। ਇਥੇ ਔਰਤਾਂ ਨੂੰ ਦੱਸਿਆ ਕਿ ਉਹ ਲੋੜ ਪੈਣ 'ਤੇ ਮੁਫ਼ਤ ਕਾਨੂੰਨੀ ਸੇਵਾਵਾਂ ਪ੍ਰਾਪਤ ਕਰ ਸਕਦੀਆਂ ਹਨ। ਇਸ ਮੌਕੇ ਜਿੱਥੇ ਸਕੂਲੀ ਬੱਚਿਆਂ ਨੇ ਸੱਭਿਆਚਾਰਕ ਗੀਤਾਂ 'ਤੇ ਗਿੱਧਾ ਪਾਇਆ, ਉੱਥੇ ਸ਼ਹਿਰ ਦੀਆਂ ਮੁਟਿਆਰਾਂ ਤੇ ਔਰਤਾਂ ਵੱਲੋਂ ਵੀ ਕਿੱਕਲੀ ਤੇ ਬੋਲੀਆਂ ਪਾ ਕੇ ਗਿੱਧੇ ਦੀ ਧਮਾਲ ਪਾਈ ਗਈ।

ਜੌੜਾਮਾਜਰਾ ਨੇ ਕਿਹਾ ਕਿ ਤੀਆਂ ਸਾਡੇ ਸੱਭਿਆਚਾਰ ਦਾ ਮੁੱਖ ਅੰਗ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੜ੍ਹ ਆਉਣ ਕਰਕੇ ਇਸ ਵਾਰ ਤੀਆਂ ਦਾ ਮੇਲਾ ਦੋ ਦਿਨ ਦਾ ਲਾਇਆ ਗਿਆ ਹੈ। ਅਗਲੇ ਸਾਲ ਇਹ ਮੇਲਾ ਚਾਰ ਦਿਨ ਦਾ ਲਾਇਆ ਜਾਵੇਗਾ।

ਇਸ ਮੌਕੇ ਡਾ. ਮਿੱਤਲ ਤੇ ਮੈਡਮ ਗੀਤਾ ਮਿੱਤਲ ਨੇ ਤੀਆਂ ਦੇ ਤਿਉਹਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਾਡੇ ਸੱਭਿਆਚਾਰ ਤੇ ਵਿਰਸੇ ਨੂੰ ਦਰਸਾਉਂਦਾ ਪ੍ਰੋਗਰਾਮ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸ੍ਰੋਤ ਹੈ।

ਪ੍ਰਧਾਨ ਸੁਨੈਨਾ ਮਿੱਤਲ ਨੇ ਕਿਹਾ ਕਿ ਇਸ ਤਿਉਹਾਰ ਨੂੰ ਮਨਾਉਣ ਦਾ ਮੰਤਵ ਸਾਡੀਆਂ ਬੱਚੀਆਂ ਅਤੇ ਧੀਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜੀ ਰੱਖਣਾ ਹੈ। ਇਸ ਮੌਕੇ ਮਨਜੀਤ ਕੌਰ, ਇੰਦਰਜੀਤ ਕੌਰ, ਸੁਨੀਤਾ ਮਿੱਤਲ, ਪ੍ਰਿਆ ਮਿੱਤਲ, ਨਮਨ ਸ਼ਰਮਾ, ਮਮਤਾ ਵਧਵਾ, ਮਨਜੀਤ ਕੌਰ, ਤਰਨ ਗੋਇਲ, ਮੰਨਵੀ ਸਿੰਗਲਾ ਤੇ ਨੀਸ਼ਾ ਗੋਇਲ ਆਦਿ ਤੋਂ ਇਲਾਵਾ ਸ਼ਹਿਰ ਭਰ ਤੋਂ ਵੱਡੀ ਗਿਣਤੀ 'ਚ ਮੁਟਿਆਰਾਂ ਅਤੇ ਔਰਤਾਂ ਹਾਜ਼ਰ ਸਨ।

ਥਾਣਾ ਸਿਟੀ ਸਮਾਣਾ ਇੰਚਾਰਜ ਇੰਸਪੈਕਟਰ ਗੁਰਇਕਬਾਲ ਸਿੰਘ ਸਿਕੰਦ ਦੀ ਅਗਵਾਈ ਹੇਠ ਪੁਲਸ ਨੇ ਸਖਤ ਸੁੱਰਖਿਆ ਪ੍ਰਬੰਧ ਕੀਤੇ ਹੋਏ ਸਨ।

# ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਲੌਂਗੋਵਾਲ ਵਿਖੇ ਖ਼ੂਨਦਾਨ ਕੈਂਪ



**ਲੌਂਗੋਵਾਲ/ਸੰਗਰੂਰ (ਪ੍ਰਵੀਨ ਸਿੰਘ, ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਅਨਾਜ ਮੰਡੀ ਵਿਖੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਆਯੋਜਤ ਖ਼ੂਨਦਾਨ ਕੈਂਪ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਵੱਡ ਅਕਾਰੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਗੁਰਦੁਆਰਾ ਕੈਂਬੋਵਾਲ ਸਾਹਿਬ ਲੌਂਗੋਵਾਲ ਵਿਖੇ ਵੀ ਮੱਥਾ ਟੇਕ ਕੇ ਸੰਤ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ।

ਅਨਾਜ ਮੰਡੀ ਲੌਂਗੋਵਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀ ਜਾਨ ਵਾਰ ਦਿੱਤੀ ਤੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਨੂੰ ਇਹ ਸੱਚੀ ਸ਼ਰਧਾਂਜਲੀ ਹੈ ਕਿ ਸੰਤਾਂ ਦੀ ਬਰਸੀ ਮੌਕੇ ਸਿਆਸੀ ਦੂਸ਼ਣਬਾਜ਼ੀਆਂ ਤੇ ਫੋਕੀਆਂ ਸ਼ੋਹਰਤਾਂ ਤੋਂ ਦੂਰ ਰਹਿ ਕੇ ਇਸ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਹੈ ਤਾਂ ਜੁ ਹਸਪਤਾਲਾਂ ਵਿੱਚ ਜ਼ੇਰੇ ਇਲਾਜ ਮਰੀਜ਼ਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਯੋਗਦਾਨ ਪਾਇਆ ਜਾ ਸਕੇ।

ਕੈਬਨਿਟ ਮੰਤਰੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਦੀ ਸ਼ਹਾਦਤ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

page-6-21-(AUG)-2023-G-(BV).qxd 8/20/2023 10:10 PM Page 1



# ਪ੍ਰਵਾਸੀ ਮਜ਼ਦੂਰ ਪਰਵਾਰ ਦੀਆਂ ਤਿੰਨ ਨਾਬਾਲਗ ਲੜਕੀਆਂ ਲਾਪਤਾ



ਗੁੰਮਸ਼ੁਦਾ ਬੱਚੀਆਂ ਦੀ ਤਸਵੀਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** -ਉੱਤਰ ਪ੍ਰਦੇਸ਼ ਮੂਲ ਦੇ ਇੱਕ ਪਰਵਾਰ ਦੀਆਂ ਤਿੰਨ ਨਾਬਾਲਗ ਲੜਕੀਆਂ ਦੇ ਲਾਪਤਾ ਹੋ ਜਾਣ ਦਾ ਸਮਾਚਾਰ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਅਸ਼ੋਕ ਕੁਮਾਰ ਉਰਫ ਰਾਜੂ ਮੂਲ ਨਿਵਾਸੀ ਮੁਜ਼ੱਫ਼ਰਪੁਰ (ਯੂ.ਪੀ.) ਨੇ ਦੱਸਿਆ ਕਿ ਉਸਦੀ ਪਤਨੀ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਉਹ ਫ਼ਤਹਿਗੜ੍ਹ ਸਾਹਿਬ ਦੀ ਜਹਾਜ਼ੀ ਹਵੇਲੀ ਨੇੜੇ ਕਿਸੇ ਦੀ ਮੋਟਰ 'ਤੇ ਆਪਣੇ ਬੱਚਿਆਂ ਨਾਲ ਰਹਿੰਦਾ ਹੈ ਤੇ 18 ਅਗਸਤ ਨੂੰ ਬੱਚੀਆਂ ਨੂੰ ਘਰ ਛੱਡ ਕੇ ਉਹ ਸਵੇਰੇ ਮਜ਼ਦੂਰੀ ਕਰਨ ਲਈ ਗਿਆ ਸੀ ਤੇ ਜਦੋਂ ਸ਼ਾਮ ਨੂੰ ਉਹ ਵਾਪਸ ਘਰ ਪਰਤਿਆ ਤਾਂ ਉਸਦੀਆਂ ਲੜਕੀਆਂ ਮੀਨੂੰ(15), ਕਾਜਲ (7) ਅਤੇ ਆਰਤੀ (5) ਘਰ 'ਚ ਨਹੀਂ ਸਨ, ਜਿਨ੍ਹਾਂ ਬਾਰੇ ਉਸਨੇ ਆਸ-ਪਾਸ ਤੋਂ ਪਤਾ ਕੀਤਾ ਤਾਂ ਪਤਾ ਲੱਗਾ ਕਿ ਤਿੰਨੋਂ ਲੜਕੀਆਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਲੰਗਰ ਛਕਣ ਗਈਆਂ ਸਨ, ਜਿਸ ਤੋਂ ਬਾਅਦ ਉਹ ਵਾਪਸ ਨਹੀਂ ਆਈਆਂ।

ਜਾਣਕਾਰੀ ਅਨੁਸਾਰ ਅਸ਼ੋਕ ਕੁਮਾਰ ਸ਼ਰਾਬ ਦਾ ਆਦੀ ਹੈ ਜਾਂ ਕਿ ਬਿਨ ਮਾਂ ਦੀਆਂ ਬੱਚੀਆਂ ਦਾ ਜ਼ਿਆਦਾ ਧਿਆਨ ਨਹੀਂ ਸੀ ਰੱਖਦਾ, ਜਿਸ ਕਾਰਨ ਸੰਭਾਵਨਾ ਹੈ ਕਿ ਬੱਚੀਆਂ ਆਪ ਹੀ ਕਿਧਰੇ ਚਲੀਆਂ ਗਈਆਂ ਹੋਣ। ਅਸ਼ੋਕ ਕੁਮਾਰ ਦੇ ਬਿਆਨਾਂ 'ਤੇ ਪੁਲਸ ਵੱਲੋਂ ਅਣਪਛਾਤਿਆਂ ਵਿਰੁੱਧ ਅ/ਧ 365 ਆਈ.ਪੀ.ਸੀ. ਤਹਿਤ ਮੁਕੱਦਮਾ ਕਰਕੇ ਬੱਚੀਆਂ ਦੀ ਭਾਲ ਕੀਤੀ ਜਾ ਰਹੀ ਹੈ।

# ਆਸਟ੍ਰੇਲੀਆ ਆਪਣੀ ਫੌਜ 'ਚ ਸਿੱਖ ਬਟਾਲੀਅਨ ਸਥਾਪਤ ਕਰਨ ਦਾ ਇੱਛੁਕ



**ਕੋਟਕਪੂਰਾ (ਰਛਪਾਲ ਭੁੱਲਰ)** ਵੈਸਟ੍ਰਨ ਆਸਟ੍ਰੇਲੀਆ ਦੇ ਪਰਥ ਸ਼ਹਿਰ ਦੇ ਕੈਨਿੰਗਵੇਲ ਗੁਰਦੁਆਰਾ ਸਾਹਿਬ ਵਿੱਚ ਇਸ ਦੇਸ਼ ਦੀ ਫੌਜ ਦੀ 16ਵੀਂ ਵੈਸਟਰਨ ਆਸਟ੍ਰੇਲੀਆ ਰੈਜੀਮੈਂਟ ਵੱਲੋਂ ਇੱਕ ਕੈਂਪ ਲਾਇਆ ਗਿਆ ਸੀ, ਜਿਸ ਦਾ ਮਕਸਦ ਸਿੱਖ ਨੌਜਵਾਨਾਂ ਨੂੰ ਆਸਟ੍ਰੇਲੀਆ ਫੌਜ ਵਿੱਚ ਭਰਤੀ ਹੋਣ ਲਈ ਉਤਸ਼ਾਹਤ ਕਰਨਾ ਸੀ।

ਇਸ ਮੌਕੇ ਇਸ ਰੈਜੀਮੈਂਟ ਦੇ ਵਾਰੰਟ ਅਫ਼ਸਰ ਜੋਅ ਨੇ ਗੁਰੂ ਘਰ ਵਿੱਚ ਮੌਜੂਦ ਸਿੱਖ ਸੰਗਤ ਨੂੰ ਸੰਬੋਧਨ ਕੀਤਾ ਤੇ ਦੱਸਿਆ ਕਿ ਵੈਸਟ੍ਰਨ ਆਸਟ੍ਰੇਲੀਆ ਵਿੱਚ ਫੌਜ ਸਿੱਖ ਬਟਾਲੀਅਨ ਸਥਾਪਤ ਕਰਨ ਦਾ ਵਿਚਾਰ ਰੱਖਦੀ ਹੈ। ਕੈਂਪ ਵਿੱਚ ਕੁੱਝ ਇੱਕ ਹਥਿਆਰ ਵੀ ਰੱਖੇ ਗਏ, ਜਿਨ੍ਹਾਂ ਨੂੰ ਬੱਚਿਆਂ ਨੇ ਬੜੇ ਗਹੁ ਨਾਲ ਦੇਖਿਆ। ਸਿੱਖ ਨੌਜਵਾਨ ਬੱਚੇ ਬੱਚੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ ਗਿਆ। ਇਸ ਤਰ੍ਹਾਂ ਜਿੱਥੇ ਸਾਡੇ ਦੇਸ ਵਿੱਚ ਸਿੱਖ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਨਹੀਂ ਮਿਲ ਰਹੇ, ਉੱਥੇ ਵਿਦੇਸ਼ ਵਿੱਚ ਸਿੱਖ ਸੰਸਥਾਵਾਂ/ਗੁਰਦਵਾਰਾ ਸਾਹਿਬਾਨ ਵਿੱਚ ਅਜਿਹੇ ਕੈਂਪ ਲਾ ਕੇ ਸਿੱਖਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਰਹੇ ਹਨ ਤੇ ਇਸ ਕੌਮ 'ਤੇ ਵਿਸ਼ਵਾਸ ਪੈਦਾ ਕੀਤਾ ਜਾ ਰਿਹਾ ਹੈ, ਜੋ ਸਿੱਖ ਕੌਮ ਲਈ ਬੜੇ ਮਾਣ ਵਾਲੀ ਗੱਲ ਹੈ।

# ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਵੱਲੋਂ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਓ ਦਾ ਐਲਾਨ



ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਦੇ ਮੁਲਾਜ਼ਮ ਮੀਟਿੰਗ ਕਰਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ।ਇਸ ਸਬੰਧੀ ਪੰਜਾਬ ਵਣ ਵਿਭਾਗ ਵਰਕ ਯੂਨੀਅਨ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਬਲਵੀਰ ਸਿੰਘ ਮੰਡੋਲੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਆਗੂਆਂ ਨੇ ਕਿਹਾ ਕਿ ਵਣ ਵਿਭਾਗ ਪੰਜਾਬ ਵਿਚ ਕੰਮ ਕਰਦੇ ਕਿਰਤੀ ਮਟਰੋਲ ਕਾਮਿਆਂ ਦੀਆ ਜਾਇਜ ਮੰਗਾਂ ਸਬੰਧੀ ਗੱਲਬਾਤ ਤੇ ਨਿਪਟਾਰਾ ਕਰਵਾਉਣ ਲਈ ਵਾਰ ਵਾਰ ਜਥੇਬੰਦੀ ਵੱਲੋਂ ਉੱਪ ਮੰਡਲ ਮੈਜਿਸਟ੍ਰੇਟ ਪਟਿਆਲਾ ਰਾਹੀਂ ਮੰਗ ਪੱਤਰ ਪੰਜਾਬ ਸਰਕਾਰ ਨੂੰ ਕਈ ਵਾਰ ਦਿੱਤੇ ਗਏ ਹਨ ਤੇ ਦੋ ਵਾਰ ਪ੍ਰਿੰਸੀਪਲ ਸਕੱਤਰ ਨੂੰ ਮੰਗਾਂ ਸਬੰਧੀ ਮੰਗ ਪੱਤਰ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਮੰਗਾਂ ਸਬੰਧੀ ਗੱਲਬਾਤ ਕਰਨ ਲਈ ਕਈ ਵਾਰ ਸਮਾਂ ਮੰਗਿਆ ਗਿਆ ਸੀ, ਪਰ ਉਨ੍ਹਾਂ ਨੂੰ ਅਜੇ ਤੱਕ ਸਮਾਂ ਨਹੀਂ ਦਿੱਤਾ ਗਿਆ, ਜਿਸ ਦਾ ਵਣ ਵਿਭਾਗ ਦੇ ਕਾਮਿਆਂ ਵਿੱਚ ਵਿਆਪਕ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਵਣ ਵਿਭਾਗ ਦੇ ਕਿਰਤੀ ਮਸਟਰੋਲ ਕਾਮਿਆਂ ਨੂੰ ਮੰਗਾਂ ਸਬੰਧੀ ਸਮਾਂ ਨਾ ਦਿੱਤਾ ਤਾਂ ਉਹ ਮਜਬੂਰਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਸੰਗਰੂਰ ਦਾ 24 ਅਗਸਤ ਨੂੰ ਘਿਰਾਓ ਕਰਨਗੇ।ਇਸ ਮੌਕੇ ਮੀਟਿੰਗ ਵਿੱਚ ਸੂਬਾ ਜਰਨਲ ਸਕੱਤਰ ਬਾਬਾ ਭਜਨ ਸਿੰਘ, ਸੂਬਾ ਚੇਅਰਮੈਨ ਲਾਲ ਸਿੰਘ, ਜੋਗਿੰਦਰ ਸਿੰਘ ਕਮੱਘਰ ਸੀਨੀਅਰ ਮੀਤ ਪ੍ਰਧਾਨ, ਹਰਵਿੰਦਰ ਸਿੰਘ ਮੁਹਾਲੀ ਮੀਤ ਪ੍ਰਧਾਨ, ਲਵਪ੍ਰੀਤ ਸਿੰਘ ਮੁਕਤਸਰ, ਜਗਜੀਵਨ ਸਿੰਘ ਸੰਗਰੂਰ, ਸੁੱਖਾ ਸਿੰਘ ਜੁਆਇੰਟ ਸਕੱਤਰ, ਅਮਰਜੀਤ ਸਿਘ, ਸ਼ੇਰ ਸਿੰਘ ਸਹਾਇਕ ਵਿੱਤ ਸਕੱਤਰ, ਕੁਲਵੰਤ ਸਿੰਘ ਪ੍ਰੈੱਸ ਸਕੱਤਰ, ਚਰਨਜੀਤ ਸਿੰਘ ਸਹਾਇਕ ਪ੍ਰੈੱਸ ਸਕੱਤਰ, ਵਰਿਆਮ ਸਿੰਘ ਫਾਜ਼ਿਲਕਾ ਜਥੇਬੰਦਕ ਸਕੱਤਰ ਆਦਿ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਵਿੱਦਿਅਕ ਦੌਰਾ



ਵਿੱਦਿਅਕ ਦੌਰੇ ਦੌਰਾਨ ਖੇਤੀਬਾੜੀ ਵਿਭਾਗ ਦੇ ਵਿਦਿਆਰਥੀ ਤੇ ਅਧਿਆਪਕ ਸਾਹਿਬਾਨ।

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਖੇਤੀਬਾੜੀ ਵਿਭਾਗ ਵੱਲੋਂ ਪੰਜਾਬ ਸਟੇਟ ਕਾਊਂਸਲ ਫ਼ਾਰ ਐਗਰੀਕਲਚਰਲ ਐਜੂਕੇਸ਼ਨ ਦੁਆਰਾ ਪ੍ਰਮਾਣਿਤ ਬੀ.ਐਸ.ਸੀ. ਐਗਰੀਕਲਚਰ ਦੇ ਆਖਰੀ ਸਾਲ ਦੇ ਵਿਦਿਆਰਥੀਆਂ ਦਾ ਰਾਵੇ ਪ੍ਰੋਗਰਾਮ ਦੇ 'ਵੀਲੇਜ ਅਟੈਚਮੈਂਟ' ਕੋਰਸ ਤਹਿਤ ਪਿੰਡ ਪੰਜੋਲਾ ਦਾ ਵਿੱਦਿਅਕ ਦੌਰਾ ਕਰਾਇਆ ਗਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਵਿੱਦਿਅਕ ਦੌਰੇ ਜਿੱਥੇ ਵਿਦਿਆਰਥੀਆਂ ਦੇ ਵਿਹਾਰਕ ਤੇ ਵਿਵਹਾਰਕ ਗਿਆਨ ਵਿੱਚ ਵਾਧਾ ਕਰਦੇ ਹਨ, ਉਥੇ ਉਨ੍ਹਾਂ ਨੂੰ ਖੇਤੀਬਾੜੀ ਦੇ ਨਾਲ-ਨਾਲ ਹੋਰ ਸਹਾਇਕ ਧੰਦਿਆਂ ਸੰਬੰਧੀ ਵੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਸ ਦੌਰੇ ਦੌਰਾਨ ਪਿੰਡ ਦੇ ਸਰਪੰਚ ਗੁਰਦੀਪ ਸਿੰਘ ਅਤੇ ਕਿਸਾਨ ਵੀਰ ਤੇਜਾ ਸਿੰਘ, ਕਰਨੈਲ ਸਿੰਘ, ਦਵਿੰਦਰ ਸਿੰਘ, ਅਮਰੀਕ ਸਿੰਘ ਅਤ ਹੋਰ ਕਿਸਾਨ ਵੀਰਾਂ ਵੱਲੋਂ ਵਿਦਿਆਰਥੀਆਂ ਨਾਲ ਖੇਤੀਬਾੜੀ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸਮੁੱਚੇ ਪਿੰਡ ਦਾ ਦੌਰਾ ਕੀਤਾ ਗਿਆ, ਜਿਸ ਦੌਰਾਨ ਉਨ੍ਹਾਂ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਅਤੇ ਲਾਹੇਵੰਦ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਵੀ ਮਿਲਿਆ। ਕਾਲਜ ਦੇ ਡੀਨ ਐਗਰੀਕਲਚਰ ਡਾ. ਏ. ਕੇ ਸ਼ਰਮਾ ਨੇ ਦੱਸਿਆ ਕਿ ਅਜਿਹੀ ਪੇਂਡੂ ਸਾਂਝ ਦੇ ਮੌਕੇ ਵਿਦਿਆਰਥੀਆਂ ਨੂੰ ਅਸਲੀ ਕਿਸਾਨੀ ਜੀਵਨ ਤੋਂ ਜਾਣੂ ਕਰਾਉਂਦੇ ਹਨ ਅਤੇ ਉਨ੍ਹਾਂ ਦੇ ਗਿਆਨ ਵਿਚ ਵਾਧਾ ਕਰਦੇ ਹਨ। ਕਾਲਜ ਦੇ ਖੇਤੀਬਾੜੀ ਵਿਭਾਗ ਦੇ ਮੁਖੀ ਡਾ. ਦਲੀਪ ਸਿੰਘ ਕਛਵਾਇਆ ਨੇ ਦੱਸਿਆ ਕਿ ਅਜਿਹੇ ਦੌਰੇ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਵੱਧ ਮੌਕੇ ਪ੍ਰਦਾਨ ਕਰਨ ਵਿੱਚ ਵੀ ਸਹਾਇਕ ਸਿੱਧ ਹੁੰਦੇ ਹਨ।

# ਡੀ ਏ ਵੀ ਸੈਟਨਰੀ ਪਬਲਿਕ ਸਕੂਲ ਨੇ ਸ਼ਤਰੰਜ 'ਚ ਜਿੱਤੀ ਓਵਰਆਲ ਟਰਾਫ਼ੀ



**ਜਗਰਾਉਂ (ਨਛੱਤਰ ਸੰਧੂ, ਅਮਿਤ ਖੰਨਾ)**- ਡੀ.ਏ.ਵੀ.ਸੈਟਨਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀ ਵੇਦ ਵ੍ਰਤ ਪਲਾਹ ਨੇ ਦੱਸਿਆ ਕਿ ਇੰਟਰ ਸਕੂਲ ਸਹੋਦਿਆ ਚੈੱਸ ਕੰਪੀਟੀਸ਼ਨ ਸ੍ਰੀ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਿਧਵਾਂ ਖੁਰਦ ਵਿਖੇ ਕਰਾਇਆ ਗਿਆ, ਜਿਸ ਵਿੱਚ 25 ਤੋਂ ਵੱਧ ਸਕੂਲਾਂ ਨੇ ਭਾਗ ਲਿਆ। ਉਸ ਵਿੱਚ ਡੀ.ਏ.ਵੀ.ਸੈਟਨਰੀ ਪਬਲਿਕ ਸਕੂਲ ਦੇ ਅੰਡਰ -14 ਮੁੰਡਿਆਂ ਵਿੱਚ ਭਵਿਯਾ ਬਾਂਸਲ, ਸਪਰਸ ਸਿੰਗਲਾ, ਅਗਮਪ੍ਰੀਤ ਸਿੰਘ ਕੈਂਥ ਤੇ ਨਿਕੁੰਜ ਬਾਂਸਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-14 ਕੁੜੀਆਂ ਆਇਰਾ ਬਾਂਸਲ, ਪਰੁਲ ਚੋਪੜਾ, ਏਂਜਲ ਗੋਇਲ ਤੇ ਏਂਜਲ ਸਿੰਗਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਮੰਨਤ ਬਾਂਸਲ, ਕਿੰਜਲ ਸ਼ਰਮਾ, ਹਰਚਰਨ ਕੌਰ ਤੇ ਹਰਨੂਰ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਮੁੰਡਿਆਂ ਵਿੱਚ ਰੂਸਲ ਗਰਗ, ਅਰੁਸ਼ ਬਾਂਸਲ, ਲੋਕੇਸ਼ ਗੁਪਤਾ ਤੇ ਪਰਿਆਗ ਮਲਹੋਤਰਾ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਲਓਵਰ ਟਰਾਫੀ ਆਪਣੇ ਨਾਂਅ ਕਰਾਈ।

ਕੈਰਮ ਬੋਰਡ ਵਿੱਚ ਅੰਡਰ-14 ਪਲਕ ਗਰੋਵਰ, ਵੀਰ ਇੰਦਰ ਕੌਰ, ਲਵਿਸ਼ ਸ਼ਰਮਾ ਅਤੇ ਹਰਿੰਦਰ ਪਾਲ ਸਿੰਘ ਅੰਡਰ-17 ਗੁਨੀਕਾ ਨਿਜਾਵਨ, ਯਸ਼ਿਕਾ ਗਰਗ, ਨੀਲਭ ਸੋਨੀ ਤੇ ਪਾਰਥ ਕਤਿਆਲ ਨੇ ਵਧੀਆ ਕਾਰਗੁਜ਼ਾਰੀ ਕੀਤੀ। ਇਸ ਮੌਕੇ ਪ੍ਰਿੰਸਿਪਲ ਸ੍ਰੀ ਵੇਦਵ ਪਲਾਹ ਜੀ ਨੇ ਜੇਤੂ ਵਿਦਿਆਰਥੀਆਂ ਨੂੰ ਗੋਲਡ ਮੈਡਲ ਪਹਿਨਾ ਕੇ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ ਅਤੇ ਭਵਿੱਖ ਵਿੱਚ ਹੋਰ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦੇ ਡੀ.ਪੀ. ਹਰਦੀਪ ਸਿੰਘ ਬਿੰਜਲ, ਡੀ.ਪੀ. ਸੁਰਿੰਦਰ ਪਾਲ ਵਿੱਜ ਅਤੇ ਡੀ.ਪੀ. ਜਗਦੀਪ ਸਿੰਘ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸਨ।

# ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਭੀਖੀ, (ਧਰਮਵੀਰ ਸ਼ਰਮਾ)**-ਸ਼੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਭੀਖੀ ਵਿਖੇ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਪੰਜਾਬੀ ਸੱਭਿਆਚਾਰ ਪੇਸ਼ ਕੀਤਾ ਗਿਆ ਤਾਂ ਜੋ ਬੱਚਿਆਂ ਨੂੰ ਆਪਣੇ ਸੱਭਿਆਚਾਰ ਬਾਰੇ ਜਾਣਕਾਰੀ ਮਿਲ ਸਕੇ। ਤੀਜ ਦੇ ਤਿਉਹਾਰ ਮੌਕੇ ਬੱਚਿਆਂ ਦੀਆਂ ਮਾਤਾਵਾਂ ਵਿਚਕਾਰ ਸੁਹਾਗ, ਘੋੜੀਆਂ, ਸਿੱਠਣੀਆਂ, ਦੋਹੇ, ਹੀਂਗ ਚੜ੍ਹਾਉਣੀ, ਮਹਿੰਦੀ, ਗੀਟੇ ਖੇਡਣਾ ਆਦਿ ਦੇ ਮੁਕਾਬਲੇ ਕਰਵਾਏ ਗਏ। ਮੁਕਾਬਲਿਆਂ ਵਿੱਚੋਂ ਜੇਤੂਆਂ ਨੂੰ ਇਨਾਮ ਵੰਡੇ ਗਏ। ਇਸ ਤਿਉਹਾਰ ਦੇ ਅੰਤ ਵਿੱਚ ਮਿਸ ਤੀਜ ਤੇ ਮਿਸਜ਼ ਤੀਜ ਐਲਾਨੀ ਗਈ। ਇਸ ਮੌਕੇ ਸਰੋਜ ਰਾਣੀ ਪਤਨੀ ਸਤੀਸ਼ ਕੁਮਾਰ (ਪ੍ਰਧਾਨ), ਸਨੇਹ ਲਤਾ ਪਤਨੀ ਤੇਜਿੰਦਰ ਪਾਲ ਜਿੰਦਲ (ਸੀਨੀਅਰ ਵਾਇਸ ਪ੍ਰਧਾਨ), ਭਾਰਤੀਆ ਮਹਾਂਵੀਰ ਦਲ, ਸਨਾਤਨ ਧਰਮ ਮਹਾਂਵੀਰ ਦਲ ਮਹਿਲਾਂ ਮੰਡਲ ਭੀਖੀ ਤੇ ਹੋਰ ਬੱਚਿਆਂ ਦੀਆਂ ਮਾਤਾਵਾਂ ਨੇ ਤੀਜ ਦੇ ਪ੍ਰੋਗਰਾਮ ਵਿੱਚ ਭਾਗ ਲਿਆ। ਅਖੀਰ ਵਿੱਚ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਅਕਾਲ ਅਕੈਡਮੀ ਦੀਆਂ ਖਿਡਾਰਨਾਂ ਨੇ ਜ਼ੋਨਲ ਪੱਧਰੀ ਕਬੱਡੀ ਟੂਰਨਾਮੈਂਟ ਜਿੱਤਿਆ

**ਚੀਮਾ ਮੰਡੀ (ਰਵਿੰਦਰ ਚੀਮਾ)**- ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆਂ ਦੀਆਂ ਖਿਡਾਰੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਜਾ ਰਹੇ ਜ਼ੋਨਲ ਪੱਧਰੀ ਕਬੱਡੀ ਟੂਰਨਾਮੈਂਟ ਵਿੱਚ ਜੇਤੂ ਰਹਿ ਕੇ ਸੰਸਥਾ ਦਾ ਨਾਮ ਚਮਕਾਇਆ ਹੈ। ਅਕੈਡਮੀ ਦੇ ਮਾਣਯੋਗ ਮੁੱਖ ਅਧਿਆਪਕਾ ਸ੍ਰੀਮਤੀ ਨੀਨਾ ਸ਼ਰਮਾ ਨੇ ਨਤੀਜਿਆਂ ਬਾਰੇ ਦੱਸਿਆ ਕਿ ਜ਼ੋਨਲ ਪੱਧਰੀ ਕਬੱਡੀ ਟੂਰਨਾਮੈਂਟ ਅੰਡਰ 14 ਉਮਰ (ਲੜਕੀਆਂ) ਦੇ ਫਾਈਨਲ ਮੁਕਾਬਲੇ 'ਚ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਨੂੰ 33-14 ਦੇ ਵੱਡੇ ਅੰਤਰ ਨਾਲ ਹਰਾਇਆ। ਇਹ ਟੂਰਨਾਮੈਂਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਗਰਾਹਾਂ ਵਿਖੇ 19 ਅਗਸਤ ਨੂੰ ਹੋਏ ਸਨ। ਇਸ ਟੂਰਨਾਮੈਂਟ ਵਿੱਚ ਚੀਮਾਂ ਜ਼ੋਨ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਨੇ ਭਾਗ ਲਿਆ ਸੰਸਥਾ ਦੀਆਂ ਖਿਡਾਰਨਾਂ ਨੇ ਆਪਣੀ ਲਗਨ ਉਪਰੰਤ ਪ੍ਰਿੰਸੀਪਲ ਮੈਡਮ ਨੇ ਟੂਰਨਾਮੈਂਟ ਵਿੱਚ ਜੇਤੂ ਖਿਡਾਰਨਾਂ, ਕੋਚ ਸਾਹਿਬਾਨ ਨੂੰ ਜਿੱਤ ਦੀ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਵਿੱਚ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਆਪਣਾ ਸੁਨਹਿਰੀ ਭਵਿੱਖ ਬਣਾਉਣ ਤੇ ਹੋਰ ਪ੍ਰਾਪਤੀਆਂ ਹਾਸਲ ਕਰਕੇ ਆਪਣੇ ਮਾਤਾ-ਪਿਤਾ ਤੇ ਸੰਸਥਾ ਦਾ ਨਾਮ ਰੋਸ਼ਨ ਕਰਨ ਦੀ ਕਾਮਨਾ ਕੀਤੀ।

# ਵਿਵੇਕਾਨੰਦ ਵਰਲਡ ਸਕੂਲ 'ਚ 'ਨੈਵਰ ਗਿਵ ਅੱਪ' ਦਿਵਸ ਮਨਾਇਆ




ਵਿਵੇਕਾਨੰਦ ਵਰਲਡ ਸਕੂਲ ਵਿੱਚ ਅੰਤਰਰਾਸ਼ਟਰੀ 'ਨੈਵਰ ਗਿਵ ਅੱਪ' ਦਿਵਸ ਮਨਾਉਣ ਦੀ ਤਸਵੀਰ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਵਿਵੇਕਾਨੰਦ ਵਰਲਡ ਸਕੂਲ ਨੇ ਹਾਲ ਹੀ 'ਚ ਆਪਣੇ ਵਿਦਿਆਰਥੀਆਂ ਦੀ ਭਾਗੀਦਾਰੀ ਤੇ ਉਤਸ਼ਾਹ ਨਾਲ ਅੰਤਰਰਾਸ਼ਟਰੀ ਨੇਵਰ ਗਿਵ ਅੱਪ ਦਿਵਸ ਮਨਾਇਆ।ਸਮਾਗਮ ਦਾ ਉਦੇਸ਼ ਬੱਚਿਆਂ ਨੂੰ ਇੱਕ ਚੰਗੀ ਮਾਨਸਿਕਤਾ ਵਿਕਸਿਤ ਕਰਨ ਤੇ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਕਦੇ ਵੀ ਹਾਰ ਨਾ ਮੰਨਣ ਲਈ ਪ੍ਰੇਰਿਤ ਕਰਨਾ ਸੀ।ਸਕੂਲ ਦੇ ਡਾਇਰੈਕਟਰ ਡਾ. ਐੱਸ. ਐੱਨ. ਰੁਦਰਾ ਨੇ ਬੱਚਿਆਂ ਦੇ ਜੀਵਨ ਵਿੱਚ ਇਸ ਦਿਨ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਅੱਜ ਦੇ ਤੇਜ਼ ਰਫ਼ਤਾਰ ਸੰਸਾਰ ਵਿੱਚ ਬੱਚਿਆਂ ਨੂੰ ਛੋਟੀ ਉਮਰ ਵਿੱਚ ਹੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇੰਟਰਨੈਸ਼ਨਲ ਨੇਵਰ ਗਿਵ ਅੱਪ ਡੇ ਬੱਚਿਆਂ ਨੂੰ ਦ੍ਰਿੜ੍ਹ ਇਰਾਦੇ ਤੇ ਹਮੇਸ਼ਾ ਅੱਗੇ ਵਧਣ ਦੀ ਕੋਸ਼ਿਸ਼ ਕਰਨ ਦੀ ਯਾਦ ਦਿਵਾਉਂਦਾ ਹੈ।ਪ੍ਰੋਗਰਾਮ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਦੋਂ ਸਕੂਲੀ ਬੱਚਿਆਂ ਨੇ ਮਿਲ ਕੇ 'ਹਮ ਹੋਂਗੇ ਕਾਮਯਾਬ' ਗੀਤ ਗਾਇਆ।ਤਰਿੰਦਰ ਸਿੰਘ ਨੇ ਹਰੀਵੰਸ਼ ਬੱਚਨ ਦੀ ਪ੍ਰੇਰਨਾਦਾਇਕ ਕਵਿਤਾ 'ਆੜੇ ਰਹੋ' ਸੁਣਾਈ।ਕਵਿਤਾ ਦੇ ਸ਼ਕਤੀਸ਼ਾਲੀ ਸ਼ਬਦਾਂ ਨੇ ਬੱਚਿਆਂ ਨੂੰ ਮੁਸੀਬਤਾਂ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕੀਤਾ।ਇਸ ਪ੍ਰੋਗਰਾਮ ਨੇ ਵਿਵੇਕਾਨੰਦ ਵਰਲਡ ਸਕੂਲ ਦੇ ਵਿਦਿਆਰਥੀਆਂ 'ਤੇ ਇੱਕ ਸਥਾਈ ਪ੍ਰਭਾਵ ਛੱਡਿਆ ਤੇ ਯਾਦ ਦਿਵਾਇਆ ਕਿ ਲਗਨ ਤੇ ਦ੍ਰਿੜ੍ਹਤਾ ਨਾਲ ਉਹ ਜੀਵਨ ਵਿੱਚ ਮਹਾਨ ਉਚਾਈਆਂ ਨੂੰ ਪ੍ਰਾਪਤ ਕਰ ਸਕਦੇ ਹਨ।

# ਇੰਸ. ਬਲਦੇਵ ਸਿੰਘ ਮਾਨ ਨੇ ਥਾਣਾ ਠੁੱਲੀਵਾਲ ਦਾ ਚਾਰਜ ਸੰਭਾਲਿਆ



**ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੁਲਸ ਥਾਣਾ ਠੁੱਲੀਵਾਲ ਵਿਖੇ ਨਵੇਂ ਆਏ ਮੁੱਖ ਅਫਸਰ ਇੰਸਪੈਕਟਰ ਬਲਦੇਵ ਸਿੰਘ ਮਾਨ ਨੇ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਇਸ ਉਪਰੰਤ ਉਨ੍ਹਾ ਕਿਹਾ ਕਿ ਪੁਲਸ ਥਾਣਾ ਵਿਖੇ ਆਪਣੀ ਸਮੱਸਿਆ ਲੈ ਕੇ ਆਉਣ ਵਾਲੇ ਹਰ ਇਕ ਨਾਗਰਿਕ ਦਾ ਬਣਦਾ ਸਤਿਕਾਰ ਕੀਤਾ ਜਾਵੇਗਾ। ਉਨ੍ਹਾ ਦੀ ਸਮੱਸਿਆ ਨੂੰ ਸੁਣ ਕੇ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਇਲਾਕੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਗਸ਼ਤ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਕਿਸੇ ਵੀ ਸਖਸ਼ ਨੂੰ ਕਾਨੂੰਨ ਤੋੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਨਾਜਾਇਜ਼ ਧੰਦਿਆਂ ਅਤੇ ਨਸ਼ਿਆਂ ਦੇ ਵਪਾਰੀਆਂ ਨੂੰ ਸਿਰ ਚੁੱਕਣ ਨਹੀਂ ਦਿੱਤਾ ਜਾਵੇਗਾ।

ਉਨ੍ਹਾ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਮਾੜੇ ਅਨਸਰਾਂ, ਨਸ਼ੇ ਦੇ ਵਪਾਰੀਆਂ ਤੇ ਹੋਰ ਗੈਰ ਕਾਨੂੰਨੀ ਸਰਗਰਮੀਆਂ 'ਚ ਸ਼ਾਮਲ ਲੋਕਾਂ ਦੀ ਪੁਲਸ ਨੂੰ ਇਤਲਾਹ ਦਿੱਤੀ ਜਾਵੇ, ਕਿਉਂਕਿ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਪੁਲਸ ਨੂੰ ਲੋਕਾਂ ਦੇ ਸਹਿਯੋਗ ਦੀ ਬੇਹੱਦ ਜ਼ਰੂਰਤ ਹੈ।

# ਸਾਂਝ ਕੇਂਦਰ ਦੀ ਟੀਮ ਨੇ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ



ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡਦੀ ਹੋਈ ਸਾਂਝ ਕੇਂਦਰ ਦੀ ਟੀਮ।

**ਮਲੋਟ, (ਗੁਰਮੀਤ ਸਿੰਘ ਮੱਕੜ)** : ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਟੀ ਅਫੇਅਰਜ਼ ਡਵੀਜ਼ਨ ਪੰਜਾਬ, ਮਾਨਯੋਗ ਸੀਨੀਅਰ ਕਪਤਾਨ ਪੁਲਸ ਸ਼੍ਰੀ ਮੁਕਤਸਰ ਸਾਹਿਬ ਸ. ਹਰਮਨਬੀਰ ਸਿੰਘ ਗਿੱਲ ਤੇ ਕਪਤਾਨ ਪੁਲਸ (ਸਥਾਨਕ)-ਕਮ-ਜ਼ਿਲ੍ਹਾ ਕਮਿਊਨਿਟੀ ਪੁਲਸ ਅਫਸਰ ਸ਼੍ਰੀ ਕੁਲਵੰਤ ਰਾਏ ਪੀ.ਪੀ.ਐੱਸ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਸ਼੍ਰੀ ਮੁਕਤਸਰ ਸਾਹਿਬ ਇੰਸਪੈਕਟਰ ਦਿਨੇਸ਼ ਕੁਮਾਰ ਦੀ ਯੋਗ ਅਗਵਾਈ ਵਿੱਚ ਸਾਂਝ ਕੇਂਦਰ ਥਾਣਾ ਲੰਬੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮਾਹੂਆਨਾ ਵਿਖੇ ਚੈਰੀਟੇਬਲ ਪ੍ਰੋਗਰਾਮ ਤਹਿਤ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਤਕਸੀਮ ਕੀਤੀ ਗਈ। ਇਸ ਮੌਕੇ ਏ.ਐੱਸ.ਆਈ. ਅਮਨਪ੍ਰੀਤ ਸਿੰਘ ਤੇ ਸੀਨੀ. ਸਿਪਾਹੀ ਗੁਰਤੇਜ ਸਿੰਘ ਸਾਂਝ ਕੇਂਦਰ ਸਟਾਫ ਹਾਜ਼ਰ ਸੀ। ਸਾਂਝ ਕੇਂਦਰ ਟੀਮ ਦਾ ਸਕੂਲ ਹੈੱਡ ਟੀਚਰ ਪਵਨ ਕੁਮਾਰ ਤੇ ਸਮੂਹ ਸਟਾਫ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## COURT NOTICE

(U/o 5 Rule 20 CPC)
IN THE COURT OF
Sh. Bagicha singh
CIVIL JUDGE
(SENIOR DIVISION), Tarn Taran

Next Date, Purpose of case, Orders and Judgments as well as other case information is available on http://districts.ecourts.gov.in

Gurmeet kaur alias Paramjit kaur r/o village Bodewal, tehsil and district Tarn Taran
Vs.
General public

CNR No. PBTT02-000655-2022
Next Date:- 05.09.2023

PUBLICATION ISSUED TO:
:-General Public, Tarn Taran

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on at 10:00 a.m.

For details logon to https://highcourtchd.gov.in/?trs=district_notice&district=Tarn Taran

Civil judge
(senior division)
Tarn Taran
Dated, this day of 18-08-2023

## COURT NOTICE

In the Court of
Amarinder Singh Grewal
Distt. and Sessions Judge, Kapurthala.
CNR No. PBKP01-004720-2020
Next Date : 21.9.2023
Karnail Singh & Ors.
Versus
Suraj & Ors.
Claim Petition U/S 166 M.V. Act

Publication issued to : Vijay Kumar S/o Unknow R/o Vill. Akbarpur Kalan, Tehsil. Nakodar, Distt. Jalandhar (Owner of the vehicle bearing registration no. PB-08-EC-4897)

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.09.2023 at 10.00 a.m.

For details logon to https://highcourtchd.gov.in/?trs=district notice & district=Kapurthala

Distt. and Sessions Judge, Kapurthala.
Dated, this day of 18.8.2023

## COURT NOTICE

In the Court of
Amarinder Singh Grewal
Distt. and Sessions Judge, Kapurthala.
CNR No. PBKP01-004721-2020
Next Date : 21.9.2023
Karnail Singh & Ors.
Versus
Suraj & Ors.
Claim Petition U/S 166 M.V. Act

Publication issued to : Vijay Kumar S/o Unknow R/o Vill. Akbarpur Kalan, Tehsil. Nakodar, Distt. Jalandhar (Owner of the vehicle bearing registration no. PB-08-EC-4897)

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.09.2023 at 10.00 a.m.

For details logon to https://highcourtchd.gov.in/?trs=district notice & district=Kapurthala

Distt. and Sessions Judge, Kapurthala.
Dated, this day of 18.8.2023

## COURT NOTICE

In the Court of
Sh. Barjinder Pal Singh
Principal Judge, Family Court S.A.S. Nagar.
CNR No. PBSA01-001167-2023
Next Date : 10.10.2023
Barjinder Kaur
Versus
Jagjit Singh Samra

Petition U/S 13 (1) (I-a) of the Hindu Marriage Act 1955 for dissolution of Marriage by passing Decree of Divorce on the ground of cruelty in favour of petitioner and against the respondent.

Notice to : Jagjit Singh Samra aged about 46 years S/o Gurbachan Singh R/o house no. 437/1, Civil Lines, Gurdaspur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.10.2023 at 10.00 a.m.

For details logon to https://highcourtchd.gov.in/?trs=district notice & district=mohali

Principal Judge, Family Court S.A.S. Nagar.
Dated, this day of 17.8.2023

## Change of Name

I, Tej Kaur w/o Joginder Singh r/o Vill. Sehowal, Teh. Nakodar, Distt. Jalandhar declare that Tej Kaur and Tejinder Kaur belong to one and the same person. All Please Note.

I, Naiya Sood W/o Sumit Ghai R/o H.No.18, Gobind Plaza Near Beery Hospital, Mohalla Makhdoompura, Jalndhar, Punjab-144001 have changed my name to Naiya Ghai, After Marriage. All Please Note.

I, Shashi Kanta Alias Kanta W/o Tarsem Lal R/o H.No.07, Near P.N.B Bank, New Rasila Nagar, Basti Danishmanda, Jalandhar, Punjab have changed my name to Sashi Kanta. All Please Note.

I, Neelam Rani W/O Ram Lubhaya, Mohalla Bawian, Ward No. 3, Near S.P. College, Shahkot, Jalandhar, Punjab-144702 have changed my name to Rani Neelam. Rani Considers as Surname and Neelam Considers as Given Name. Note Please.

I, Sohan Singh S/O Mangu Ram Vill. Begowal, Po. Phambra, Teh. Nawanshahr Distt S.b.s Nagar 144417 I Have Changed My Name From Sohan Singh To Sohan Lal.

I, Amit Kumar S/O Vakeel Chand R/O Vpo.aur , Teh . Nawanshahr , Distt S.b.s Nagar , Changed My Minor Daughter Name From Navya To Navya Sharma .

I, BHAWNA PUGALIA W/O UDAY GUPTA Residing at 63C, Chotti Baradari, Part-1, Jalandhar-144001, Punjab, India, have changed my name from BHAWNA PUGALIA to BHAWANA GUPTA. All note please.

## Public Notice

I, Gurdev Kaur W/o S. Harbhinderpal Singh S/o S. Phera Singh R/o 14, Basant Hills, Village Chohak, Hoshiarpur Road, Jalandhar, Punjab declare that my adopted son Harvinder Singh is out of my control. I disinherit him from my moveable and immovable properties. I and my family shall not be held responsible for any of his acts, deeds and things. All please note.

## COURT NOTICE

District and Session Courts, SAS Nagar
In the Court of
Sh. Barjinder Pal Singh
Principal Judge, Family Court S.A.S. Nagar.
CNR No. PBSA01-010229-2022
Next Date : 26.9.2023
Case No. MNT125/103/2022
Inderpreet Kaur @ Balwinder Kaur
Versus
Manjit Singh

Petition U/S 135 CRPC for the Grant of Maintenance to the Petitioners to the Tune of Rs. 35,000/- Per Month

Notice to : Manjit Singh S/o Sh. Harbhajan Singh R/o Vill. Jhans, Sub. Tehsil Urmur Tanda, Tehsil Dasuya, Distt. Hoshiarpur, Punjab.

In above titled case, the accused could not be served. It is ordered that accused should appear in person or through counsel on 26.9.2023 at 10.00 a.m.

For details logon to https://highcourtchd.gov.in/?trs=district notice & district=mohali

Principal Judge, Family Court S.A.S. Nagar.
Dated, this day of 17.8.2023

## COURT NOTICE

(Succession Case)
In the Court of
Ms. Daljit Kaur Civil Judge (Senior Division), Bathinda.
CNR No. PBBT02-001659-2023
Next Date : 20.11.2023
Sukhpreet Singh
Versus
General Public

Petition under section 372 of Indian Succession Act 1925 for Issuance of a Succession Certificate in favour of the petitioners regarding the estate of deceased Gurpreet Singh S/o Nachhattar Singh R/o Vill. Baho Yatri, Tehsil and Distt. Bathinda authorising the petitioners to collect of gold ornaments and other valuable articles lying with the respondent No. 2

Notice to : General Public, nil

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 20.11.2023 at 10.00 a.m.

For details logon to https://highcourtchd.gov.in/?trs=district notice & district=Bathinda

Civil Judge (Senior Division), Bathinda.
Dated, this day of 18.8.2023

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ ਸਤਿੰਦਰਪਾਲ ਸਿੰਘ ਪੁੱਤਰ ਗੁਰਮੇਲ ਸਿੰਘ, ਵਾਸੀ ਲਾਲ ਸਿੰਘ ਬਸਤੀ, ਪਿੰਡ ਲਹਿਰਾ ਮੁਹੱਬਤ (ਜ਼ਿਲ੍ਹਾ ਬਠਿੰਡਾ) ਸੂਚਿਤ ਕਰਦਾ ਹਾਂ ਕਿ ਕੁੱਝ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਸਤਿੰਦਰਪਾਲ ਸਿੰਘ ਅਤੇ ਕੁੱਝ ਦਸਤਾਵੇਜ਼ਾਂ ਵਿੱਚ ਸਤਿੰਦਰ ਪਾਲ ਸਿੰਘ ਹੈ। ਉਕਤ ਦੋਵੇਂ ਨਾਮ ਮੇਰੇ ਹੀ ਹਨ। ਮੈਨੂੰ ਦੋਵਾਂ ਹੀ ਨਾਵਾਂ ਨਾਲ ਜਾਣਿਆ ਜਾਂਦਾ ਹੈ। ਸਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈ ਰਾਜਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਜਾਣੀਆ, ਜਿਲਾ ਅੰਮ੍ਰਿਤਸਰ ਨੇ ਆਪਣੀ ਲੜਕੀ ਕੋਮਲਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ , ਕਾਲੂ ਰਾਮ ਪੁੱਤਰ ਸ੍ਰੀ ਲੱਛੀ ਰਾਮ ਅਤੇ ਰਾਮ ਕਲੀ ਪਤਨੀ ਕਾਲੂ ਰਾਮ, ਵਾਸੀ ਮਕਾਨ ਨੰ: 643, ਸੰਤੋਸ਼ੀ ਨਗਰ, ਨੇੜੇ ਪੀਰ ਬਾਬਾ ਮੱਟ ਸਾਹ, ਜਲੰਧਰ, ਬਿਆਨ ਕਰਦੇ ਹਾਂ ਕਿ ਸਾਡਾ ਵੱਡਾ ਬੇਟਾ ਸੁਰਿੰਦਰ ਅਤੇ ਛੋਟਾ ਬੇਟਾ ਮਨੋਜ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਅਮਿਤ ਵਿਜ ਪੁੱਤਰ ਅਸਵਨੀ ਵਿਜ ਵਾਸੀ ਮਕਾਨ ਨੰ. 225, ਥਾਪਰਾ ਮੁਹੱਲਾ, ਨੇੜੇ ਮਾਈ ਹੀਰਾ ਗੇਟ, ਟਾਂਡਾ ਚੌਕ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਪਿਤਾ ਅਸਵਨੀ ਵਿਜ ਜੋ ਕਿ ਸਾਡੇ ਕਹਿਣ ਤੋਂ ਬਾਹਰ ਹੈ। ਜੋ ਕੋਈ ਵੀ ਇਨ੍ਹਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਰੇਖਾ ਵਿਜ ਪਤਨੀ ਅਸਵਨੀ ਵਿਜ ਵਾਸੀ ਮਕਾਨ ਨੰ. ਬੀ.ਐਨ. 225, ਥਾਪਰਾ ਮੁਹੱਲਾ, ਨੇੜੇ ਮਾਈ ਹੀਰਾ ਗੇਟ, ਟਾਂਡਾ ਚੌਕ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਅਸਵਨੀ ਵਿਜ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਮਰੀਕ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਗੁਜਰਪੁਰਾ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਮਨਦੀਪ ਕੌਰ ਪਤਨੀ ਵਿਕਾਸ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਤਿੰਦਰ ਕੁਮਾਰ ਪੁੱਤਰ ਕਨਈਆ ਲਾਲ ਵਾਸੀ ਮਕਾਨ ਨੰਬਰ ਬੀ-71, ਨਿਊ ਦਸ਼ਮੇਸ਼ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਆਸ਼ਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਹਰਭਜਨ ਸਿੰਘ ਪੁੱਤਰ ਲੱਖਾ ਵਾਸੀ ਪਿੰਡ ਤੇ ਡਾਕਖਾਨਾ ਬੱਲ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੁਮਨ ਉਰਫ ਅੰਜਲੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਰਾਜ ਕਪੂਰ ਪੁੱਤਰ ਸਵਰਨ ਦਾਸ ਅਤੇ ਬਿਮਲਾ ਦੇਵੀ ਪਤਨੀ ਰਾਜ ਕਪੂਰ ਵਾਸੀ ਪਿੰਡ ਤੇ ਡਾਕ: ਪਿਪਲਾਂਵਾਲਾ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੇ ਹਾਂ ਕਿ ਸਾਡਾ ਪੁੱਤਰ ਅਮਨ ਕੁਮਾਰ ਉਰਫ ਮੰਗਾ, ਨੂੰਹ ਏਕਤਾ ਉਰਫ ਪੂਜਾ ਪਤਨੀ ਅਮਨ ਕੁਮਾਰ ਉਰਫ ਮੰਗਾ, ਪੋਤਾ ਗੁਰਨੂਰ ਵਾ ਪੋਤੀ ਹਰਨੂਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਪਰਵੀਨ ਪਤਨੀ ਸਵ. ਸ਼੍ਰੀ ਯੂਸਫ, ਵਾਸੀ 388, ਵੀਪੀਓ ਧੋਗੜੀ ਜਲੰਧਰ ਬਿਆਨ ਕਰਦੀ ਹਾਂ ਕਿ ਪਰਵੀਨ ਕੌਰ ਅਤੇ ਪਰਵੀਨ ਦੋਵੇ ਮੇਰੇ ਹੀ ਨਾਮ ਹਨ। ਸੰਬੰਧਤ ਨੋਟ ਕਰਨ।

ਮੈਂ ਪਰਵੀਨ ਪਤਨੀ ਸਵ. ਸ਼੍ਰੀ ਯੂਸਫ, ਵਾਸੀ 388, ਵੀਪੀਓ ਧੋਗੜੀ ਜਲੰਧਰ ਬਿਆਨ ਕਰਦੀ ਹਾਂ ਕਿ ਯੂਸਫ ਮਸੀਹ ਦਾ ਨਾਮ ਯੂਸਫ ਮਸੀਹ ਤੋਂ ਬਦਲ ਕੇ ਯੂਸਫ ਕਰ ਦਿੱਤਾ ਗਿਆ ਹੈ।

ਮੈਂ ਸੁਰਭੀ ਪੁੱਤਰੀ ਚੰਦਰ , ਵਾਸੀ ਡਬਲਿਊ ਜੀ 309 ਇਸਲਾਮਾਬਾਦ, ਜਲੰਧਰ ਨੇ ਆਪਣਾ ਨਾਂ ਬਦਲ ਕੇ ਸੁਰਭੀ ਹਰਜਾਈ ਤੋਂ ਸੁਰਭੀ ਰੱਖ ਲਿਆ ਹੈ।

ਮੈਂ ਗੁਰਮੀਤ ਕੌਰ (Gurmit Kaur) ਪਤਨੀ ਕਰਨੈਲ ਸਿੰਘ ਵਾਸੀ ਪਿੰਡ ਅਤੇ ਡਾਕ: ਧੰਨਾ ਸ਼ਹੀਦ (ਫਿਰੋਜ਼ਪੁਰ) ਨੇ ਆਪਣਾ ਨਾਮ ਬਦਲ ਕੇ ਗੁਰਮੀਤ ਕੌਰ (Gurmeet Kaur) ਰੱਖ ਲਿਆ ਹੈ।

ਮੈਂ, ਰੀਆ ਕੌਸ਼ਲ ਪਤਨੀ ਪਵਨ ਕੁਮਾਰ ਵਾਸੀ ਪਿੰਡ ਹੁਸੈਨਪੁਰ ਗੁਰ, ਡਾਕ: ਕੋਟਲਾ ਨੌਧ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੈਂ ਵਿਆਹ ਤੋਂ ਬਾਅਦ ਆਪਣਾ ਨਾਂਅ ਭੁਪਿੰਦਰ ਕੁਮਾਰੀ ਤੋਂ ਬਦਲ ਕੇ ਰੀਆ ਕੌਸ਼ਲ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

## Change of Name

I hitherto known as JASMEEN W/o GOURAV CHAWLA, R/o H.No. 403-A, Street Number 9, Avtar Nagar, Jalandhar-144003, Punjab, India, have changed my name and shall hereafter be known as JASMEEN CHAWLA.

It is for general information that I, SATNAM RAM S/o SURINDER RAM R/o DOMELI, KAPURTHALA, PHAGWARA, PUNJAB-144407, declare that name of my father has been wrongly written as SURINDER PAL in my Passport No. M3303806. The actual name of my father is SURINDER RAM which may be amended accordingly.

I, Mehakdeep Kaur D/o S. Sukhdev Singh R/o Vill. Harsian, P.O. Dialgarh, Tehsil Batala, Distt. Gurdaspur, Punjab have changed my name Mehakdeep Kaur to Mehakdeep (Given Name) Kaur (Surname). All concerned please note.

## Change of Name

I, Daljit kaur w/o Major singh R/o vill Bua Nangli po Adliwala Teh Ajnala Distt Amritsar Have I my name change Daljit kaur to Daljeet kaur. (Narang)

I Hitherto Known As, Parmod Chander Sharma S/O Hari Ram R/O House No.6,Pathi Wala Chownk,Durga Vihar Mandir,New Santokhpura, Jalandhar 144004 Punjab, India Have Changed My Name And Shall Hereafter Be Known As Parmod Sharma .

I, Jassica Saini D/o Gurvinder Singh R/o V.P.O. Bhungarni, Tehsil and Distt. Hoshiarpur, Punjab, I have changed my name from Jassica to Jassica Saini. All concerned please note.

I, Devanshi D/o Munish Kaura R/o Kaura Cottage, Banga Road, Phagwara, Distt.Kapurthala (Punjab) have changed my name from Devanshi to Devanshi Kaura. All Please Note.

I, Rajesh Gupta S/o Vipan Gupta R/o H.No.51, Mall Road, Behind Income Tax Office, Budhram Colony, Hoshiarpur, Punjab-146001. I have changed the name of my minor Son Madhav Gupta to Yuvan Goel. All Please Note.

I, Rajesh Gupta S/o Vipan Gupta R/o H.No.51, Mall Road, Behind Income Tax Office, Budhram Colony, Hoshiarpur, Punjab-146001. I have changed the name of my minor Son Maurya Gupta to Yuhaan Goel. All Please Note.

I, Rajesh Gupta S/o Vipan Gupta R/o H.No.51, Mall Road, Behind Income Tax Office, Budhram Colony, Hoshiarpur, Punjab- 146001. I have changed the name of my minor daughter Kanushree Goyal to Sayesha Goel. All Please Note.

I, Jyoti Duhan W/o Yogesh R/o H.No.504, Housing Board, Jind, Haryana-126102. have changed my name and shall hereafter be Known as Jyoti. All Please Note.

I, Rajwarinder Singh S/o Hardev Singh R/o H.No.978, Ward No-5, Sector-4, Chhaju Majra Colony, S.A.S Nagar (Mohali) Punjab-140301, have changed my name as Rajwrinder Singh. All Please Note.

I, Amrik Singh Aujla S/o Tara Singh R/o H.No. 567, Mithapur Road, Cheema Nagar, Jalandhar-I, Punjab-144014, have changed my name as Amrik Singh. All Please Note.

I, Kamil Khan S/o Dara Singh R/o Hansawala (112), Fatehabad, Haryana- 125113, have changed my name and shall hereafter be Known as Kamal Singh. All Please Note.

I, Bhushan Yadav S/o Lal Singh Yadav R/o H.No.32-L, Model Town, Rewari, Haryana- 123401, have changed my name and shall hereafter be Known as Indu Bhushan. All Please Note.

I, Pawandeep Kaur W/o Paramvir Singh R/o VPO Bolina Doaba, Bolina, Jalandhar, Punjab- 144101. have changed my name as Pawandeep Kaur Mahey. All Please Note.

I, Jaswinder Singh S/o Makkhan Singh R/o Mandi Kalanwall, Water Works Road, Ward No. 10, Sirsa, Haryana-125201, have changed my name as Bhola Singh. All Please Note.

I, Raghubir Singh Matharu S/o Matharu Santosh Singh Lal Singh R/o H.No-62, Opp ITI College, Kahnuwan Road Batala, Gurdaspur, Punjab-143505, have changed my name as Raghubir Singh Santosh Singh Matharu. All Please Note.

I, Mansi w/o Raman Verma r/o H.No. BII 232, Raj Nagar, Basti Bawa Khel, Jalandhar have changed my name from Mansi to Mansi Verma. All Please Note.

I, Priya d/o Prem Kumar r/o Vill. Rasulpur Brahmna, Po. Rahimpur, Distt. Jalandhar, Punjab have changed my name to Priya Kumari. All Please Note.

I, Pranav Katyal s/o Pankaj Katyal r/o H.No. 8, Shankar Garden, Mata Rani Chowk, Model Town, Jalandhar, Punjab have changed my name to Aarav Katyal. All Please Note.

I, Monika w/o Dharminder Kumar r/o VPO. Patti Rawal Ki, Rurka Kalan, Distt. Jalandhar, Punjab have changed my name to Monika Jassi (Jassi as my surname) All Please Note.

I, Parmjit Kaur w/o Bishan Dass d/o Dalvir Singh r/o Vill.Ramuwal, Po. Mehatpur, Tehsil Nakodar, Distt. Jalandhar declare that Parmjit Kaur and Paramjit Kaur is one and the same person. All Please Note.

I, Kavita d/o Dinesh Krishan Kaler r/o H.No. 318, Sudarshan Park Maqsudan, Jalandhar have changed my name from Kavita to Kavita Kaler (Kaler as Surname) All Please Note.

I, Naina Malhotra w/o Amriteshwar Singh r/o 1545-C, Urban Estate, Phase-II, Opposite Cambridge Girls School, Jalandhar have changed my name to Naina Singh. (Singh as Surname) All Please Note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ



**ਬਰਨਾਲਾ (ਰਜਿੰਦਰ ਬਰਾੜ)**

ਇੱਥੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਅਗਵਾਈ ਹੇਠ ਹਜ਼ਾਰਾਂ ਮਜ਼ਦੂਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਡੀ ਸੀ ਦਫਤਰ ਸਾਹਮਣੇ ਜ਼ਬਰਦਸਤ ਧਰਨਾ ਦਿੱਤਾ ਗਿਆ। ਬਾਅਦ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ, ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ। ਧਰਨੇ ਦੀ ਸ਼ੁਰੂਆਤ ਅਜਮੇਰ ਅਕਲੀਆ ਦੇ ਇਨਕਲਾਬੀ ਗੀਤਾਂ ਨਾਲ ਕੀਤੀ ਗਈ। ਵੱਡੀ ਗਿਣਤੀ ਵਿੱਚ ਮਗਨਰੇਗਾ ਮਜ਼ਦੂਰ ਔਰਤਾਂ ਤੇ ਗਰੀਬ ਖੇਤ ਮਜ਼ਦੂਰ ਇਕੱਠੇ ਹੋਏ, ਜਿਨ੍ਹਾਂ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ। ਧਰਨੇ ਨੂੰ ਮਜ਼ਦੂਰ ਅਧਿਕਾਰ ਅੰਦੋਲਨ ਪੰਜਾਬ ਦੇ ਸੂਬਾਈ ਆਗੂ ਕਾਮਰੇਡ ਕਾਮਰੇਡ ਲਾਭ ਸਿੰਘ ਅਕਲੀਆ, ਮਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਆਗੂ ਕਾਮਰੇਡ ਮੱਖਣ ਸਿੰਘ ਰਾਮਗੜ੍ਹ ਤੇ ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਗੁਰਮੇਲ ਸਿੰਘ ਬਰਨਾਲਾ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਮਨਰੇਗਾ ਦੇ ਬਜਟ ਨੂੰ ਖਜ਼ਾਨੇ 'ਤੇ ਵੱਡਾ ਬੋਝ ਸਮਝਦੀ ਆ ਰਹੀ ਹੈ, ਜਿਸ ਨੇ ਪਿਛਲੇ ਚਾਰ ਸਾਲ 'ਚ ਮਗਨਰੇਗਾ ਦੇ ਬਜਟ ਵਿੱਚ 53 ਹਜ਼ਾਰ ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਚੋਣਾਂ ਸਮੇਂ ਗਰੀਬ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਜਲਦ ਲਾਗੂ ਕੀਤਾ ਜਾਵੇ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਕਾਮਰੇਡ ਜਗਰਾਜ ਰਾਮਾ, ਕਾਮਰੇਡ ਨਛੱਤਰ ਸਿੰਘ ਰਾਮਨਗਰ, ਸ਼ਿੰਗਾਰਾ ਸਿੰਘ ਚੁਹਾਨਕੇ, ਸਰਬਜੀਤ ਕੌਰ ਰੂੜੇਕੇ ਕਲਾਂ, ਸੁਖਵਿੰਦਰ ਸਿੰਘ ਜੱਸਾ ਭੈਣੀ, ਗੁਰਜੰਟ ਸਿੰਘ ਢਿੱਲਵਾਂ ਆਦਿ ਆਗੂਆਂ ਨੂੰ ਸੰਬੋਧਨ ਕੀਤਾ।

## ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀ ਕੈਬਨਿਟ ਸਬ-ਕਮੇਟੀ ਨਾਲ ਮੀਟਿੰਗ ਭਲਕੇ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਡਿੰਪਲ ਰੁਹੇਲਾ, ਕੰਵਲਜੀਤ ਸਿੰਘ ਰੋਪੜ, ਦਲਜੀ ਕਾਂਤ ਰਾਜਪੁਰਾ, ਜਸਵੀਰ ਕੌਰ ਮਾਹੀ ਪੰਜਾਬ ਸਬਾਰਡੀਨੇਟ ਫੈਡਰੇਸ਼ਨ ਦੇ ਸੂਬਾ ਮੀਤ ਪ੍ਰਧਾਨ ਹਰਵਿੰਦਰ ਸਿੰਘ ਰੋਣੀ ਤੇ ਜ਼ਿਲ੍ਹਾ ਇਕਾਈ ਫਤਹਿਗੜ੍ਹ ਸਾਹਿਬ ਹਰਪ੍ਰੀਤ ਸਿੰਘ ਬਾਘੂਪੁਰ, ਸੰਜੇ ਕੁਮਾਰ ਬੈਂਸ, ਮੋਹਣ ਸਿੰਘ, ਮਨਦੀਪ ਸਿੰਘ, ਤਰਸੇਮ ਸਿੰਘ ਸਹੋਤਾ, ਮਲਕੀਤ ਸਿੰਘ ਸਰਾਓ, ਮੀਡੀਆ ਇੰਚਾਰਜ ਮਹਾਵੀਰ ਸਿੰਘ ਧੀਮਾਨ, ਜਗਦੀਪ ਸਿੰਘ, ਜਸਵਿੰਦਰ ਸਿੰਘ, ਨਰਪਿੰਦਰ ਸਿੰਘ ਆਦਿ ਆਗੂਆਂ ਵੱਲੋਂ ਸਾਂਝਾ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਹਰਪਾਲ ਚੀਮਾ ਵਿੱਤ ਮੰਤਰੀ ਪੰਜਾਬ ਦੀ ਅਗਵਾਈ 'ਚ ਬਣਾਈ ਗਈ ਕੈਬਨਿਟ ਸਬ ਕਮੇਟੀ ਨਾਲ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਦੀ ਮੀਟਿੰਗ 22 ਅਗਸਤ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਵੇਗੀ। ਆਗੂਆਂ ਨੇ ਦੱਸਿਆ ਕਿ ਮੀਟਿੰਗ ਵਿੱਚ 01-01-2004 ਤੋਂ ਬਾਅਦ ਵੱਖ-ਵੱਖ ਸਰਕਾਰੀ, ਅਰਧ ਸਰਕਾਰੀ ਵਿਭਾਗਾਂ, ਅਦਾਰਿਆਂ, ਬੋਰਡ, ਯੂਨੀਵਰਸਿਟੀਆਂ, ਕਾਰਪੋਰੇਸ਼ਨ ਆਦਿ ਦੇ ਸਮੂਹ ਭਰਤੀ ਮੁਲਾਜ਼ਮਾਂ ਲਈ ਪੰਜਾਬ 'ਚ 01-01-2004 ਤੋਂ ਪਹਿਲਾਂ ਚੱਲਦੀ ਤੇ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਦੀ ਮੰਗ ਜ਼ੋਰਦਾਰ ਢੰਗ ਨਾਲ ਰੱਖੀ ਜਾਵੇਗੀ। ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ 22 ਅਗਸਤ ਦੀ ਮੀਟਿੰਗ ਤੋਂ ਕਾਫੀ ਉਮੀਦਾਂ ਹਨ ਤੇ ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਮੁਲਾਜ਼ਮਾਂ ਦੀਆਂ ਉਮੀਦਾਂ ਉੱਪਰ ਪਾਣੀ ਨਾ ਫੇਰ ਕੇ ਤੁਰੰਤ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ।

# ਕਿਸਾਨਾਂ ਵੱਲੋਂ ਵਿਧਾਇਕ ਮਾਣੂੰਕੇ ਦੇ ਦਫਤਰ ਦਾ ਘਿਰਾਓ

**'ਆਪ' ਦਾ ਪਹਿਲੀਆਂ ਸਰਕਾਰਾਂ ਨਾਲੋਂ ਕੋਈ ਅੰਤਰ ਨਹੀਂ : ਮਹਿਮਾ**



**ਜਗਰਾਉਂ (ਅਮਿਤ ਖੰਨਾ)**-ਆਮ ਆਦਮੀ ਪਾਰਟੀ ਦੇ ਰਾਜ 'ਚ ਵੀ ਆਮ ਆਦਮੀ ਉਵੇਂ ਹੀ ਪ੍ਰੇਸ਼ਾਨ ਹੈ, ਜਿਵੇਂ ਅਕਾਲੀ ਕਾਂਗਰਸ ਦੇ ਰਾਜ 'ਚ ਸੀ। ਪੰਜਾਬ 'ਚ ਹੜ੍ਹਾਂ ਦੀ ਮਾਰ ਦੁਬਾਰਾ ਪੈ ਚੁੱਕੀ ਹੈ, ਪਰ ਭਗਵੰਤ ਮਾਨ ਹਕੂਮਤ ਤੋਂ ਪਹਿਲੇ ਨੁਕਸਾਨ ਦੀ ਪੂਰਤੀ ਲਈ ਗਿਰਦਾਵਰੀ ਵੀ ਪੂਰੀ ਨਹੀਂ ਹੋਈ। ਇਹ ਵਿਚਾਰ ਇੱਥੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹਲਕਾ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਦੇ ਦਫਤਰ/ਘਰ ਦਾ ਘਿਰਾਓ ਕਰਨ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾਈ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਪ੍ਰਗਟ ਕੀਤੇ। ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਜਥੇਬੰਦੀਆਂ ਦੇ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਸਾਰੇ ਹੜ੍ਹ ਪੀੜਤਾਂ ਨੂੰ ਪੰਦਰਾਂ ਅਗਸਤ ਤੱਕ ਮੁਆਵਜ਼ਾ ਦੇਣ ਦੇ ਐਲਾਨ ਦੇ ਬਾਵਜੂਦ ਸਰਕਾਰੀ ਕੰਮ-ਕਾਜ ਬੇਹੱਦ ਸੁਸਤ ਰਫਤਾਰ ਨਾਲ ਚੱਲ ਰਿਹਾ ਹੈ। ਦੇਸ਼ ਦੇ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ, ਉੱਤਰਾਖੰਡ 'ਚ ਆਏ ਹੜ੍ਹਾਂ ਨੂੰ ਕੌਮੀ ਆਪਦਾ ਐਲਾਨਣ ਦੀ ਮੰਗ ਕਰਦਿਆਂ ਪੇਸ਼ ਮੰਗ ਪੱਤਰ 'ਚ ਵਿਸ਼ੇਸ਼ ਪੈਕੇਜ ਦੀ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ। ਇਸ ਸਮੇਂ ਬੁਲਾਰਿਆਂ ਨੇ ਸੂਬੇ ਦੇ ਸਾਰੇ ਦਰਿਆਵਾਂ ਵਿਸ਼ੇਸ਼ ਕਰ ਘੱਗਰ 'ਤੇ ਬੰਨ੍ਹਾਂ ਨੂੰ ਮਜ਼ਬੂਤ ਕਰਨ, ਨਦੀਆਂ, ਨਹਿਰਾਂ, ਨਾਲਿਆਂ, ਖਾਲਾਂ ਦੀ ਸਫਾਈ ਕਰਨ ਦੀ ਮੰਗ ਕੀਤੀ। ਬੁਲਾਰਿਆਂ ਨੇ ਪੀੜਤ ਪਰਿਵਾਰਾਂ ਦੇ ਸਾਰੇ ਕਰਜ਼ੇ ਰੱਦ ਕਰਨ, ਸਬਜ਼ੀਆਂ, ਬਾਗਾਂ, ਘਰਾਂ, ਕਾਰੋਬਾਰਾਂ ਦੇ ਨੁਕਸਾਨ ਦੀ ਪੂਰਤੀ ਦੀ ਵੀ ਜ਼ੋਰਦਾਰ ਮੰਗ ਕੀਤੀ ਗਈ। ਹਲਕਾ ਵਿਧਾਇਕ ਨੇ ਧਰਨੇ 'ਚ ਆ ਕੇ ਮੰਗ ਪੱਤਰ ਹਾਸਲ ਕੀਤਾ।

## ਐਡਵੋਕੇਟ ਅਜੀਤ ਵਰਮਾ ਨੂੰ ਲੀਗਲ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਸੌਂਪਿਆ ਨਿਯੁਕਤੀ ਪੱਤਰ

**ਕੋਟਕਪੂਰਾ (ਰਛਪਾਲ ਭੁੱਲਰ)**-ਉਪਭੋਗਤਾ ਅਧਿਕਾਰ ਸੰਗਠਨ (ਸੀ ਆਰ ਓ) ਦੇ ਸੂਬਾ ਪ੍ਰਧਾਨ ਪੰਕਜ ਸੂਦ ਵੱਲੋਂ ਸ਼ਹਿਰ ਦੇ ਐਡਵੋਕੇਟ ਅਜੀਤ ਵਰਮਾ ਨੂੰ ਉਪਭੋਗਤਾ ਅਧਿਕਾਰ ਸੰਗਠਨ ਦੇ ਲੀਗਲ ਸੈੱਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਪੰਜਾਬ ਪ੍ਰਧਾਨ ਪੰਕਜ ਸੂਦ ਨੇ ਦੱਸਿਆ ਕਿ ਅਜੀਤ ਵਰਮਾ ਐਡਵੋਕੇਟ ਸ਼ਹਿਰ ਦੇ ਸਮਾਜ ਸੇਵੀ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਉਨ੍ਹਾਂ ਦੀ ਸੇਵਾ ਭਾਵਨਾ ਨੂੰ ਦੇਖਦੇ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਅਜੀਤ ਵਰਮਾ ਐਡਵੋਕੇਟ ਨੇ ਕਿਹਾ ਕਿ ਉਪਭੋਗਤਾ ਅਧਿਕਾਰ ਸੰਗਠਨ ਦੇ ਪੰਜਾਬ ਪ੍ਰਧਾਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੈਨੂੰ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਮੈਂ ਉਸ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਵਾਂਗਾ ਤੇ ਸਾਰੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਪਰਜਾਪਤੀ ਯੂਥ ਪ੍ਰਧਾਨ ਪਰਜਾਪਤ ਕੁਮਹਾਰ ਮਹਾਂਸੰਘ ਪੰਜਾਬ, ਸ੍ਰੀ ਹੰਸਰਾਜ ਪਰਜਾਪਤ ਜਲਾਲਾਬਾਦ, ਲੈਕ. ਰਤਨ ਸਿੰਘ ਪਰਜਾਪਤ ਬਠਿੰਡਾ, ਓਮ ਪ੍ਰਕਾਸ਼ ਪਰਜਾਪਤ ਬਠਿੰਡਾ, ਬਸੰਤ ਕੁਮਾਰ ਪਰਜਾਪਤ ਕੋਟਕਪੂਰਾ ਅਤੇ ਟਿੰਕੂ ਕੁਮਾਰ ਕੋਟਕਪੂਰਾ ਆਦਿ ਨੇ ਐਡਵੋਕੇਟ ਅਜੀਤ ਵਰਮਾ ਨੂੰ ਉਪਭੋਗਤਾ ਅਧਿਕਾਰ ਸੰਗਠਨ (ਸੀ ਆਰ ਓ) ਜ਼ਿਲ੍ਹਾ ਮੋਗਾ ਦਾ ਲੀਗਲ ਸੈੱਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ 'ਤੇ ਵਧਾਈ ਦਿੱਤੀ।



# ਕਾਤਰਾਂ

## ਅਕਾਲ ਕਾਲਜ ਦਾ ਨਤੀਜਾ ਸ਼ਾਨਦਾਰ



**ਸੰਗਰੂਰ (ਪ੍ਰਵੀਨ ਸਿੰਘ)**-ਅਕਾਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਫਤਿਹਗੜ੍ਹ ਛੰਨਾ (ਸੰਗਰੂਰ) ਦਾ ਬੀ. ਐੱਡ. (ਬੈਚ 2022-24) ਸਮੈਸਟਰ ਪਹਿਲੇ ਦਾ ਨਤੀਜਾ ਸ਼ਾਨਦਾਰ ਰਿਹਾ। ਪਹਿਲੇ ਸਥਾਨ 'ਤੇ ਸਪਨਾ ਰਾਣੀ ਨੇ 83.6% ਅੰਕ ਪ੍ਰਾਪਤ ਕੀਤੇ, ਦੂਸਰੇ ਸਥਾਨ 'ਤੇ ਇਸ਼ੀਤਾ ਨੇ 81.8% ਅੰਕ ਪ੍ਰਾਪਤ ਕੀਤੇ ਤੇ ਤੀਸਰੇ ਸਥਾਨ 'ਤੇ ਰਹੀ ਬੀ. ਸ੍ਰਰੁਤੀ ਨੇ 79.6% ਅੰਕ ਪ੍ਰਾਪਤ ਕੀਤੇ। ਸੰਸਥਾ ਦੀ ਮੈਨੇਜਮੈਂਟ ਤੇ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਲਈ ਵਿਦਿਆਰਥਣਾਂ ਤੇ ਸਟਾਫ ਨੂੰ ਵਧਾਈ ਦਿੱਤੀ ਗਈ।

## ਬੀ ਐੱਸ ਸੀ (ਆਈ ਟੀ) ਤੇ ਪੀ ਜੀ ਡੀ ਸੀ ਏ ਕੋਰਸ ਲਈ ਦਾਖਲੇ ਸ਼ੁਰੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਲੈਫ. ਕਰਨਲ ਮਨਿੰਦਰ ਸਿੰਘ ਰੰਧਾਵਾ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਨੇ ਦੱਸਿਆ ਕਿ ਡਾਇਰੈਕਟੋਰੇਟ ਰੱਖਿਆ ਸੇਵਾਵਾਂ ਭਲਾਈ ਪੰਜਾਬ ਵੱਲੋਂ ਕਿੱਤਾ ਮੁਖੀ ਆਈ ਟੀ ਕੋਰਸ ਹਰ ਵਰਗ ਦੇ ਵਿਦਿਆਰਥੀ ਨੂੰ ਰੋਜ਼ਗਾਰ ਦੇ ਯੋਗ ਬਣਾਉਣ ਲਈ ਸਥਾਨਕ ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਤਿੰਨ ਸਾਲਾ ਬੀ.ਐੱਸ.ਸੀ. (ਆਈ ਟੀ) ਕੋਰਸ ਤੇ ਇੱਕ ਸਾਲਾ ਪੀ.ਜੀ.ਡੀ.ਸੀ.ਏ. ਕੋਰਸ 'ਚ ਇਸ ਸਾਲ ਲਈ ਦਾਖਲਾ ਸ਼ੁਰੂ ਹੋ ਚੁੱਕਿਆ ਹੈ। ਲੈਫ. ਕਰਨਲ ਐੱਮ ਐੱਸ ਰੰਧਾਵਾ (ਰਿਟਾ.) ਨੇ ਦੱਸਿਆ ਕਿ ਇਸ ਸਰਕਾਰੀ ਇੰਸਟੀਚਿਊਟ ਵਿੱਚ ਚਲਾਏ ਜਾ ਰਹੇ ਇਹ ਦੋਵੇਂ ਕੋਰਸ ਸਥਾਨਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਹਨ। ਇਹ ਕੋਰਸ ਸਰਕਾਰ ਵੱਲੋਂ ਸਾਬਕਾ ਫੌਜੀਆਂ, ਉਨ੍ਹਾਂ ਦੇ ਆਸ਼ਰਿਤਾਂ, ਅਨੁਸੂਚਿਤ ਜਾਤੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਨਾ-ਮਾਤਰ ਫੀਸਾਂ ਤੇ ਵਧੀਆ ਪੜ੍ਹਾਈ ਕਰਨ ਦੇ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਸਾਬਕਾ ਫੌਜੀਆਂ, ਉਨ੍ਹਾਂ ਦੇ ਆਸ਼ਰਿਤਾਂ, ਅਨੁਸੂਚਿਤ ਜਾਤੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਇਸ ਸਕੀਮ ਦਾ ਭਰਪੂਰ ਲਾਭ ਲੈਣ ਲਈ ਅਪੀਲ ਕੀਤੀ।

## ਚੰਡੀਗੜ੍ਹ ਇੰਸਟੀਚਿਊਟ ਨੇ ਲਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਚੰਡੀਗੜ੍ਹ ਇੰਸਟੀਚਿਊਟ ਸੰਸਥਾ ਦੇ ਮੁਖੀ ਲਵਪ੍ਰੀਤ ਸੇਠੀ ਨੇ ਦੱਸਿਆ ਕਿ ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਨੇ ਸਰਿੰਦਰ ਪਾਲ ਕੌਰ ਤੇ ਬਲਰਾਜ ਸਿੰਘ ਮਾਨੂਕੇ ਗਿੱਲ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਲਗਵਾ ਕੇ ਦਿੱਤਾ। ਸਰਿੰਦਰ ਪਾਲ ਕੌਰ ਤੇ ਬਲਰਾਜ ਸਿੰਘ ਨੇ ਚੰਡੀਗੜ੍ਹ ਇੰਸਟੀਚਿਊਟ ਦੇ ਮੁਖੀ ਲਵਪ੍ਰੀਤ ਸੇਠੀ ਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ।

## ਪੰਜਾਬ ਕਿਸਾਨ ਯੂਨੀਅਨ ਵੱਲੋਂ ਵਿਰਕ ਕਲਾਂ ਇਕਾਈ ਦੀ ਚੋਣ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਕਿਸਾਨ ਯੂਨੀਅਨ ਵੱਲੋਂ ਦੁਬਾਰਾ ਵਿਰਕ ਕਲਾਂ ਨਵੀਂ ਇਕਾਈ ਦੀ ਚੋਣ ਕੀਤੀ ਗਈ, ਜਿਸ 'ਚ ਵਿਸ਼ੇਸ਼ ਤੌਰ 'ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀ ਬਾਘਾ, ਸੂਬਾ ਜਰਨਲ ਸਕੱਤਰ ਗੁਰਨਾਮ ਸਿੰਘ ਭੀਖੀ, ਜ਼ਿਲ੍ਹਾ ਜਨਰਲ ਸਕੱਤਰ ਕਮਲਪ੍ਰੀਤ ਸਿੰਘ ਘੁੰਮਣ ਕਲਾਂ ਪਹੁੰਚੇ। ਇਹ ਮੀਟਿੰਗ ਜ਼ਿਲ੍ਹਾ ਸਕੱਤਰ ਬਲਜਿੰਦਰ ਕੌਰ ਵਿਰਕ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਿਸਾਨੀ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਉਪਰੰਤ ਇਕਾਈ ਵਿਰਕ ਕਲਾਂ ਦੀ ਚੋਣ ਕੀਤੀ ਗਈ, ਜਿਸ 'ਚ ਪ੍ਰਧਾਨ ਸੁਖਵਿੰਦਰ ਸਿੰਘ, ਮੀਤ ਪ੍ਰਧਾਨ ਸੁਖਪ੍ਰੀਤ ਸਿੰਘ, ਜਰਨਲ ਸਕੱਤਰ ਭੋਲਾ ਸਿੰਘ ਫੌਜੀ, ਪ੍ਰਚਾਰ ਸਕੱਤਰ ਮੰਦਰ ਸਿੰਘ, ਸਲਾਹਕਾਰ ਮਹਿੰਦਰ ਸਿੰਘ, ਸਕੱਤਰ ਰਾਜਵਿੰਦਰ ਸਿੰਘ, ਸਕੱਤਰ ਜਗਤਾਰ ਸਿੰਘ ਚੁਣੇ ਗਏ। ਇਸ ਮੌਕੇ ਇਨ੍ਹਾਂ ਤੋ ਇਲਾਵਾ ਹੋਰ ਕਿਸਾਨਾਂ ਨੇ ਵੀ ਸ਼ਮੂਲੀਅਤ ਕੀਤੀ।

## ਪੁਲਸ ਲਾਇਨ ਵਿਖੇ ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ

**ਜਗਰਾਉਂ (ਸੰਜੀਵ ਅਰੋੜਾ)**-ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੀ ਪੁਲਸ ਵੱਲੋਂ ਪੁਲਸ ਲਾਈਨ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਪਿਛਲੇ ਦਿਨੀਂ ਪੁਲਸ ਲਾਈਨ ਵਿਖੇ ਰਖਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਕੀਰਤਨੀ ਜੱਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਐੱਸ. ਐੱਸ. ਪੀ. ਨਵਨੀਤ ਸਿੰਘ ਬੈਂਸ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਐੱਸ. ਪੀ. (ਹੈੱਡਕੁਆਟਰ) ਮਨਵਿੰਦਰਬੀਰ ਸਿੰਘ, ਡੀ. ਐੱਸ. ਪੀ. ਰਛਪਾਲ ਸਿੰਘ ਢੀਂਡਸਾ, ਡੀ. ਐੱਸ. ਪੀ. ਸਤਵਿੰਦਰ ਸਿੰਘ ਵਿਰਕ, ਡੀ. ਐੱਸ. ਪੀ. ਗੁਰਬਿੰਦਰ ਸਿੰਘ, ਡੀ. ਐੱਸ. ਪੀ. ਹਰਦੀਪ ਸਿੰਘ ਚੀਮਾਂ, ਐੱਸ. ਐੱਚ. ਓ. ਜਗਜੀਤ ਸਿੰਘ, ਐੱਸ. ਐੱਚ. ਓ. ਅਮਰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਥਾਣਿਆਂ ਤੇ ਚੌਂਕੀ ਇੰਚਾਰਜ ਹਾਜ਼ਰ ਸਨ।

## ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀ ਇਕੱਤਰਤਾ

**ਬਰੇਟਾ (ਗੋਬਿੰਦ ਸ਼ਰਮਾ)**-ਇਥੇ ਅੱਗਰਵਾਲ ਧਰਮਸ਼ਾਲਾ ਵਿੱਚ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਬਰੇਟਾ ਦੀ ਮਾਸਿਕ ਇਕੱਤਰਤਾ ਮੇਲਾ ਸਿੰਘ ਮੰਡੇਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ ਡੀ ਏ ਤੇ ਲੀਵ ਇੰਕੈਸ਼ਮੈਂਟ ਦਾ ਬਕਾਇਆ, ਰੇਲਵੇ ਕਿਰਾਏ ਵਿੱਚ ਛੋਟ ਦੀ ਸਹੂਲਤ ਆਦਿ ਸਬੰਧੀ ਚਰਚਾ ਕਰਦੇ ਹੋਏ ਇਨਸਾਫ ਦੀ ਮੰਗ ਕੀਤੀ ਗਈ। ਗੁਲਜਾਰ ਸਿੰਘ ਨੇ ਪੈਨਸ਼ਨਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਵਿਸਤ੍ਰਿਤ ਜਾਣਕਾਰੀ ਦਿੱਤੀ। ਪੈਨਸ਼ਨਰ ਭਵਨ ਬਣਾਉਣ ਲਈ ਯਤਨ ਤੇਜ਼ ਕਰਨ ਤੇ ਸਰਕਾਰ ਤੋਂ ਸਹਿਯੋਗ ਲੈਣ ਲਈ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮਹੀਨੇ ਜਨਮ ਦਿਨ ਵਾਲੇ ਮੈਂਬਰ ਸਾਹਿਬਾਨ ਰਾਜ ਕੁਮਾਰ ਪ੍ਰਿੰਸੀਪਲ, ਹਰਭਜਨ ਸਿੰਘ ਕੈਪਟਨ, ਮਿਸ਼ਰਾ ਰਾਮ, ਸ੍ਰੀਮਤੀ ਸਰੋਜ ਬਾਲਾ ਆਦਿ ਦਾ ਸਨਮਾਨ ਤੇ ਸਤਿਕਾਰ ਕੀਤਾ ਗਿਆ।

## ਨੈਸ਼ਨਲ ਕਾਲਜ ਦਾ ਬੀ. ਕਾਮ ਦਾ ਨਤੀਜਾ ਸ਼ਾਨਦਾਰ

**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਨੈਸ਼ਨਲ ਕਾਲਜ ਦੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ. ਕਾਮ ਭਾਗ ਤੀਜਾ ਸਮੈਸਟਰ ਛੇਵੇਂ ਦਾ ਨਤੀਜਾ ਸ਼ਾਨਦਾਰ ਰਿਹਾ। ਐਲਾਨੇ ਗਏ ਨਤੀਜਿਆਂ ਵਿੱਚੋਂ ਰਸ਼ਨਪ੍ਰੀਤ ਕੌਰ ਨੇ 80 ਫੀਸਦੀ ਅੰਕਾਂ ਨਾਲ ਪਹਿਲਾ, ਮਨਪ੍ਰੀਤ ਕੌਰ ਨੇ 79 ਫੀਸਦੀ ਅੰਕਾਂ ਨਾਲ ਦੂਜਾ ਤੇ ਜਸ਼ਨਦੀਪ ਕੌਰ ਨੇ 78 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਸੰਸਥਾ ਦੇ ਪ੍ਰਧਾਨ ਹਰਬੰਸ ਦਾਸ ਬਾਵਾ ਤੇ ਕਾਲਜ ਪ੍ਰਿੰਸੀਪਲ ਡਾ. ਐੱਮ. ਕੇ. ਮਿਸ਼ਰਾ ਨੇ ਸਾਰੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਵਧਾਈ ਦਿੱਤੀ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸੀ।

# ਕਿਸਾਨ ਜਥੇਬੰਦੀਆਂ ਵੱਲੋਂ ਵਿਧਾਇਕ ਬਾਜ਼ੀਗਰ ਦੇ ਦਫਤਰ ਦਾ ਘਿਰਾਓ

**ਵਿਧਾਇਕ ਨੂੰ ਸੌਂਪਿਆ ਮੰਗ ਪੱਤਰ**



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕਿਸਾਨ ਜਥੇਬੰਦੀਆਂ ਵੱਲੋਂ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਦੇ ਦਫ਼ਤਰ ਦਾ ਘਿਰਾਓ ਕਰਕੇ ਹੜ੍ਹਾਂ ਦੀ ਮਾਰ ਸਹਿ ਰਹੇ ਲੋਕਾਂ ਨੂੰ ਫੌਰੀ ਰਹਤ ਪੈਕੇਜ ਦੇਣ ਦੀ ਮੰਗ ਕੀਤੀ। ਕਿਸਾਨ ਜਥੇਬੰਦੀਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਹੜ੍ਹਾਂ ਨਾਲ ਹੋਏ ਵਿਆਪਕ ਨੁਕਸਾਨ ਨੂੰ ਕੌਮੀ ਆਫਤ ਐਲਾਨ ਕੇ ਪੰਜਾਬ ਨੂੰ ਦਸ ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਰਾਹਤ ਪੈਕੇਜ ਦਿੱਤਾ ਜਾਵੇ। ਲੋਕਾਂ ਦੇ ਹੋਏ ਜਾਨ-ਮਾਲ ਦੇ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਦੇਣ ਦੇ ਨਿਯਮਾਂ ਵਿੱਚ ਢਿੱਲ ਦੇਣ ਦੀ ਮੰਗ ਕਰਦਿਆਂ ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਲੋਕਾਂ ਨੂੰ ਹੋਏ ਅਸਲ ਨੁਕਸਾਨ ਅਨੁਸਾਰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਮੋਰਚੇ ਨੇ ਸਰਕਾਰ ਵੱਲੋਂ ਪੰਦਰਾਂ ਹਜ਼ਾਰ ਰੁਪਏ ਪ੍ਰਤੀ ਏਕੜ ਦੇ ਮੁਆਵਜ਼ੇ ਨੂੰ ਨਾਕਾਫੀ ਦੱਸਦੇ ਹੋਏ ਇਸ ਨੂੰ ਬਿਪਤਾ ਸਹਿ ਰਹੇ ਕਿਸਾਨਾਂ ਨਾਲ ਬੇਹੂਦਾ ਮਜ਼ਾਕ ਕਰਾਰ ਦਿੱਤਾ ਹੈ।

ਰੋਸ ਪ੍ਰਦਰਸ਼ਨ ਦੀ ਅਗਵਾਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਹਰਭਜਨ ਸਿੰਘ ਬੁੱਟਰ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਕੁਲਵੰਤ ਸਿੰਘ ਮੌਲਵੀਵਾਲਾ, ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ, ਜਮਹੂਰੀ ਕਿਸਾਨ ਸਭਾ ਦੇ ਆਗੂ ਪੂਰਨ ਚੰਦ ਨਨਹੇੜਾ, ਕੁੱਲ ਹਿੰਦ ਕਿਸਾਨ ਸਭਾ ਦੇ ਰੇਸ਼ਮ ਸਿੰਘ ਪਾਤੜਾਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਯਾਦਵਿੰਦਰ ਸਿੰਘ ਨੇ ਕਿਹਾ ਕਿ ਕਾਰਪੋਰੇਟ ਦੇ ਮੁਨਾਫੇ ਦੀ ਧੁੱਸ ਕਾਰਨ ਕੁਦਰਤ ਨਾਲ ਕੀਤੇ ਖਿਲਵਾੜ ਦਾ ਅਸਰ ਅੱਜ ਮੌਸਮੀ ਤਬਦੀਲੀਆਂ ਦੇ ਰੂਪ 'ਚ ਪ੍ਰਤੱਖ ਨਜ਼ਰ ਆ ਰਿਹਾ। ਹੜ੍ਹ ਇੱਕਲੀ ਕੁਦਰਤੀ ਕਰੋਪੀ ਹੀ ਨਹੀਂ, ਬਲਕਿ ਪ੍ਰਬੰਧ ਵੱਲੋਂ ਖੜੀ ਕੀਤੀ ਗਈ ਆਫਤ ਹੈ।

ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਨਿਰਧਾਰਤ ਕਰਦਿਆਂ ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਸਰਕਾਰ ਵੱਲੋਂ ਦਰਿਆਵਾਂ ਦੇ ਬੰਨ੍ਹ, ਨਦੀਆਂ-ਨਾਲਿਆਂ ਦੀ ਸਾਫ਼-ਸਫ਼ਾਈ ਵੱਲ ਬੇਧਿਆਨੀ ਵੀ ਹੜ੍ਹ ਆਉਣ ਦਾ ਇੱਕ ਕਾਰਨ ਹੈ।

ਉਨ੍ਹਾਂ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਕੀਤੇ ਹੁਕਮਾਂ ਨੂੰ ਕਾਗਜ਼ੀ ਐਲਾਨ ਦੱਸਦਿਆ ਕਿਹਾ ਕਿ ਜ਼ਮੀਨੀ ਪੱਧਰ 'ਤੇ ਅਧਿਕਾਰੀਆਂ ਵੱਲੋਂ ਅਣਗਹਿਲੀ ਵਰਤੀ ਜਾ ਰਹੀ ਹੈ। ਚੇਤਾਵਨੀ ਪੱਤਰ 'ਚ ਮੰਗ ਕੀਤੀ ਗਈ ਕਿ ਹੋਏ ਨੁਕਸਾਨ ਦਾ ਮੁਆਵਜ਼ਾ ਵੱਖ-ਵੱਖ ਸਲੈਬਾਂ ਬਣਾ ਕੇ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਧੂਹੜ, ਦਲਜਿੰਦਰ ਸਿੰਘ ਹਰਿਆਊ, ਕਰਮਜੀਤ ਸਿੰਘ ਪਾਤੜਾਂ, ਜਗਜੀਤ ਸਿੰਘ ਦੁਗਾਲ, ਬੀਬੀ ਚਰਨਜੀਤ ਕੌਰ, ਰਾਮ ਚੰਦ ਚੁਨਾਗਰਾ, ਸੁਖਦੇਵ ਸਿੰਘ, ਸਾਹਿਬ ਸਿੰਘ, ਮਲਕੀਤ ਸਿੰਘ ਨਿਆਲ ਤੇ ਅਮਰੀਕ ਸਿੰਘ ਕਲਵਾਨੂੰ ਆਦਿ ਆਗੂ ਹਾਜ਼ਰ ਸਨ।

# ਕਿਸਾਨ ਜਥੇਬੰਦੀਆਂ ਨੇ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੇ ਪ੍ਰਧਾਨ ਬੂਟਾ ਖਾਂ ਸਗੈਣ, ਕੁੱਲ ਹਿੰਦ ਕਿਸਾਨ ਸਭਾ 1936 ਦੇ ਆਗੂ ਕਾਮਰੇਡ ਭਰਪੂਰ ਸਿੰਘ ਬੂਲਾਪੁਰ, ਕਾ. ਸੁਰਿੰਦਰ ਕੁਮਾਰ ਭੈਣੀ ਕਲਾਂ, ਮੁਹੰਮਦ ਖਲੀਲ, ਕਾ. ਰਣਜੀਤ ਸਿੰਘ ਬਿਜੋਕੀ ਕਲਾਂ ਸਰਪੰਚ, ਭਾਰਤੀ ਕਿਸਾਨ ਯੂਨੀਅਨ ਅਜ਼ਾਦ ਦੇ ਆਗੂ ਦਵਿੰਦਰ ਸਿੰਘ ਮਹੋਲੀ, ਚਮਕੌਰ ਸਿੰਘ ਮੁਹਾਲਾ, ਚਰਨ ਸਿੰਘ ਭੱਟੀਆ ਕਲਾਂ ਆਦਿ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਮੌਜੂਦਾ ਐੱਮ ਪੀ ਜਾਂ ਮੌਜੂਦਾ ਵਿਧਾਇਕਾਂ ਦੇ ਦਫ਼ਤਰਾਂ ਅੱਗੇ ਧਰਨੇ ਦੇ ਕੇ ਪੰਜਾਬ 'ਚ ਹੜ੍ਹਾਂ ਕਾਰਨ ਹੋਈ ਵਿਆਪਕ ਤਬਾਹੀ ਦੇ ਮੁਆਵਜ਼ੇ ਅਤੇ ਹੜ੍ਹਾਂ ਦੀ ਰੋਕਥਾਮ ਨਾਲ ਸਬੰਧਤ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਗਿਆ ਹੈ। ਪੰਜਾਬ ਅੰਦਰ ਹੜ੍ਹਾਂ ਨੇ ਭਿਆਨਕ ਤਬਾਹੀ ਕੀਤੀ ਹੈ। ਕਾਰਪੋਰੇਟ ਦੀ ਮੁਨਾਫੇ ਦੀ ਅੰਨੀਂ ਲਾਲਸਾ ਦੇ ਸਿੱਟੇ ਵਜੋਂ ਵਧ ਰਹੀ ਸੰਸਾਰ ਤਪਸ ਤੇ ਪਹਾੜਾਂ ਅਤੇ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਦੇ ਚੱਲਦਿਆਂ ਕੁਦਰਤੀ ਤੌਰ 'ਤੇ ਸੰਸਾਰ 'ਚ ਤਿੱਖੀਆਂ ਮੌਸਮੀ ਤਬਦੀਲੀਆਂ ਵਾਪਰ ਰਹੀਆਂ ਹਨ, ਜਿਸ ਦੇ ਸਿੱਟੇ ਇੱਕ ਪਾਸੇ ਪਹਾੜਾਂ ਤੇ ਮੈਦਾਨਾਂ ਵਿੱਚ ਮੀਂਹ ਵੱਧ ਮਿਕਦਾਰ ਵਿੱਚ ਪੈ ਰਿਹਾ ਹੈ, ਦੂਸਰੇ ਪਾਸੇ ਕੁਝ ਇਲਾਕੇ ਔੜ ਦਾ ਸਾਹਮਣਾ ਵੀ ਕਰ ਰਹੇ ਹਨ। ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਕਲਿਆਣਕਾਰੀ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਮੁਲਾਜ਼ਮਾਂ ਤੇ ਬਜਟ ਵਿੱਚ ਕਟੌਤੀਆਂ ਕਰਕੇ ਵੱਖ ਵੱਖ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੇ ਸਮੱਸਿਆ ਹੋਰ ਗੰਭੀਰ ਕਰ ਦਿੱਤਾ ਹੈ। ਇਸ ਨੀਤੀ ਦੇ ਚੱਲਦਿਆਂ ਸਰਕਾਰੀ ਅਮਲਾ-ਫੈਲਾ ਵੀ ਬੇਰੁਖ਼ੀ ਦੀ ਨੀਤੀ ਧਾਰਨ ਕਰ ਲੈਂਦਾ ਹੈ, ਜਿਸ ਦੇ ਸਿੱਟੇ ਵਜੋਂ ਦਰਿਆਵਾਂ ਦੇ ਬੰਨ੍ਹ ਮਜ਼ਬੂਤ ਕਰਨ, ਨਦੀਆਂ, ਡਰੇਨਾਂ ਤੇ ਨਾਲਿਆਂ ਦੀ ਸਫਾਈ ਆਦਿ ਸਭ ਕੁਝ ਬੇਧਿਆਨੀ ਦਾ ਸ਼ਿਕਾਰ ਹੁੰਦਾ ਹੈ, ਇਸ ਕਾਰਨ ਅਸੀਂ ਮੰਗ ਕਰਦੇ ਹਾਂ ਕਿ ਕਿਸਾਨਾਂ, ਮਜ਼ਦੂਰਾਂ ਨੂੰ ਬਣਦਾ ਯੋਗ ਮੁਆਵਜ਼ਾ ਦਿੱਤਾ ਜਾਵੇ।

ਇਸ ਧਰਨੇ 'ਚ ਨਰਿੰਦਰ ਜੀਤ ਸਿੰਘ, ਦਵਿੰਦਰ ਸਿੰਘ, ਦਲਵਾਰਾ ਸਿੰਘ, ਰਾਜਵੀਰ, ਸਿੰਘ, ਆਤਮਾ ਸਿੰਘ, ਚਰਨਜੀਤ ਸਿੰਘ ਤੇ ਗੁਲਜਾਰ ਖਾਂ ਆਦਿ ਆਗੂਆਂ ਨੇ ਸ਼ਮੂਲੀਅਤ ਕੀਤੀ।

## ਪੰਜਾਬ ਰਿਟਾਇਰਡ ਮਿਊਂਸਪਲ ਵਰਕਰਜ਼ ਯੂਨੀਅਨ ਦੀ ਮੀਟਿੰਗ 26 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਰਿਟਾਇਰਡ ਮਿਊਂਸਪਲ ਵਰਕਰਜ ਯੂਨੀਅਨ ਦੇ ਸੂਬਾ ਚੇਅਰਮੈਨ ਜਨਕ ਰਾਜ ਮਾਨਸਾ ਤੇ ਸੂਬਾ ਪ੍ਰਧਾਨ ਭੋਲਾ ਸਿੰਘ ਬਠਿੰਡਾ ਨੇ ਦੱਸਿਆ ਕਿ 26 ਅਗਸਤ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਨਗਰ ਕੌਂਸਲ ਬਰਨਾਲਾ ਵਿਖੇ ਮਿਊਂਸਪਲ ਮੁਲਾਜ਼ਮਾਂ ਦੀ ਸੂਬਾ ਪੱਧਰੀ ਇਕੱਤਰਤਾ ਹੋਵੇਗੀ, ਜਿਸ ਵਿੱਚ ਰਿਟਾਇਰਡ ਮੁਲਾਜ਼ਮਾਂ ਨੂੰ ਸਮੇਂ ਸਿਰ ਪੈਨਸ਼ਨ ਨਾ ਦੇਣਾ, ਹਰੇਕ ਰਿਟਾਇਰਡ ਮੁਲਾਜ਼ਮ ਨੂੰ ਪੀ ਪੀ ਓ ਜਾਰੀ ਕਰਨਾ, ਨਵੇਂ ਸਕੇਲਾਂ ਅਨੁਸਾਰ ਨਿਯਮਾਂ ਮੁਤਾਬਕ 20 ਲੱਖ ਤੱਕ ਗਰੈਚੁਟੀ ਦੇਣਾ, ਆਊਟਸੋਰਸ ਮੁਲਾਜ਼ਮਾਂ ਨੂੰ ਕਿਸੇ ਵਿਧੀ ਰਾਹੀਂ ਨਿਯੁਕਤ ਕਰਨਾ ਅਤੇ ਬਿਨਾਂ ਕਿਸੇ ਦੋਸ਼ ਦੇ ਨਾ ਹਟਾਉਣਾ ਆਦਿ ਮੰਗਾਂ 'ਤੇ ਵਿਚਾਰ ਚਰਚਾ ਹੋਵੇਗੀ ਅਤੇ ਇਨ੍ਹਾਂ ਮੰਗਾਂ ਦੀ ਪ੍ਰਾਪਤੀ ਲਈ ਅਗਲੀ ਰਣਨੀਤੀ ਤਹਿ ਕੀਤੀ ਜਾਵੇਗੀ। ਆਗੂਆਂ ਨੇ ਮੌਜੂਦਾ ਅਤੇ ਰਿਟਾਇਰਡ ਮਿਊਂਸਪਲ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਹਰੇਕ ਯੂਨੀਅਨ ਦੀ ਤਰਫੋਂ 1-1 ਜਾਂ 2-2 ਆਗੂ ਇਸ ਮੀਟਿੰਗ ਵਿੱਚ ਸ਼ਾਮਲ ਹੋਣ। ਇਸ ਮੌਕੇ ਜਗਦੇਵ ਸਿੰਘ ਸੱਪਲ ਰਾਮਪੁਰਾ, ਸੀਤਾ ਰਾਮ ਗੋਨਿਆਣੇ, ਬਿੱਕਰ ਸਿੰਘ ਸੰਗਤ ਮੰਡੀ, ਸੱਤਪਾਲ ਸਿੰਘ ਮੌੜ ਮੰਡੀ, ਰਣਬੀਰ ਰਾਣਾ ਬਠਿੰਡਾ, ਸੁਰਜਨ ਰਾਮ ਬਠਿੰਡਾ, ਜਰਨੈਲ ਸਿੰਘ ਭੱਟੀ ਤੇ ਜਸਵਿੰਦਰ ਸਿੰਘ ਰਾਮਾ ਮੰਡੀ ਵੀ ਮੌਜੂਦ ਸਨ।

# ਬਾਲ ਭਵਨ ਦੇ ਬੱਚਿਆਂ ਨੇ ਹਲਕਾ ਅਮਲੋਹ ਦਾ ਵਧਾਇਆ ਮਾਣ : ਗੈਰੀ ਬੜਿੰਗ

**ਕਰਾਟੇ ਚੈਂਪੀਅਨਸ਼ਿਪ ਦੇ ਜੇਤੂਆਂ ਦਾ ਵਿਧਾਇਕ ਵੱਲੋਂ ਸਨਮਾਨ**



**ਮੰਡੀ ਗੋਬਿੰਦਗੜ੍ਹ (ਹਰਚਰਨ ਉੱਪਲ, ਲਖਵੀਰ ਸਿੰਘ)**-ਟੀਮ ਏਕ ਨਈ ਉਡਾਨ ਆਰਗੇਨਾਈਜ਼ੇਸ਼ਨ ਬਾਲ ਭਵਨ ਦੇ ਬੱਚਿਆਂ ਨੇ ਮਲੇਸ਼ੀਆ ਵਿਖੇ ਹੋਈ ਇੰਟਰਨੈਸ਼ਨਲ ਚੈਂਪੀਅਨਸ਼ਿਪ ਵਿੱਚ ਸੋਨੇ ਤੇ ਚਾਂਦੀ ਦੇ ਤਮਗੇ ਜਿੱਤੇ, ਜਿਹਨਾਂ ਦਾ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਤੇ ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਵੱਲੋਂ ਸਨਮਾਨ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਫਾਊਂਡਰ ਸੀਮਾ ਕੌਸ਼ਲ ਤੇ ਕੋਚ ਨਵਪ੍ਰੀਤ ਸਿੰਘ ਨੇ ਦੱਸਿਆ ਕਿ ਬਾਲ ਭਵਨ ਫਰੀ ਸਕੂਲ ਵਿੱਚ ਲੰਬੇ ਸਮੇਂ ਤੋਂ ਸਵੈ-ਰੱਖਿਆ ਤੇ ਕਰਾਟੇ ਦੀ ਸਿਖਲਾਈ ਦਿੱਤੀ ਜਾ ਰਹੀ ਹੈ, ਜਿਸ ਵਿੱਚ ਵੱਖ-ਵੱਖ ਉਮਰ ਦੇ ਬੱਚਿਆਂ ਨੇ ਜ਼ੋਨਲ, ਸਟੇਟ ਤੇ ਨੈਸ਼ਨਲ ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਕਈ ਮੈਡਲ ਜਿੱਤੇ। ਨਵਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਬੱਚਿਆਂ ਨੇ ਮਲੇਸ਼ੀਆ ਵਿਖੇ ਇੰਟਰਨੈਸ਼ਨਲ ਚੈਂਪੀਅਨਸ਼ਿਪ ਵਿੱਚ ਭਾਗ ਲਿਆ ਹੈ ਅਤੇ ਕਰਾਟੇ ਚੈਂਪੀਅਨਸ਼ਿਪ ਮੁਕਾਬਲੇ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਕੇ ਸੋਨੇ ਤੇ ਚਾਂਦੀ ਦੇ ਤਮਗੇ ਜਿੱਤ ਕੇ ਮੰਡੀ ਗੋਬਿੰਦਗੜ੍ਹ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਪ੍ਰਧਾਨ ਨੀਤੂ ਸਿੰਘੀ, ਮੋਨਾ ਮਿੱਤਲ, ਟੀਨਾ ਸ਼ਰਮਾ ਆਦਿ ਮੌਜੂਦ ਸਨ।

# ਯੂ ਕੇ ਇੰਟਰਨੈਸ਼ਨਲ 'ਚ ਤੀਆਂ ਤੀਜ ਦੀਆਂ ਮਨਾਈਆਂ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਯੂ.ਕੇ ਇੰਟਰਨੈਸ਼ਨਲ ਸਕੂਲ ਵਿੱਚ ਸਾਉਣ ਦਾ ਪਵਿੱਤਰ ਤਿਉਹਾਰ ਤੀਜ ਦੀਆਂ ਤੀਆਂ ਨੂੰ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਸਾਉਣ ਦੇ ਮਹੀਨੇ ਦਾ ਇਹ ਤਿਉਹਾਰ ਪੰਜਾਬਣਾਂ ਲਈ ਬਹੁਤ ਹੀ ਮਹੱਤਵ ਰੱਖਦਾ ਹੈ ਤੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਹੈ। ਪ੍ਰੋਗਰਾਮ ਵਿੱਚ ਤੀਜੀ ਜਮਾਤ ਤੋਂ ਲੈ ਕੇ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਗਿੱਧਾ, ਭੰਗੜਾ, ਡਾਂਸ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ। ਪੰਜਾਬੀ ਪਹਿਰਾਵੇ ਵਿੱਚ ਸਜੀਆਂ ਹੋਈਆਂ ਵਿਦਿਆਰਥਣਾਂ ਬਹੁਤ ਹੀ ਖੂਬਸੂਰਤ ਲੱਗ ਰਹੀਆਂ ਸਨ। ਇਸ ਮੌਕੇ ਅਧਿਆਪਕ ਸਹਿਬਾਨਾਂ ਵੱਲੋਂ ਵੀ ਗਿੱਧਾ, ਭੰਗੜਾ ਪੇਸ਼ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਮੈਡਮ ਸ਼ਵੇਤਾ ਸ਼ਰਮਾ ਨੇ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਬੱਚਿਆਂ ਦੀ ਤੇ ਅਧਿਆਪਕਾਂ ਦੀ ਸ਼ਲਾਘਾਯੋਗ ਪ੍ਰਸ਼ੰਸਾ ਕੀਤੀ ਅਤੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਕਾਰ ਸਿੰਘ, ਬਲਿਹਾਰ ਸਿੰਘ ਤੇ ਸਮੂਹ ਸਟਾਫ਼ ਮੈਂਬਰ ਸ਼ਾਮਲ ਸਨ।

# ਮਾਲਵਾ ਕਾਲਜ 'ਚ ਰਵਾਇਤੀ ਢੰਗ ਨਾਲ ਤੀਆਂ ਮਨਾਈਆਂ



**ਸਰਦੂਲਗੜ੍ਹ (ਅਵਤਾਰ ਜਟਾਣਾ)**

ਮਾਲਵਾ ਗਰੁੱਪ ਆਫ਼ ਕਾਲਜਿਜ ਸਰਦੂਲੇਵਾਲਾ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਰਵਾਇਤੀ ਢੰਗ ਨਾਲ ਮਨਾਇਆ ਗਿਆ। ਸਮਾਗਮ ਵਿੱਚ ਕਾਲਜ ਦੀਆਂ ਸਾਰੀਆਂ ਵਿਦਿਆਰਥਣਾਂ ਤੇ ਲੇਡੀਜ ਸਟਾਫ ਨੇ ਵਧ ਚੜ੍ਹ ਕੇ ਭਾਗ ਲਿਆ। ਪੰਜਾਬ ਦੇ ਰਵਾਇਤੀ ਸੱਭਿਆਚਾਰਕ ਪਹਿਰਾਵੇ ਵਿੱਚ ਲੜਕੀਆਂ ਨੇ ਗਿੱਧਾ, ਭੰਗੜਾ, ਸਕਿੱਟ, ਪੰਜਾਬੀ ਪਹਿਰਾਵਾ ਪ੍ਰਦਰਸ਼ਨ ਵਰਗੀਆਂ ਆਈਟਮਾਂ ਵਿੱਚ ਪੇਸ਼ਕਾਰੀ ਕਰਦਿਆਂ ਹੋਇਆਂ ਹਿੱਸਾ ਲਿਆ। ਲੜਕੀਆਂ ਨੂੰ ਪੰਜਾਬੀ ਸੱਭਿਆਚਾਰ ਬਾਰੇ ਚੇਤੰਨ ਕਰਨ ਦੀ ਮਨਸ਼ਾ ਨਾਲ ਪੰਜਾਬੀ ਸੱਭਿਆਚਾਰ ਬਾਰੇ ਪ੍ਰਸ਼ਨ ਵੀ ਪੁੱਛੇ ਗਏ। ਇਨ੍ਹਾਂ ਪ੍ਰਸ਼ਨਾਂ ਤੇ ਪੇਸ਼ਕਾਰੀ ਦੇ ਅਧਾਰ 'ਤੇ ਵਿਦਿਆਰਥਣਾਂ ਦੀ ਚੋਣ ਕੀਤੀ ਗਈ। ਚਰਨਜੀਤ ਕੌਰ ਚੰਨੀ ਬੀ.ਐਡ ਨੂੰ ਮਿਸ ਪੰਜਾਬਣ, ਪੁਨੀਤ ਕੌਰ ਸੰਧੂ ਗਿਆਰ੍ਹਵੀਂ ਜਮਾਤ ਨੂੰ ਮਿਸ ਤੀਜ ਤੇ ਸੁਨੱਖੀ ਮੁਟਿਆਰ ਵਜੋਂ ਰੁਪਿੰਦਰ ਕੌਰ ਬੀ.ਏ ਫਾਈਨਲ ਨੂੰ ਚੁਣਿਆ ਗਿਆ। ਸੁਖਜੀਤ ਕੌਰ ਤੇ ਸੈਲਪ੍ਰੀਤ ਕੌਰ ਜੀ ਐਨ ਐਮ ਦੀ ਬੈਸਟ ਪ੍ਰਫਾਰਮੈਂਸ ਰਹੀ। ਜੱਜਮੈਂਟ ਦੀ ਭੂਮਿਕਾ ਮੈਡਮ ਰਾਜ ਸੋਢੀ, ਰਕਸ਼ਾ ਰਾਣੀ ਤੇ ਅਮਨਦੀਪ ਕੌਰ ਨੇ ਨਿਭਾਈ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਨੇ ਪ੍ਰੋਗਰਾਮ ਦੀ ਸਫ਼ਲਤਾ ਲਈ ਲੜਕੀਆਂ ਅਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਸੰਸਥਾ ਵਿਦਿਆਰਥਣਾਂ ਦੀ ਸ਼ਖ਼ਸੀਅਤ ਦੇ ਬਹੁਪੱਖੀ ਵਿਕਾਸ ਵਾਸਤੇ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੱਖ-ਵੱਖ ਮੌਕਿਆਂ 'ਤੇ ਅਜਿਹੇ ਹੋਰ ਸਮਾਗਮ ਵੀ ਕਰਾਏ ਜਾਣਗੇ। ਸਮਾਗਮ ਵਿੱਚ ਸਟੇਜ ਸੰਚਾਲਨ ਦੀ ਭੂਮਿਕਾ ਰਮਨਦੀਪ ਕੌਰ ਤੇ ਰਚਨਾ ਬੀ ਏ ਭਾਗ ਤੀਜਾ ਨੇ ਬਾਖੂਬੀ ਨਿਭਾਈ। ਇਸ ਮੌਕੇ ਕਾਲਜ ਸਟਾਫ਼ ਵੱਲੋਂ ਮੈਡਮ ਜਸਪਾਲ ਕੌਰ, ਰਕਸ਼ਾ ਰਾਣੀ, ਸਿੰਬਲਪਾਲ ਕੌਰ, ਮਨਦੀਪ ਕੌਰ, ਰੇਖਾ ਰਾਣੀ, ਆਇਸ਼ਾ, ਅਮਨਦੀਪ ਕੌਰ ਹਾਜ਼ਰ ਸਨ।

# ਸੰਤ ਲੌਂਗੋਵਾਲ ਦੀ ਬਰਸੀ ਮਨਾਉਣ ਲਈ ਜੱਥਾ ਰਵਾਨਾ



**ਚੀਮਾ ਮੰਡੀ (ਰਵਿੰਦਰ ਚੀਮਾ)**

ਪਿੰਡ ਤੋਲਾਵਾਲ ਤੋਂ ਸਾਬਕਾ ਸਰਪੰਚ ਨਿਰਮਲ ਸਿੰਘ ਦੀ ਅਗਵਾਈ ਵਿੱਚ ਅਕਾਲੀ ਦਲ ਸੰਯੁਕਤ ਦਾ ਜਥਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸ਼ਹੀਦੀ ਦਿਹਾੜਾ ਮਨਾਉਣ ਲਈ ਰਵਾਨਾ ਹੋਇਆ। ਜੁਗਰਾਜ ਸਿੰਘ ਨੇ ਕਿਹਾ ਕਿ ਹਰ ਸਾਲ ਸੰਤਾਂ ਦੀ ਬਰਸੀ ਮਨਾਈ ਜਾਂਦੀ ਹੈ, ਸੋ ਇਸ ਸਾਲ ਵੀ ਬਰਸੀ ਮਨਾਈ ਜਾ ਰਹੀ ਹੈ। ਸੁਖਦੇਵ ਸਿੰਘ ਢੀਂਡਸਾ ਤੇ ਪਰਮਿੰਦਰ ਸਿੰਘ ਢੀਂਡਸਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚੱਲਦਿਆਂ ਤੋਲਾਵਾਲ ਤੋਂ ਪੂਰਾ ਜੱਥਾ ਬਰਸੀ ਮਨਾਉਣ ਲਈ ਜਾ ਰਿਹਾ ਹੈ। ਉਨ੍ਹਾਂ ਕਿਹਾ ਕਦੇ ਵੀ ਆਪਣੇ ਸ਼ਹੀਦਾਂ ਦੀ ਕੁਰਬਾਨੀ ਨਹੀਂ ਭੁੱਲਣੀ ਚਾਹੀਦੀ। ਇਸ ਮੌਕੇ ਰਣਧੀਰ ਸਿੰਘ ਗਰੇਵਾਲ, ਮਿਸ਼ਰਾ ਸਿੰਘ ਨੰਬਰਦਾਰ, ਭੋਲਾ ਸਿੰਘ ਸਾਬਕਾ ਸਰਪੰਚ, ਬਘੇਰਾ ਸਿੰਘ, ਪਿਆਰਾ ਸਿੰਘ, ਪਾਲੀ ਸਿੰਘ, ਹਰਮੇਸ਼ ਸਿੰਘ ਮੇਸ਼ੀ, ਲਾਲਾ ਸਿੰਘ ਬੀਰੀ ਸਿੰਘ ਤੇ ਹੋਰ ਅਨੇਕਾਂ ਵਰਕਰ ਹਾਜ਼ਰ ਸਨ।

# ਸਨਮਤੀ ਵਿਮਲ ਜੈਨ ਸਕੂਲ 'ਚ ਵਿਦਿਆਰਥੀ ਇਨਵੈਸਚਰ ਸੈਮੀਨਾਰ ਕਰਾਇਆ



**ਜਗਰਾਉਂ (ਅਮਿਤ ਖੰਨਾ)**

ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਅਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਦੀ ਹਾਜ਼ਰੀ ਵਿੱਚ ਵਿਦਿਆਰਥੀ ਇਨਵੈਸਚਰ ਸੈਮੀਨਾਰ ਕਰਾਇਆ ਗਿਆ। ਸੈਮੀਨਾਰ ਦੌਰਾਨ 28 ਬੱਚਿਆਂ ਲਈ ਕੌਂਸਲਾਂ ਬਣਾਈਆਂ ਗਈਆਂ ਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਕੁਸ਼ਲਤਾ ਅਨੁਸਾਰ ਬੈਂਚ ਦਿੱਤੇ ਗਏ। ਇਸ ਵਿੱਚ ਹੈੱਡ ਬੁਆਏ ਮੁਹੰਮਦ ਉਮਰ ਤੇ ਹੈੱਡ ਗਰਲ ਮੁਸਕਾਨ, ਅਸਿਸਟੈਂਟ ਹੈੱਡ ਬੁਆਏ ਜਸਮੀਤ ਸਿੰਘ ਅਤੇ ਅਸਿਸਟੈਂਟ ਹੈੱਡ ਗਰਲ ਕਨਿਸ਼ਕ ਚੁਣੇ ਗਏ। ਇਸ ਤੋਂ ਇਲਾਵਾ ਚਾਰੇ ਸਦਨਾਂ ਦੇ ਕਪਤਾਨ, ਉਪ ਕਪਤਾਨ ਤੇ ਪ੍ਰਧਾਨ ਚੁਣੇ ਗਏ। ਇਸ ਵਿੱਚ ਗਲੈਕਸੀ ਹਾਊਸ ਦੇ ਕਪਤਾਨ ਚੇਤਨ ਤੇ ਅੰਜਲੀ, ਰੇਨਬੋ ਹਾਊਸ ਦੇ ਕਪਤਾਨ ਗੌਤਮ ਤੇ ਸਿਮਰਨਜੋਤ ਕੌਰ, ਸਾਈਨਿੰਗ ਸਟਾਰ ਹਾਊਸ ਦੇ ਕਪਤਾਨ ਕਮਲ ਮਹਿਤੋ ਅਤੇ ਸੁਖਮਨੀ ਤੇ ਵੀਨਸ ਹਾਊਸ ਦੇ ਕਪਤਾਨ ਅਰਸਪ੍ਰੀਤ ਸਿੰਘ ਤੇ ਮਮਤਾ ਨੂੰ ਚੁਣਿਆ ਗਿਆ। ਡਾਇਰੈਕਟਰ ਮੈਡਮ ਸ਼ਸ਼ੀ ਜੈਨ ਵੱਲੋਂ ਚੁਣੇ ਗਏ ਸਾਰੇ ਕਪਤਾਨਾਂ ਨੂੰ ਸਹੁੰ ਚੁਕਾਈ ਗਈ। ਇਸ ਮੌਕੇ ਗਲੈਕਸੀ ਹਾਊਸ ਦੀ ਇੰਚਾਰਜ ਅਧਿਆਪਕਾ ਰੇਨੂੰ ਮੰਗਲਾਨੀ, ਰੇਨਬੋ ਹਾਊਸ ਦੀ ਇੰਚਾਰਜ ਨਵਜੀਤ ਸਰਮਾ, ਸਾਈਨਿੰਗ ਸਟਾਰ ਦੀ ਇੰਚਾਰਜ ਅਨੀਤਾ ਸਰਮਾ, ਵੀਨਸ ਹਾਊਸ ਦੀ ਇੰਚਾਰਜ ਸਰਬਜੀਤ ਕੌਰ ਅਤੇ ਅਨੁਸਾਸਨ ਦੇ ਇੰਚਾਰਜ ਨਵਦੀਪ ਬਾਬਾ ਨੇ ਆਪਣੇ-ਆਪਣੇ ਅਹੁਦਿਆਂ ਦਾ ਅਹੁਦਾ ਸੰਭਾਲ ਲਿਆ।

# ਕਿੰਡਰ ਗਾਰਟਨ ਦੇ ਵਿਦਿਆਰਥੀਆਂ ਜ਼ੋਨਲ ਖੇਡਾਂ 'ਚ ਮਾਰੀਆਂ ਮੱਲਾਂ



**ਸਮਰਾਲਾ (ਸੁਰਜੀਤ ਸਿੰਘ)**-ਸਾਲ 2023-24 ਜ਼ੋਨਲ ਖੇਡ ਮੁਕਾਬਲਿਆਂ ਵਿੱਚ ਕਿੰਡਰ ਗਾਰਟਨ ਐਂਡ ਸੀ. ਸੈਂ. ਸਕੂਲ ਦੀ ਹੈਂਡਬਾਲ ਟੀਮ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਅੰਡਰ-17 ਲੜਕੀਆਂ ਨੇ ਸੈਂਟੀਨਲ ਸਕੂਲ ਨੂੰ 5-3 ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ, ਅੰਡਰ-19 ਹੈਂਡਬਾਲ ਲੜਕੀਆਂ ਨੇ ਸੈਂਟੀਨਲ ਸਕੂਲ ਸਮਰਾਲਾ ਨੂੰ 8-1 ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ, ਅੰਡਰ-14 ਹੈਂਡਬਾਲ ਲੜਕੀਆਂ ਨੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਮੂਹ ਸਟਾਫ ਨੇ ਬੱਚਿਆਂ ਅਤੇ ਡੀ. ਪੀ. ਮੈਡਮ ਹਰਪ੍ਰੀਤ ਕੌਰ, ਸੁਖਦੀਪ ਕੌਰ, ਸੁਖਚੈਨ ਸਿੰਘ ਨੂੰ ਵਧਾਈਆਂ ਦਿੱਤੀਆਂ ਤੇ ਬੱਚਿਆਂ ਨੂੰ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।

# ਸਥਾਪਨਾ ਦਿਵਸ ਖੁਸ਼ੀਆਂ ਤੇ ਚਾਵਾਂ ਨਾਲ ਮਨਾਇਆ ਜਾਵੇਗਾ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਮੁਕਤਸਰ ਵਿਕਾਸ ਮਿਸ਼ਨ ਨੇ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਸ਼ੰਸਾਯੋਗ ਨਾਮਣਾ ਖੱਟਿਆ ਹੈ। ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸ਼ਾਸਨ ਪ੍ਰਸ਼ਾਸਨ ਕੋਲ ਪੁਚਾ ਕੇ ਉਨ੍ਹਾਂ ਦਾ ਢੁੱਕਵਾਂ ਹੱਲ ਕਰਾਇਆ ਹੈ। ਸ਼ਹਿਰ ਤੇ ਇਲਾਕੇ ਨਾਲ ਸਬੰਧਤ ਆਪਣੇ ਆਪਣੇ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀ, ਅਧਿਆਪਕਾਂ, ਲੋਕ ਗਾਇਕਾ ਤੇ ਹੋਰ ਪ੍ਰਤਿਭਾਸ਼ਾਲੀ ਵਿਅਕਤੀਆਂ ਦਾ ਸਮੇਂ-ਸਮੇਂ 'ਤੇ ਮਾਣ-ਤਾਣ ਕੀਤਾ ਹੈ। ਵਧੀਆ ਕਾਰਜਸ਼ੈਲੀ ਵਾਲੇ ਅਧਿਕਾਰੀਆਂ ਦਾ ਵੀ ਸਨਮਾਨ ਕੀਤਾ ਹੈ। ਮਿਸ਼ਨ ਵੱਲੋਂ ਆਪਣੇ 10ਵਾਂ ਸਥਾਪਨਾ ਦਿਵਸ ਆਉਂਦੀ 17 ਸਤੰਬਰ ਨੂੰ ਦੁਪਹਿਰ 3:00 ਤੋਂ 5:00 ਵਜੇ ਤੱਕ ਮਨਾਇਆ ਜਾਵੇਗਾ। ਇਸ ਸਬੰਧੀ ਪਰਵਾਰਕ ਮਿਲਣੀ ਸਮਾਰੋਹ ਆਯੋਜਤ ਕੀਤਾ ਜਾਵੇਗਾ।

ਇਹ ਫ਼ੈਸਲਾ ਸਿਟੀ ਹੋਟਲ ਵਿਖੇ ਮਿਸ਼ਨ ਦੀ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ ਗਿਆ। ਮਿਸ਼ਨ ਮੁਖੀ ਢੋਸੀਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸੰਸਥਾ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ ਤੇ ਸੀਨੀਅਰ ਮੀਤ ਪ੍ਰਧਾਨ (ਫਸਟ) ਨਿਰੰਜਣ ਸਿੰਘ ਰੱਖਰਾ ਸਮੇਤ ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਜਗਦੀਸ਼ ਚੰਦਰ ਧਵਾਲ, ਅਰਸ਼ ਬੱਤਰਾ, ਸਾਹਿਲ ਕੁਮਾਰ ਹੈਪੀ, ਅਮਰ ਨਾਥ, ਚੌ. ਬਲਬੀਰ ਸਿੰਘ ਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਮੀਟਿੰਗ ਵਿੱਚ ਕੀਤੇ ਫ਼ੈਸਲੇ ਅਨੁਸਾਰ ਸਥਾਪਨਾ ਦਿਵਸ ਮੌਕੇ ਕੇਵਲ ਟੀਮ ਮਿਸ਼ਨ ਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਹੀ ਸ਼ਾਮਲ ਹੋਣਗੇ। ਕਿਸੇ ਵੀ ਬਾਹਰੀ ਵਿਅਕਤੀ ਨੂੰ ਸੱਦਾ ਪੱਤਰ ਨਹੀਂ ਦਿੱਤਾ ਜਾਵੇਗਾ। ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਉਕਤ ਸਮਾਰੋਹ ਦੌਰਾਨ ਮਿਸ਼ਨ ਪਰਵਾਰ ਦੇ ਛੋਟੇ ਬੱਚਿਆਂ ਵੱਲੋਂ ਫੈਂਸੀ ਡਰੈੱਸ, ਡਾਂਸ ਤੇ ਕੁਇਜ਼ ਪ੍ਰੋਗਰਾਮ ਆਯੋਜਤ ਕੀਤਾ ਜਾਵੇਗਾ। ਹਲਕਾ-ਫੁਲਕਾ ਮਨੋਰੰਜਨ ਵੀ ਕੀਤਾ ਜਾਵੇਗਾ। ਢੋਸੀਵਾਲ ਨੇ ਅੱਗੇ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਉਕਤ ਸਮਾਰੋਹ ਨੂੰ ਪੂਰੀ ਤਰ੍ਹਾਂ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਨਿਰੰਜਣ ਸਿੰਘ ਰੱਖਰਾ ਤੇ ਸਾਹਿਲ ਕੁਮਾਰ ਹੈਪੀ 'ਤੇ ਆਧਾਰਤ ਦੋ ਮੈਂਬਰੀ ਪ੍ਰੋਜੈਕਟ ਕਮੇਟੀ ਬਣਾ ਦਿੱਤੀ ਗਈ ਹੈ। ਸਮਾਰੋਹ ਦੌਰਾਨ ਸਟੇਜ ਸੰਚਾਲਨ ਸਾਹਿਲ ਕੁਮਾਰ ਹੈਪੀ ਕਰਨਗੇ।

# ਮੀਡੀਆ ਕਲੱਬ ਦੀ ਮੀਟਿੰਗ 'ਚ ਪੱਤਰਕਾਰਾਂ ਦੀਆਂ ਸਮੱਸਿਆਵਾਂ 'ਤੇ ਚਰਚਾ

**23 ਨੂੰ ਲਗਾਏ ਜਾ ਰਹੇ ਖੂਨਦਾਨ ਕੈਂਪ 'ਚ ਇਲਾਕਾ ਵਾਸੀ ਵੱਧ ਤੋਂ ਵੱਧ ਸਹਿਯੋਗ ਦੇਣ : ਬਖਸ਼ੀ**



ਮੀਟਿੰਗ ਉਪਰੰਤ ਤਸਵੀਰ ਖਿਚਵਾਉਂਦੇ ਕਲੱਬ ਦੇ ਮੈਂਬਰ ਤੇ ਅਹੁਦੇਦਾਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੀਡੀਆ ਕਲੱਬ ਫ਼ਤਹਿਗੜ੍ਹ ਸਾਹਿਬ ਦੀ ਇੱਕ ਮੀਟਿੰਗ ਇੱਥੋਂ ਦੇ ਹੋਟਲ ਪਾਮ ਰੀਜੈਂਸੀ ਵਿਖੇ ਕਲੱਬ ਦੇ ਪ੍ਰਧਾਨ ਪਰਮਿੰਦਰ ਸਿੰਘ ਬਖਸ਼ੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਵੱਲੋਂ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ 'ਤੇ ਵਿਚਾਰ-ਚਰਚਾ ਕੀਤੀ ਗਈ। ਇਸ ਮੀਟਿੰਗ 'ਚ ਸ਼ਾਮਲ ਹੋਏ ਕਲੱਬ ਦੀ ਕਾਨੂੰਨੀ ਸਲਾਹਕਾਰ ਕਮੇਟੀ ਦੇ ਮੈਂਬਰ ਐਡਵੋਕੇਟ ਹਰਸ਼ਪ੍ਰੀਤ ਕੌਰ ਤੇ ਐਡਵੋਕੇਟ ਭਾਰਤ ਭੂਸ਼ਣ ਵਰਮਾ ਵੱਲੋਂ ਮੀਡੀਆ ਕਲੱਬ ਦੇ ਮੈਂਬਰਾਂ ਨੂੰ ਇਸੇ ਤਰ੍ਹਾਂ ਨਿੱਠ ਕੇ ਪੱਤਰਕਾਰੀ ਕਰਨ ਲਈ ਉਤਸ਼ਾਹਤ ਕਰਦਿਆਂ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿਵਾਇਆ ਗਿਆ। ਕਲੱਬ ਦੇ ਪ੍ਰਧਾਨ ਪਰਮਿੰਦਰ ਸਿੰਘ ਬਖਸ਼ੀ ਵੱਲੋਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਆਉਂਦੀ 23 ਅਗਸਤ ਨੂੰ ਕਲੱਬ ਦੇ ਸਹਿਯੋਗ ਨਾਲ ਬਸੀ ਪਠਾਣਾਂ ਵਿਖੇ ਲਗਾਏ ਜਾ ਰਹੇ ਖ਼ੂਨਦਾਨ ਕੈਂਪ 'ਚ ਵੱਧ ਤੋਂ ਵੱਧ ਯੂਨਿਟ ਖ਼ੂਨ ਦਾਨ ਕੀਤਾ ਜਾਵੇ ਤਾਂ ਜੋ ਖ਼ੂਨ ਦੀ ਕਮੀ ਨਾਲ ਜੂਝ ਰਹੇ ਹਸਪਤਾਲਾਂ 'ਚ ਇਲਾਜ ਕਰਵਾ ਰਹੇ ਮਰੀਜ਼ਾਂ ਦੀ ਮਦਦ ਹੋ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੋਦ ਭਾਰਦਵਾਜ, ਗੁਰਪ੍ਰੀਤ ਸਿੰਘ ਮਹਿਕ, ਬਲਜਿੰਦਰ ਸਿੰਘ, ਅਜੈ ਮਲਹੋਤਰਾ, ਰਵਿੰਦਰ ਸਿੰਘ ਢੀਂਡਸਾ, ਅਮਰਬੀਰ ਸਿੰਘ ਚੀਮਾ, ਕਰਨ ਸ਼ਰਮਾ, ਜਗਦੇਵ ਸਿੰਘ, ਸੁਰੇਸ਼ ਕਾਮਰਾ, ਰੂਪ ਨਰੇਸ਼ ਤੇ ਰਵਿੰਦਰ ਕੌਰ ਮੌਜੂਦ ਸਨ।

21-August-PAGE-8.qxd 8/20/2023 10:02 PM Page 1



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸੂਬਾਈ ਕਨਵੈਨਸ਼ਨ 'ਚ ਤਿੱਖੇ ਸੰਘਰਸ਼ਾਂ ਦਾ ਐਲਾਨ





**ਜਲੰਧਰ, (ਰਾਜੇਸ਼ ਥਾਪਾ)** ਪੰਜਾਬ ਅੰਦਰ ਕੰਮ ਕਰਦੇ ਮਾਣ-ਭੱਤਾ ਵਰਕਰਾਂ, ਪੈਨਸ਼ਨਰਾਂ, ਕੱਚੇ ਮੁਲਾਜ਼ਮਾਂ ਅਤੇ ਰੈਗੂਲਰ ਮੁਲਾਜ਼ਮਾਂ ਦੀਆਂ ਮੰਗਾਂ ਸੰਬੰਧੀ ਸਰਕਾਰ ਵੱਲੋਂ ਲਗਾਤਾਰ ਕੀਤੀ ਜਾ ਰਹੀ ਟਾਲਮਟੋਲ ਦੇ ਖਿਲਾਫ 'ਪੰਜਾਬ ਮੁਲਾਜਮ ਤੇ ਪੈਨਸ਼ਨਰਜ ਸਾਂਝਾ ਫਰੰਟ' ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਗਈ ਸੂਬਾਈ ਕਨਵੈਨਸ਼ਨ 'ਚ ਪੰਜਾਬ ਦੇ ਕੋਨੇ ਕੋਨੇ 'ਚੋਂ ਮੁਲਾਜਮ, ਪੈਨਸ਼ਨਰ, ਕੱਚੇ ਵਰਕਰ ਅਤੇ ਮਾਣ ਭੱਤਾ ਵਰਕਰਾਂ ਨੇ ਵਹੀਰਾਂ ਘੱਤ ਕੇ ਸ਼ਮੂਲੀਅਤ ਕੀਤੀ।

ਅਗਲੇ ਸੰਘਰਸ਼ਾਂ ਸੰਬੰਧੀ ਮਤਾ ਸਾਂਝੇ ਫਰੰਟ ਦੇ ਸੂਬਾ ਕਨਵੀਨਰ ਭਜਨ ਸਿੰਘ ਗਿੱਲ ਵੱਲੋਂ ਪੇਸ਼ ਕੀਤਾ ਗਿਆ, ਜਿਸ ਉੱਪਰ ਚਰਚਾ ਕਰਦਿਆਂ ਸਾਂਝੇ ਫਰੰਟ ਦੇ ਸੂਬਾਈ ਆਗੂਆਂ ਰਣਜੀਤ ਸਿੰਘ ਰਾਣਵਾਂ, ਕਰਮ ਸਿੰਘ ਧਨੋਆ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਐਨ.ਕੇ.ਕਲਸੀ, ਬਾਜ ਸਿੰਘ ਖਹਿਰਾ, ਗਗਨਦੀਪ ਸਿੰਘ ਭੁੱਲਰ, ਸ਼ਵਿੰਦਰਪਾਲ ਸਿੰਘ ਮੋਲੋਵਾਲੀ, ਸੁਖਦੇਵ ਸਿੰਘ ਸੈਣੀ, ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਜਸਵੀਰ ਤਲਵਾੜਾ, ਰਾਧੇ ਸ਼ਿਆਮ, ਗੁਰਮੇਲ ਸਿੰਘ ਮੈਲਡੇ ਅਤੇ ਬੋਬਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ ਪੰਜਾਬ ਸਰਕਾਰ ਦਾ ਵਤੀਰਾ ਬਿਲਕੁੱਲ ਵੀ ਗੰਭੀਰ ਨਹੀਂ ਹੈ।

ਕਨਵੈਨਸਨ 'ਚ ਮਹਿਸੂਸ ਕੀਤਾ ਗਿਆ ਕਿ ਸਰਕਾਰ ਵਿਰੁੱਧ ਸਾਂਝੇ ਫਰੰਟ ਵੱਲੋਂ ਤਿੱਖਾ ਸੰਘਰਸ਼ ਲੜਨ ਦੀ ਲੋੜ ਹੈ, ਜਿਸ ਤਹਿਤ 10 ਸਤੰਬਰ ਤੋਂ 24 ਸਤੰਬਰ ਤੱਕ ਪੰਜਾਬ ਦੇ ਚਾਰ ਮੰਤਰੀਆਂ ਦੇ ਘਰਾਂ ਦੇ ਬਾਹਰ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਸੰਬੰਧੀ 10 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ.,17 ਸਤੰਬਰ ਨੂੰ ਸੰਗਰੂਰ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, 24 ਸਤੰਬਰ ਨੂੰ ਜਲੰਧਰ ਵਿਖੇ ਕੈਬਨਿਟ ਮੰਤਰੀ ਬਲਕਾਰ ਸਿੰਘ ਅਤੇ 24 ਸਤੰਬਰ ਨੂੰ ਹੀ ਮਲੋਟ ਵਿਖੇ ਕੈਬਨਿਟ ਮੰਤਰੀ ਬਲਜੀਤ ਕੌਰ ਦੇ ਘਰਾਂ ਦੇ ਘਿਰਾਓ ਕੀਤੇ ਜਾਣਗੇ। ਕਨਵੈਨਸਨ ਵਿੱਚ ਸਾਂਝੇ ਫਰੰਟ ਵੱਲੋਂ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਹਜਾਰਾਂ ਦੀ ਗਿਣਤੀ ਵਿੱਚ ਮੁਲਾਜਮਾਂ ਅਤੇ ਪੈਨਸਨਰਾਂ ਦੀ ਸੂਬਾਈ ਰੈਲੀ ਕਰਨ ਦੇ ਐਲਾਨ ਵੀ ਕੀਤਾ ਗਿਆ। ਕਨਵੈਨਸ਼ਨ 'ਚ ਤੀਰਥ ਸਿੰਘ ਬਾਸੀ, ਹਰਿੰਦਰ ਦੁਸਾਂਝ, ਸੁਰਿੰਦਰ ਰਾਮ ਕੁੱਸਾ, ਸੁਰਿੰਦਰ ਪੁਆਰੀ, ਕੁਲਵਰਨ ਸਿੰਘ, ਧਨਵੰਤ ਸਿੰਘ ਭੱਠਲ, ਬੀ.ਐਸ.ਸੈਣੀ, ਨਰਿੰਦਰ ਬੱਲ, ਰਣਵੀਰ ਸਿੰਘ ਉੱਪਲ, ਐਨ.ਡੀ. ਤਿਵਾੜੀ, ਗੁਰਮੁਖ ਸਿੰਘ ਬਾਬਾ, ਕਰਮ ਚੰਦ ਭਾਰਦਵਾਜ, ਜਗਤਾਰ ਸਿੰਘ ਭੁਗਰਨੀ, ਗੁਰਜੀਤ ਸਿੰਘ ਮੱਲ੍ਹੀ, ਮਨਦੀਪ ਕੌਰ ਬਿਲਗਾ, ਗੁਰਦੀਪ ਸਿੰਘ ਬਾਜਵਾ, ਮਦਨ ਗੋਪਾਲ, ਹਰਜੀਤ ਸਿੰਘ ਫਤਹਿਗੜ੍ਹ, ਅਮਰੀਕ ਸਿੰਘ ਕੰਗ, ਜਸਵਿੰਦਰ ਸਿੰਘ ਉੱਗੀ, ਨਵਪ੍ਰੀਤ ਬੱਲੀ, ਸੁਖਵਿੰਦਰ ਸਿੰਘ ਚਾਹਲ, ਸ਼ਿਵ ਕੁਮਾਰ ਤਿਵਾੜੀ, ਪਰਵਿੰਦਰ ਸਿੰਘ ਅਤੇ ਜਰਨੈਲ ਸਿੰਘ ਸਿੱਧੂ ਆਦਿ ਨੇ ਵੀ ਸੰਬੋਧਨ ਕੀਤਾ।

## ਨੈਨੋ ਯੂਰੀਆ ਆਧੁਨਿਕ ਖੇਤੀ ਦਾ ਭਵਿੱਖ : ਡਾ. ਬਨਵਾਰੀ ਲਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ )** ਹਰਿਆਣਾ ਦੇ ਸਹਿਕਾਰਤਾ ਅਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਡਾ. ਬਨਵਾਰੀ ਲਾਲ ਨੇ ਕਿਹਾ ਕਿ ਨੈਨੋ ਯੂਰੀਆ ਆਧੁਨਿਕ ਖੇਤੀ ਦਾ ਭਵਿੱਖ ਹੈ। ਹਰਿਆਣਾ ਸਰਕਾਰ ਵੀ ਕਿਸਾਨਾਂ ਦੀ ਆਮਦਨ ਵਧਾਉਣ ਦੇ ਪ੍ਰਧਾਨ ਮੰਤਰੀ ਦੇ ਵਾਅਦੇ ਲਈ ਲਗਾਤਾਰ ਯਤਨ ਕਰ ਰਹੀ ਹੈ। ਜਨ ਸਿਹਤ ਇੰਜੀਨੀਅਰਿੰਗ ਮੰਤਰੀ ਡਾ. ਬਨਵਾਰੀ ਲਾਲ ਰੇਵਾੜੀ 'ਚ ਇਫਕੋ ਵੱਲੋਂ 'ਫਸਲ ਉਤਪਾਦਨ 'ਚ ਨੈਨੋ ਖਾਦਾਂ ਦੀ ਮਹੱਤਤਾ' ਵਿਸ਼ੇ 'ਤੇ ਆਯੋਜਿਤ ਸੈਮੀਨਾਰ 'ਚ ਬੋਲ ਰਹੇ ਸਨ। ਡਾ. ਬਨਵਾਰੀ ਲਾਲ ਨੇ ਕਿਹਾ ਕਿ ਸਰਕਾਰ ਤਰਲ ਨੈਨੋ ਖਾਦਾਂ ਨਾਲ ਜ਼ਮੀਨ ਦੀ ਸੰਭਾਲ ਅਤੇ ਹੋਰ ਆਰਥਿਕ ਅਤੇ ਸਿਹਤ ਸੰਬੰਧੀ ਫਾਇਦਿਆਂ ਲਈ ਵੀ ਕੰਮ ਕਰ ਰਹੀ ਹੈ। ਕਿਸਾਨਾਂ ਦੇ ਆਰਥਿਕ ਪੱਧਰ ਨੂੰ ਉੱਚਾ ਚੁੱਕਣ ਲਈ ਸਰਕਾਰ ਵੱਲੋਂ ਯੂਰੀਆ 'ਤੇ 2700 ਰੁਪਏ ਪ੍ਰਤੀ ਥੈਲਾ ਸਬਸਿਡੀ ਦਿੱਤੀ ਜਾਂਦੀ ਹੈ, ਪਰ ਇਹ ਪੂਰੀ ਤਰ੍ਹਾਂ ਸਹਾਈ ਨਹੀਂ ਹੈ ਅਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਅੱਗੇ ਵਧਣ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਮੌਕੇ ਇਫਕੋ ਦੇ ਡਾਇਰੈਕਟਰ ਵਿਜੇਸ਼ੰਕਰ ਰਵੀ, ਇਫਕੋ ਹਰਿਆਣਾ ਦੇ ਡਾਇਰੈਕਟਰ ਯੋਗੇਂਦਰ ਕੁਮਾਰ, ਇਫਕੋ ਹਰਿਆਣਾ ਦੇ ਮੈਨੇਜਰ ਸ਼ਮਸ਼ੇਰ ਸਿੰਘ, ਇਫਕੋ ਰੇਵਾੜੀ ਖੇਤਰੀ ਪ੍ਰਤੀਨਿਧੀ ਅਸ਼ੀਸ਼ ਪੰਵਾਰ, ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸੀਨੀਅਰ ਕੋਆਰਡੀਨੇਟਰ ਡਾ.ਕਪੂਰ ਸਿੰਘ, ਸਹਿਕਾਰੀ ਬੈਂਕ ਮੈਨੇਜਰ ਸੁਰੇਸ਼ਪਾਲ ਸਿੰਘ ਅਤੇ ਹੋਰ ਮੰਨੇ-ਪ੍ਰਮੰਨੇ ਵਿਅਕਤੀ ਹਾਜਰ ਸਨ।

## ਖਿਡਾਰੀਆਂ ਨੇ ਸੋਨ ਤਗਮਾ ਜਿੱਤ ਕੇ ਹਰਿਆਣਾ ਦਾ ਨਾਂਅ ਚਮਕਾਇਆ : ਅਨਿਲ ਵਿਜ

**ਪੰਚਕੂਲਾ (ਕ੍ਰਿਸ਼ਨ ਗਰਗ )** ਹਰਿਆਣਾ ਦੇ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿਜ ਨੇ ਅੰਡਰ-20 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤਣ 'ਤੇ ਹਰਿਆਣਾ ਦੇ ਤਿੰਨ ਖਿਡਾਰੀਆਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਤਿੰਨ ਖਿਡਾਰੀਆਂ ਨੇ ਅੰਡਰ-20 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤ ਕੇ ਇੱਕ ਵਾਰ ਫਿਰ ਦੇਸ਼ ਭਰ 'ਚ ਹਰਿਆਣਾ ਦਾ ਝੰਡਾ ਲਹਿਰਾਇਆ ਹੈ ਅਤੇ ਸੂਬੇ ਭਰ 'ਚ ਖੁਸ਼ੀ ਦੀ ਲਹਿਰ ਹੈ। ਤਿੰਨਾਂ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਸ੍ਰੀ ਵਿੱਜ ਨੇ ਕਿਹਾ ਕਿ ਅੱਜ ਦਾ ਦਿਨ ਹਰਿਆਣਾ ਦੇ ਲੋਕਾਂ ਲਈ ਜਸ਼ਨ ਦਾ ਦਿਨ ਹੈ। ਉਨ੍ਹਾਂ ਸੋਨ ਤਮਗਾ ਜਿੱਤਣ ਵਾਲੇ ਖਿਡਾਰੀਆਂ, ਪੰਘਾਲ, ਸਵਿਤਾ ਅਤੇ ਮੋਹਿਤ ਨੂੰ ਵਧਾਈ ਦਿੱਤੀ। ਅਖਿਲਾ ਪੰਘਾਲ ਲਗਾਤਾਰ ਦੂਜੀ ਵਾਰ ਦੇਸ਼ ਦੀ ਪਹਿਲੀ ਅੰਡਰ-20 ਵਿਸ਼ਵ ਚੈਂਪੀਅਨ ਬਣੀ, ਜਦਕਿ ਰੋਹਤਕ ਦੀ ਸਵਿਤਾ ਨੇ 62 ਭਾਰ ਵਰਗ 'ਚ ਸੋਨ ਤਮਗਾ ਜਿੱਤਿਆ। ਮੋਹਿਤ ਨੇ ਪੁਰਸ਼ਾਂ ਦੇ 61 ਕਿਲੋ ਭਾਰ ਵਰਗ 'ਚ ਰੂਸੀ ਪਹਿਲਵਾਨ ਨੂੰ ਹਰਾ ਕੇ ਸੋਨ ਤਗ਼ਮੇ 'ਤੇ ਕਬਜ਼ਾ ਕੀਤਾ।

# ਸਰਕਾਰਾਂ ਤੇ ਬੇਈਮਾਨ ਲੀਡਰਾਂ ਦੀ ਬਦੌਲਤ ਪੰਜਾਬ ਆਰਥਕ ਤੌਰ 'ਤੇ ਪੱਛੜਿਆਂ ਸੂਬਿਆਂ 'ਚ ਸ਼ਾਮਲ : ਪੁਆਰ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ )**-ਆਰਥਕ ਨੀਤੀਆਂ ਦੇ ਮਾਹਰ ਅਰਥਸ਼ਾਸ਼ਤਰੀ ਕੌਸ਼ਿਸ਼ ਦਾਸ ਨੇ ਡਾਇਚੇ ਬੈਂਕ ਇੰਡੀਆ ਵੱਲੋਂ 17 ਸੂਬਿਆਂ ਦੀ ਆਰਥਿਕ ਸਥਿਤੀ ਬਾਰੇ ਰਿਪੋਰਟ ਜਾਰੀ ਕੀਤੀ ਹੈ, ਜਿਸ 'ਚ ਪੰਜਾਬ ਆਰਥਿਕ ਤੌਰ 'ਤੇ ਪਛੜਿਆ ਹੋਇਆ ਸੂਬਿਆਂ 'ਚ ਸ਼ਾਮਲ ਹੋ ਗਿਆ ਹੈ। ਇਸ ਸੂਚੀ 'ਚ ਗਰੀਬ ਸੂਬਿਆਂ 'ਚ ਸ਼ਾਮਲ ਛੱਤੀਸਗੜ੍ਹ ਪਹਿਲੇ ਨੰਬਰ 'ਤੇ ਮਹਾਰਾਸ਼ਟਰ ਦੂਸਰੇ ਨੰਬਰ ਤੇ ਤਿਲੰਗਾਨਾਂ ਸੂਬਾ ਤੀਸਰੇ ਨੰਬਰ 'ਤੇ ਸੂਚੀ ਬੰਦ ਕੀਤਾ ਗਿਆ ਹੈ। ਪੰਜਾਬ ਦੀ ਆਰਥਿਕ ਸਥਿਤੀ ਬਾਰੇ ਪਿਛਲੀਆਂ ਕਾਂਗਰਸ ਅਕਾਲੀ-ਭਾਜਪਾ ਸਰਕਾਰਾਂ ਤੇ ਉਨ੍ਹਾਂ ਦੇ ਬੇਈਮਾਨ ਲੀਡਰਾਂ ਦੀ ਬਦੌਲਤ ਪੰਜਾਬ ਆਰਥਿਕ ਤੌਰ 'ਤੇ ਪਛੜਿਆ ਸੂਬਿਆਂ 'ਚ ਸ਼ਾਮਲ ਹੋਇਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਬਚਨ ਸਿੰਘ ਪੁਆਰ ਜਿਲ੍ਹਾ ਪ੍ਰਧਾਨ ਸ੍ਰੋਮਣੀ ਅਕਾਲੀ (ਅੰਮ੍ਰਿਤਸਰ) ਗੁਰਦਾਸਪੁਰ ਨੇ ਮਾਸਟਰ ਕੁਲਦੀਪ ਸਿੰਘ ਮਸੀਤੀ ਦੇ ਗ੍ਰਹਿ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚਣ ਤੇ ਪਾਰਟੀ ਵਰਕਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਇਸ ਸਮੇਂ ਕਿਹਾ ਕਿ 1984 ਤੋਂ ਪਹਿਲਾਂ ਪੰਜਾਬ ਆਰਥਿਕ ਤੌਰ 'ਤੇ ਸਰਪਲਸ ਸੂਬਾ ਮੰਨਿਆ ਜਾਂਦਾ ਸੀ, ਪਰ ਇੱਥੇ ਬਣਨ ਵਾਲੀਆਂ ਕਾਂਗਰਸ ਅਕਾਲੀ-ਭਾਜਪਾ ਤੇ ਹੁਣ ਬਦਲਾਅ ਦੇ ਨਾਂਅ ਹੇਠ ਬਣੀ ਆਮ ਆਦਮੀ ਪਾਰਟੀ ਦੀ ਬੇਈਮਾਨ ਸਰਕਾਰ ਅਤੇ ਭ੍ਰਿਸ਼ਟ ਲੀਡਰਾਂ ਦੀ ਬਦੌਲਤ ਪੰਜਾਬ ਆਰਥਿਕ ਤੌਰ 'ਤੇ ਪਛੜਿਆ ਸੂਬਿਆਂ ਵਿੱਚ ਸ਼ਾਮਲ ਹੋ ਗਿਆ। ਇਸ ਸਮੇਂ ਉਹਨਾਂ ਨਾਲ ਭਗਵਾਨ ਸਿੰਘ ਗੁਰਦਾਸਪੁਰ, ਗੁਰਨਾਮ ਸਿੰਘ ਸਿੰਗੜੀਵਾਲਾ, ਜਸਵੰਤ ਸਿੰਘ ਫੌਜੀ ਸਰਕਲ ਪ੍ਰਧਾਨ ਟਾਂਡਾ ਅਤੇ ਸੁਖਦੀਪ ਸਿੰਘ ਕੀੜੀ ਅਫਗਾਨਾ ਆਦਿ ਸ਼ਾਮਲ ਸਨ।

## ਪੁਲਸ ਦੇ ਅਧਿਕਾਰੀ ਤੇ ਜਵਾਨ ਧੁੱਸੀ ਬੰਨ੍ਹ ਦੇ ਪਾੜ ਨੂੰ ਭਰਨ 'ਚ ਪਾ ਰਹੇ ਹਨ ਯੋਗਦਾਨ

**ਗੁਰਦਾਸਪੁਰ, (ਜਨਕ ਮਹਾਜਨ)** - ਹੜ੍ਹ ਪ੍ਰਭਾਵਤ ਖੇਤਰ 'ਚ ਹੋਰ ਰਾਹਤ ਟੀਮਾਂ ਦੇ ਨਾਲ ਪੰਜਾਬ ਪੁਲਸ ਦੇ ਜਵਾਨਾਂ ਵਲੋਂ ਵੀ ਮੋਹਰੀ ਹੋ ਕੇ ਬਚਾਅ ਕਾਰਜਾਂ 'ਚ ਆਪਣਾ ਹਿੱਸਾ ਪਾਇਆ ਜਾ ਰਿਹਾ ਹੈ। ਲੋਕਾਂ ਨੂੰ ਹੜ੍ਹਾਂ ਦੇ ਪਾਣੀ 'ਚੋਂ ਸੁਰੱਖਿਅਤ ਬਾਹਰ ਕੱਢਣ, ਰਾਹਤ ਸਮੱਗਰੀ ਵੰਡਣ ਦੇ ਨਾਲ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਧੁੱਸੀ ਬੰਨ੍ਹ ਦੇ ਪਾੜ ਨੂੰ ਪੂਰਨ 'ਚ ਵੀ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਡੀ.ਐੱਸ.ਪੀ. ਸੁਖਪਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਪੰਜਾਬ ਪੁਲਸ ਦੇ ਜਵਾਨ ਪਿੰਡ ਚੇਚੀਆਂ ਵਿਖੇ ਬੋਰੀਆਂ 'ਚ ਆਪਣੇ ਹੱਥੀਂ ਮਿੱਟੀ ਭਰਨ ਦੀ ਸੇਵਾ ਕਰ ਰਹੇ ਹਨ। ਇਹ ਮਿੱਟੀ ਦੇ ਥੈਲੇ ਏਥੋਂ ਫਿਰ ਟਰਾਲੀਆਂ ਜ਼ਰੀਏ ਬੰਨ੍ਹ ਦੇ ਪਾੜ ਨੂੰ ਪੂਰਨ ਲਈ ਭੇਜੇ ਜਾ ਰਹੇ ਹਨ। ਇਸ ਤੋਂ ਇਲਾਵਾ ਪਿੰਡ ਜਗਤਪੁਰ ਟਾਂਡਾ ਦੇ ਨੇੜੇ ਪਏ ਪਾੜ ਨੂੰ ਭਰਨ ਲਈ ਵੀ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਯੋਗਦਾਨ ਪਾਇਆ ਜਾ ਰਿਹਾ ਹੈ। ਡੀ.ਐੱਸ.ਪੀ. ਸੁਖਪਾਲ ਸਿੰਘ ਰੰਧਾਵਾ ਖੁਦ ਮਿੱਟੀ ਦੇ ਥੈਲੇ ਭਰ ਰਹੇ ਹਨ ਅਤੇ ਥੈਲੇ ਢੋ ਕੇ ਪਾੜ ਨੂੰ ਪੂਰਨ ਦਾ ਕੰਮ ਕਰ ਰਹੇ ਹਨ। ਡੀ.ਐੱਸ.ਪੀ. ਸੁਖਪਾਲ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਪੁਲਸ ਦਾ ਮੋਟੋ ਹੀ 'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਹੈ ਅਤੇ ਇਸ ਸੇਵਾ ਦੇ ਕਾਰਜ ਵਿੱਚ ਯੋਗਦਾਨ ਪਾਉਣਾ ਉਨ੍ਹਾਂ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਬਚਾਅ ਕਾਰਜਾਂ 'ਚ ਪੁਲਸ ਵਿਭਾਗ ਦਾ ਹਰ ਅਧਿਕਾਰੀ ਤੇ ਕਰਮਚਾਰੀ ਆਪਣਾ ਯੋਗਦਾਨ ਪਾ ਰਿਹਾ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ ਨੇ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਕੀਤੀ ਜਾ ਰਹੀ ਸੇਵਾ ਦੀ ਸਰਾਹਨਾ ਕੀਤੀ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦਿੱਤੀ ਹੈ।

## ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਕਾਬੂ



**ਮਹਿਲੀ (ਗੁਰਨਾਮ)** ਪੁਲਸ ਚੌਕੀ ਮਹਿਲੀ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਨੌਜਵਾਨ ਨੂੰ ਕਾਬੂ ਕੀਤਾ ਗਿਆ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਚੌਕੀ ਇੰਚਾਰਜ ਏ ਐੱਸ ਆਈ ਸੰਦੀਪ ਸ਼ਰਮਾ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਜੰਡਿਆਲੀ ਤੋਂ ਖੋਥੜਾ ਵੱਲ ਜਾ ਰਹੇ ਸਨ ਤਾਂ ਜੰਡਿਆਲੀ ਠੇਕੇ ਨਜ਼ਦੀਕ ਇੱਕ ਮੋਨਾ ਨੌਜਵਾਨ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਖੇਤਾ ਵੱਲ ਮੁੜਨ ਲੱਗਾ ਅਤੇ ਹੱਥ 'ਚ ਫੜਿਆ ਲਿਫਾਫਾ ਹੇਠਾਂ ਜ਼ਮੀਨ ਤੇ ਸੁੱਟ ਦਿੱਤਾ। ਜਿਸ ਨੂੰ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਫੜਨ ਉਪਰੰਤ ਜਦੋਂ ਲਿਫਾਫਾ ਚੈੱਕ ਕੀਤਾ ਗਿਆ ਤਾਂ ਉਸ 'ਚੋਂ 60 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਉਕਤ ਨੌਜਵਾਨ ਨੇ ਆਪਣਾ ਨਾਂਅ ਰਕੇਸ਼ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਪਿੰਡ ਖੋਥੜਾਂ ਵਜੋਂ ਦੱਸਿਆ। ਪੁਲਸ ਵਲੋਂ ਨੌਜਵਾਨ ਨੂੰ ਕਾਬੂ ਕਰ ਐੱਨ ਡੀ ਪੀ ਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

## ਡੇਰਾ ਪੰਡਵਾ ਵਿਖੇ ਸਾਲਾਨਾ ਸਮਾਗਮ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਡੇਰਾ 108 ਸੰਤ ਬਾਬਾ ਹੰਸ ਰਾਜ ਮਹਾਰਾਜ, ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਵਿਖੇ 54ਵੇਂ ਬਰਸੀ ਸਮਾਗਮ ਸੰਤ ਬਾਬਾ ਹੰਸ ਰਾਜ, 20ਵੇਂ ਸਥਾਪਨਾ ਦਿਵਸ ਸਰੋਵਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਅਤੇ ਸੰਤ ਬਾਬਾ ਹੰਸ ਰਾਜ ਮਹਾਰਾਜ ਦੇ ਪਿਤਾ ਪ੍ਰੀਤਮ ਦਾਸ ਦੇ 10ਵੇਂ ਬਰਸੀ ਸਮਾਗਮ ਅਤੇ ਮਾਤਾ ਬੀਬੀ ਦਲੀਪ ਕੌਰ ਦੇ 7ਵੇਂ ਬਰਸੀ ਸਮਾਗਮ ਨੂੰ ਸਮਰਪਿਤ ਧਾਰਮਿਕ ਸਮਾਗਮ ਗੱਦੀ ਨਸ਼ੀਨ ਸੰਤ ਮਹਿੰਦਰ ਪਾਲ ਪੰਡਵਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਦੀ ਰਹਿਨੁਮਾਈ ਹੇਠ ਡੇਰਾ ਪੰਡਵਾ ਵਿਖੇ ਕਰਵਾਇਆ ਗਿਆ। ਇਸ ਮੌਕੇ ਸੁਸ਼ੀਲ ਕੁਮਾਰ ਰਿੰਕੂ ਮੈਂਬਰ ਪਾਰਲੀਮੈਂਟ ਸੰਬੋਧਨ ਕਰਦਿਆਂ ਕਿਹਾ ਕਿ ਸੰਤ ਮਹਾਂਪੁਰਸ ਭਗਤੀ ਨੇ ਨਾਲ-ਨਾਲ ਸਮਾਜ ਸੁਧਾਰ ਦੇ ਕਾਰਜ ਵੀ ਕਰਦੇ ਹਨ ਅਤੇ ਬੱਚਿਆਂ ਨੂੰ ਪੜ੍ਹਾਉਣ ਲਈ ਸਕੂਲ ਵੀ ਚਲਾ ਰਹੇ ਹਨ ਅਤੇ ਬਾਣੀ ਦਾ ਪ੍ਰਚਾਰ ਕਰਦੇ ਹਨ। ਆਪ ਆਗੂ ਜਰਨੈਲ ਨੰਗਲ, ਜੱਸੀ ਤੱਲ੍ਹਣ ਵਿਸ਼ੇਸ਼ ਤੌਰ 'ਤੇ ਪਹੁੰਚੇ। ਗੱਦੀ ਨਸ਼ੀਨ ਸੰਤ ਮਹਿੰਦਰ ਪਾਲ ਵੱਲੋਂ ਪਹੁੰਚੇ ਹੋਏ ਮਹਿਮਾਨਾਂ, ਮਹਾਂਪੁਰਸ਼ਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਵੱਖ-ਵੱਖ ਕਲਾਕਾਰ, ਰਾਗੀ, ਢਾਡੀ, ਕਵੀਸ਼ਰਾ ਨੇ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਮਹਿੰਦਰ ਪਾਲ, ਸੰਤ ਬੀਬੀ ਬਿਮਲਾ ਰਾਣੀ, ਸੰਤ ਜਸਵਿੰਦਰ ਪਾਲ, ਸੰਤ ਮੋਹਨ ਪਾਲ, ਬਾਲ ਕ੍ਰਿਸਨ, ਮਾਸਟਰ ਗੁਰਨਾਮ ਚੰਦ, ਸੋਮ ਰਾਜ, ਹਰੀ ਪਾਲ ਹੀਰਾ, ਸਰਬਜੀਤ ਕੁਮਾਰ ਆਦਿ ਹਾਜ਼ਰ ਸਨ।

## ਅਨੂਰੀਤ ਕੌਰ ਨੇ ਝਬਾਲ ਸਕੂਲ ਦੇ ਪ੍ਰਿੰਸੀਪਲ ਦਾ ਸੰਭਾਲਿਆ ਅਹੁਦਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਚੀਫ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 18 ਅਗਸਤ ਨੂੰ ਅਨੂਰੀਤ ਕੌਰ ਵੱਲੋਂ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ ਗਿਆ। ਸਕੂਲ ਦੀ ਬੈਂਡ ਟੀਮ , ਐਨ .ਸੀ. ਸੀ ਕੈਡਿਟ ਅਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਚਹਿਲ, ਰਮਨੀਕ ਸਿੰਘ ਚਚਿਆਲ ਅਤੇ ਸਕੂਲ ਦੇ ਸਿਮਰਪ੍ਰੀਤ ਕੌਰ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਕਹਿੰਦਿਆਂ ਸਨਮਾਨਤ ਕੀਤਾ ਗਿਆ।

## ਹਲਕਾ ਇੰਚਾਰਜ ਲੋਕਾਂ ਤੱਕ ਪਹੁੰਚਾ ਰਹੇ ਰਾਹਤ ਸਮੱਗਰੀ

**ਦੀਨਾਨਗਰ (ਬਲਵਿੰਦਰ ਸਿੰਘ ਗਿੱਲ)**- ਵਿਧਾਨ ਸਭਾ ਹਲਕਾ ਦੀਨਾਨਗਰ ਦੇ ਅਧੀਨ ਆਉਂਦੇ ਬਿਆਸ ਦਰਿਆ ਨਾਲ ਲਗਦੇ ਕੋਟ ਇਲਾਕੇ ਵਿੱਚ ਆਏ ਹੜ੍ਹਾਂ ਦੌਰਾਨ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਲਗਾਤਾਰ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਉਨ੍ਹਾਂ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਕਰਕੇ ਉਹ ਹਲਕੇ ਦੇ ਹੜ੍ਹ ਪੀੜਤਾਂ ਦੇ ਦਿਲ ਵੀ ਜਿੱਤ ਰਹੇ ਹਨ। ਦੀਨਾਨਗਰ ਹੇਠ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਰਾਹਤ ਕਾਰਜਾਂ ਦੌਰਾਨ ਹੜ੍ਹ ਪ੍ਰਭਾਵਤ ਖੇਤਰ ਵਿੱਚੋਂ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਤੋਂ ਬਾਅਦ ਲੋਕਾਂ ਨੂੰ ਉਨ੍ਹਾਂ ਤੱਕ ਰਾਹਤ ਸਮੱਗਰੀ ਵੀ ਪਹੁੰਚਾਈ ਜਾ ਰਹੀ ਹੈ। ਸ਼ੈਲਟਰ ਹੋਮ ਵਿੱਚ ਲੋਕਾਂ ਨੂੰ ਖਾਣ-ਪੀਣ ਦੀ ਸਮੱਗਰੀ ਤੋਂ ਇਲਾਵਾ ਬੱਚਿਆਂ ਅਤੇ ਔਰਤਾਂ ਨੂੰ ਕੱਪੜੇ ਵੀ ਵੰਡੇ ਗਏ। ਜਿਸ ਲਈ ਲੋਕਾਂ ਵੱਲੋਂ ਸ਼ਮਸ਼ੇਰ ਸਿੰਘ ਦਾ ਧੰਨਵਾਦ ਕੀਤਾ ਗਿਆ। ਪੱਤਰਕਾਰਾਂ ਗੱਲਬਾਤ ਦੌਰਾਨ ਉਨ੍ਹਾ ਕਿਹਾ ਕਿ ਇਹ ਇੱਕ ਕੁਦਰਤੀ ਆਫਤ ਹੈ ਜਿਸ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਰਾਹਤ ਟੀਮਾਂ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਜਗਤਪੁਰਾ ਟਾਂਡਾ ਦੇ ਨਜ਼ਦੀਕ ਧੁੱਸੀ ਬੰਨ੍ਹ ਵਿੱਚ ਪਏ ਪਾੜ ਨੂੰ ਭਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਇਸ ਪਾੜ ਨੂੰ ਭਰਨ ਲਈ ਦਿਨ-ਰਾਤ ਕੰਮ ਚੱਲ ਰਿਹਾ ਹੈ ਅਤੇ ਉਮੀਦ ਹੈ ਕਿ ਭਲਕੇ ਸ਼ਾਮ ਤੱਕ ਇਸ ਮੋਰਚੇ ਨੂੰ ਫ਼ਤਹਿ ਕਰ ਲਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਸੁਖਦੇਵ ਰਾਜ, ਨਿਸ਼ਾਨ ਸਿੰਘ ਗੁੰਜਿਆ, ਗੋਰਾ ਕਟੋਵਾਲ, ਬਚਿੱਤਰ ਸਿੰਘ ਮੰਨਾ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।

## ਕਾਲਜ ਵਿਖੇ 'ਚੇਤਾ ਸਿੰਘ' ਦੇ ਕਲਾਕਾਰ ਪੁੱਜੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਫ਼ਾਰ ਵੂਮੈਨ ਵਿਖੇ 1 ਸਤੰਬਰ ਨੂੰ ਰਿਲੀਜ਼ ਹੋਣ ਜਾ ਰਹੀ ਪੰਜਾਬੀ ਫ਼ਿਲਮ 'ਚੇਤਾ ਸਿੰਘ' ਦੇ ਕਲਾਕਾਰ ਪੁੱਜੇ। ਜਿਨ੍ਹਾਂ ਦਾ ਕਾਲਜ ਕੈਂਪਸ ਪੁੱਜਣ 'ਤੇ ਪ੍ਰਿੰਸੀਪਲ ਨਾਨਕ ਸਿੰਘ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰ ਕੇ ਸਵਾਗਤ ਕੀਤਾ ਗਿਆ। ਅਦਾਕਾਰ ਪ੍ਰਿੰਸ ਕੰਵਲਜੀਤ ਸਿੰਘ ਅਤੇ ਅਦਾਕਾਰਾ ਜਪਜੀ ਖੇੜਾ ਨੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਭਾਸ਼ਾ, ਪੰਜਾਬੀ ਫਿਲਮਾਂ ਅਤੇ ਪੰਜਾਬੀਆਂ ਦੇ ਸਥਾਨ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸਾਨੂੰ ਪੰਜਾਬੀ ਹੋਣ 'ਤੇ ਮਾਣ ਹੈ। ਉਨ੍ਹਾਂ ਫ਼ਿਲਮ ਸੰਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਇਹ ਇੱਕ ਡਰਾਮਾ ਅਤੇ ਮੌਤ ਦੇ ਮੂੰਹ 'ਚੋਂ ਮੋੜ ਲਿਆਉਂਦੇ ਪਿਆਰ ਦੀ ਤਾਕਤ ਨੂੰ ਬਿਆਨ ਕਰਨ ਵਾਲੀ ਭਾਵੁਕ ਕਹਾਣੀ ਹੈ। ਇਸ ਮੌਕੇ ਪ੍ਰਿੰ: ਨਾਨਕ ਸਿੰਘ ਨੇ 'ਚੇਤਾ ਸਿੰਘ' ਦੀ ਪ੍ਰਮੋਸ਼ਨ ਕਰਨ ਲਈ ਕਾਲਜ ਦਾ ਦੌਰਾ ਕਰਨ ਆਏ ਕਲਾਕਾਰਾਂ ਦੇ ਉੱਜਵਲ ਭਵਿੱਖ ਅਤੇ ਫ਼ਿਲਮ ਦੀ ਸਫਲਤਾ ਦੀ ਕਾਮਨਾ ਕਰਦਿਆਂ ਕਿਹਾ ਕਿ ਪ੍ਰਿੰਸ ਕੰਵਲਜੀਤ ਸਿੰਘ ਫਿਲਮ ਅਦਾਕਾਰ, ਸੰਵਾਦ ਲੇਖਕ ਅਤੇ ਨਿਰਦੇਸ਼ਕ ਹੈ, ਜੋ ਕਿ ਪੰਜਾਬੀ ਸਿਨੇਮਾ 'ਚ ਆਪਣੇ ਕੰਮਾਂ ਲਈ ਜਾਣੇ ਜਾਂਦੇ ਹਨ। । ਉਨ੍ਹਾਂ ਕਿਹਾ ਕਿ ਉਕਤ ਫ਼ਿਲਮ ਭੈਣ-ਭਰਾ ਦੇ ਪਿਆਰ ਦੀ ਕਥਾ ਦਰਸਾਉਂਦੀ ਹੈ, ਜਿਸ 'ਚ ਭਰਾ ਆਪਣੀ ਭੈਣ ਨੂੰ ਵੱਡਾ ਅਫ਼ਸਰ ਬਣਾਉਣ ਦਾ ਸੁਪਨਾ ਵੇਖਦਾ ਹੈ। ਉਨ੍ਹਾਂ ਕਿਹਾ ਕਿ 1 ਸਤੰਬਰ ਨੂੰ ਰੱਖੜੀ ਮੌਕੇ 'ਤੇ ਫ਼ਿਲਮ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੇਗੀ। ਨਿਰਦੇਸ਼ਨ ਅਸ਼ੀਸ਼ ਕੁਮਾਰ ਦੁਆਰਾ ਕੀਤਾ ਗਿਆ ਹੈ ਅਤੇ ਇਸ 'ਚ ਹਿਮਾਂਸ਼ੀ ਖੁਰਾਣਾ, ਦਿਲਪ੍ਰੀਤ ਢਿੱਲੋਂ, ਮਹਾਂਬੀਰ ਭੁੱਲਰ, ਮਿੰਟੂ ਕਾਪਾ ਆਦਿ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਇਸ ਦਾ ਨਿਰਮਾਣ ਰਾਣਾ ਜੇਠੂਵਾਲ ਅਤੇ ਨਕਸ਼ ਫ਼ਿਲਮ ਪ੍ਰੋਡਕਸ਼ਨ ਦੇ ਬੈਨਰ ਹੇਠ ਕੀਤਾ ਗਿਆ ਹੈ ਅਤੇ ਫੋਟੋਗ੍ਰਾਫੀ ਨਿਰਦੇਸ਼ਕ ਮੋਹਨ ਵਰਮਾ ਹਨ।



## ਮਨਜੀਤ ਸਿੰਘ ਭਾਮ ਨੂੰ ਸਦਮਾ, ਫੁੱਫੜ ਦਾ ਇਟਲੀ 'ਚ ਦੇਹਾਂਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਪਧਿਆਣਾਂ ਜਿਲ੍ਹਾ ਜਲੰਧਰ ਦੇ ਇਟਲੀ ਵਸਦੇ ਮਿਨਹਾਸ ਪਰਵਾਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਪਰਵਾਰ ਦੇ ਮੁਖੀ ਮਹਿੰਦਰ ਸਿੰਘ ਮਿਨਹਾਸ ਪਰਵਾਰ ਤੇ ਸਕੇ ਸੰਬੰਧੀਆਂ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਇਟਲੀ 'ਚ ਆਪਣੇ ਪੁੱਤਰਾਂ ਕੋਲ ਰਹਿ ਰਹੇ ਸਨ। ਸਵਰਗਵਾਸੀ ਮਹਿੰਦਰ ਸਿੰਘ ਮਿਨਹਾਸ ਮਨੁੱਖੀ ਅਧਿਕਾਰ ਸੰਗਠਨ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਭਾਮ ਦੇ ਫੁੱਫੜ ਲੱਗਦੇ ਸਨ। ਮਿਨਹਾਸ ਪਰਵਾਰ ਤੇ ਮਨਜੀਤ ਸਿੰਘ ਭਾਮ ਨਾਲ ਇਸ ਦੁੱਖ ਦੀ ਘੜੀ 'ਚ ਵੱਖ ਵੱਖ ਆਗੂਆਂ ਨੇ ਦਿਲੋਂ ਹਮਦਰਦੀ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅਕਾਲ ਪੁਰਖੁ ਦੇ ਚਰਨਾਂ 'ਚ ਵਿਛੜੀ ਰੂਹ ਦੀ ਸ਼ਾਂਤੀ ਅਤੇ ਪਿੱਛੇ ਪਰਵਾਰ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ। ਇਸ ਦੁੱਖ ਦੀ ਘੜੀ 'ਚ ਮਿਨਹਾਸ ਪਰਵਾਰ ਤੇ ਭਾਮ ਪਰਵਾਰ ਨਾਲ ਦੁੱਖ ਵੰਡਾਉਣ ਵਾਲਿਆਂ 'ਚ ਫਤਹਿ ਸਿੰਘ ਪਰਿਹਾਰ, ਜਥੇ. ਗੁਰਦਿਆਲ ਸਿੰਘ ਕਾਲਰਾ, ਬਲਵੀਰ ਸਿੰਘ ਫਗਲਾਣਾਂ, ਉਂਕਾਰ ਸਿੰਘ ਮਿਨਹਾਸ, ਸੁਖਜੀਤ ਸਿੰਘ ਪਰਮਾਰ, ਅਵਤਾਰ ਸਿੰਘ ਡੋਡ, ਸਤਵੀਰ ਸਿੰਘ ਪਰਮਾਰ, ਰਵਿੰਦਰ ਠਾਕੁਰ, ਜਸਪਾਲ ਸਿੰਘ ਪਰਮਾਰ, ਗੁਰਮੇਲ ਸਿੰਘ ਭੱਟੀ, ਹਰਮੀਨ ਸਿੰਘ ਜਸਵਾਲ, ਪਰਮਜੀਤ ਸਿੰਘ ਮਿਨਹਾਸ, ਜੋਤੀ ਰਾਠੌਰ, ਹਰਗੁਰਸੇਰ ਸਿੰਘ ਪਰਿਹਾਰ, ਅਵਤਾਰ ਸਿੰਘ ਡਾਂਡੀਆ, ਜਸਪਾਲ ਸਿੰਘ ਬਹਿਰੀਨ, ਸੌਰੀਆਜੀਤ ਸਿੰਘ, ਨਰਿੰਦਰ ਰਾਣਾ, ਜਰਨੈਲ ਸਿੰਘ ਖਾਲਸਾ, ਤਰਸੇਮ ਸਿੰਘ ਸਰੋਆ, ਕੁਲਬੀਰ ਸਿੰਘ ਔਜਲਾ, ਨਰਿੰਦਰਪਾਲ ਸਿੰਘ ਔਜਲਾ, ਗੁੱਡੂ ਬੈਂਸ, ਸਰਬਜੀਤ ਸਿੰਘ ਜਸਵਾਲ, ਹਰਨੇਕ ਸਿੰਘ ਭਾਮ, ਰਣਜੀਤ ਸਿੰਘ ਮਿਨਹਾਸ, ਜਸਵੰਤ ਸਿੰਘ ਬਾਬੂ ਸਮੇਤ ਵੱਡੀ ਗਿਣਤੀ 'ਚ ਰਿਸ਼ਤੇਦਾਰ ਤੇ ਇਲਾਕਾ ਨਿਵਾਸੀ ਸ਼ਾਮਲ ਸਨ।

# ਆਰਟ-ਇਨ-ਐਜੂਕੇਸ਼ਨ ਵਰਕਸ਼ਾਪ ਲਗਾਈ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿੱਚ ਚਲ ਰਹੀ ਆਰਟ-ਇਨ-ਐਜੂਕੇਸ਼ਨ ਵਰਕਸ਼ਾਪ ਵਿੱਚ ਵਿਓਮ ਭਾਰਦਵਾਜ (ਅਸਿਸਟੈਂਟ ਕਮਿਸ਼ਨਰ ਜਨਰਲ) ਬਤੌਰ ਮੁੱਖ ਮਹਿਮਾਨ ਪੁੱਜੇ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਰੰਜੂ ਦੁੱਗਲ, ਸੀਨੀਅਰ ਮੋਸਟ ਲੈਕਚਰਾਰ ਸੰਜੀਵ ਕੁਮਾਰ, ਜਸਵਿੰਦਰ ਸਿੰਘ ਪੀ.ਟੀ.ਆਈ. ਅਤੇ ਬੀ.ਐਮ.ਸੀ. ਦੇ ਮੈਂਬਰ ਕੈਪਟਨ ਲਾਲ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਵਰਕਸ਼ਾਪ ਦੇ ਇੰਚਾਰਜ ਅਧਿਆਪਕ ਭਾਰਤ ਜਸਰੋਟੀਆ ਦੇ ਨਾਲ ਵਰਕਸ਼ਾਪ ਕੋਆਰਡੀਨੇਟਰ-ਕਮ-ਡਾਇਰੈਕਟਰ ਅਸ਼ੋਕ ਪੁਰੀ, ਸਹਾਇਕ ਕੋਆਰਡੀਨੇਟਰ ਗੁਰਵਿੰਦਰ ਸਿੰਘ ਅਤੇ ਅੰਮ੍ਰਿਤ ਲਾਲ ਹਨ। ਇਸ ਵਰਕਸ਼ਾਪ ਵਿੱਚ ਨੁੱਕੜ ਨਾਟਕ "ਵਾਸੂਧੈਵ-ਕੁਟੁੰਬਕਮ" ਵਿੱਚ ਇਕ ਧਰਤੀ, ਇਕ ਪਰਵਾਰ, ਵਾਤਾਵਰਣ ਦੇ ਅਨੁਸਾਰ ਜੀਵਨ ਸ਼ੈਲੀ ਅਤੇ ਸੁਪਰ ਫੂਡ ਉਪਰ ਅਧਾਰਿਤ ਅਸ਼ੋਕ ਪੁਰੀ ਦਾ ਲਿਖਿਆ ਨਾਟਕ ਤਿਆਰ ਕੀਤਾ ਜਾ ਰਿਹਾ ਹੈ। ਮੁੱਖ ਮਹਿਮਾਨ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਭਾਰਤ ਦਾ ਨਾਂਅ ਸਾਰੀ ਦੁਨੀਆ ਵਿੱਚ ਉੱਚਾ ਕਰਨ ਲਈ ਜੀ-20 ਦਾ ਵਿਸ਼ੇਸ਼ ਯੋਗਦਾਨ ਹੈ।

## ਹੜ੍ਹ ਪ੍ਰਭਾਵਤ ਖੇਤਰਾਂ 'ਚ ਪ੍ਰਸ਼ਾਸਨ ਵੱਲੋਂ ਰਾਹਤ ਕਾਰਜ ਜਾਰੀ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਡਿਪਟੀ ਕਮਿਸ਼ਮਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ ਅਤੇ ਜ਼ਰੂਰਤਮੰਦਾਂ ਨੂੰ ਹਰ ਸੰਭਵ ਮਦਦ ਪਹੁੰਚਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਐੱਸਡੀਐੱਮ ਬਟਾਲਾ ਡਾ. ਸ਼ਾਇਰੀ ਭੰਡਾਰੀ ਨੇ ਦੱਸਿਆ ਕਿ ਬਿਆਸ ਦਰਿਆ ਨੇੜਲੇ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਅੰਦਰ ਲੋੜੀਂਦੀਆਂ ਜ਼ਰੂਰਤ ਵਾਲੀਆਂ ਚੀਜ਼ਾਂ ਪੁੱਜਦਾ ਕੀਤੀਆਂ ਜਾ ਰਹੀਆਂ ਹਨ ਅਤੇ ਪ੍ਰਸ਼ਾਸਨ ਲੋਕਾਂ ਨਾਲ ਲਗਾਤਾਰ ਸੰਪਰਕ ਵਿੱਚ ਹੈ। ਐੱਸਡੀਐੱਮ ਬਟਾਲਾ ਨੇ ਅੱਗੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਐੱਨਡੀਆਰਐੱਫ. ਦੀਆਂ ਟੀਮਾਂ ਦੇ ਨਾਲ ਪਾਣੀ ਵਿੱਚ ਘਿਰੇ ਪਿੰਡਾਂ ਤੱਕ ਬੇੜੀ ਜ਼ਰੀਏ ਪਹੁੰਚ ਕਰਕੇ ਬਿਮਾਰ ਵਿਅਕਤੀਆਂ ਦਾ ਚੈੱਕਅਪ ਕਰਨ ਦੇ ਨਾਲ ਦਵਾਈ ਦਿੱਤੀ ਜਾ ਰਹੀ ਹੈ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਲੋਂ ਵੀ ਰਾਹਤ ਕੈਂਪ ਸਮੇਤ ਪਿੰਡਾਂ ਅੰਦਰ ਜ਼ਰੂਰਤ ਵਾਲੀਆਂ ਵਸਤਾਂ ਪੁਜਦਾ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਲੋੜ ਪੈਣ 'ਤੇ ਹੈਲਪ ਲਾਈਨ ਨੰਬਰ 1800-180-1852 ਜਾਂ 112 ਨੰਬਰ ਤੇ ਕਾਲ ਕੀਤੀ ਜਾ ਸਕਦੀ ਹੈ।

## ਖ਼ਾਲਸਾ ਕਾਲਜ ਵਿਖੇ ਨਵੇਂ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਸੰਬੰਧੀ ਸੈਮੀਨਾਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**—ਖ਼ਾਲਸਾ ਕਾਲਜ ਆਫ਼ ਫ਼ਾਰਮੇਸੀ ਵਿਖੇ ਨਵੇਂ ਸੈਸ਼ਨ-2023-24 ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੁਵਿਧਾਵਾਂ ਅਤੇ ਸੰਬੰਧਤ ਕੋਰਸਾਂ ਨੂੰ ਜਾਣੂ ਕਰਵਾਉਣ ਦੇ ਮਕਸਦ ਤਹਿਤ ਸੈਮੀਨਾਰ ਕਰਵਾਇਆ ਗਿਆ। ਕਾਲਜ ਡਾਇਰੈਕਟਰ ਪ੍ਰਿੰਸੀਪਲ ਡਾ. ਆਰ. ਕੇ. ਧਵਨ ਦੇ ਦਿਸ਼ਾ ਨਿਰਦੇਸ਼ਾਂ 'ਚ ਕਾਲਜ ਸਟਾਫ਼ ਦੁਆਰਾ 10 ਰੋਜ਼ਾ ਇਸ ਜਾਗਰੂਕਤਾ ਸੈਮੀਨਾਰ ਮੌਕੇ ਵਿਦਿਆਰਥੀਆਂ ਨਾਲ ਸੰਬੰਧਤ ਕੋਰਸਾਂ, ਮੌਜੂਦਾ ਅਤਿ ਆਧੁਨਿਕ ਤਕਨੀਕੀ ਮਸ਼ੀਨਾਂ ਅਤੇ ਵਿਭਾਗਾਂ ਬਾਰੇ ਚਾਨਣਾ ਪਾਇਆ ਗਿਆ। ਡਾ. ਧਵਨ ਨੇ ਦੱਸਿਆ ਕਿ ਕਾਲਜ ਵਿਖੇ ਅਤਿ ਆਧੁਨਿਕ ਖ਼ਾਲਸਾ ਡਾਇਗਨੌਸਟਿਕ ਲੈਬ ਤੇ ਰਿਸਰਚ ਬਲਾਕ ਲੋਕਾਂ ਦੀ ਸੁਵਿਧਾ ਲਈ ਸਥਾਪਤ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸੱਤਿਆਜੀਤ ਸਿੰਘ ਮਜੀਠੀਆ ਅਤੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ 2015 'ਚ ਲੋਕ ਅਰਪਿਤ ਇਸ ਖੋਜ ਬਲਾਕ 'ਚ 65 ਤੋਂ ਵਧੇਰੇ ਦਵਾਈਆਂ ਬਣਾਉਣ ਅਤੇ ਉਨ੍ਹਾਂ ਦੀ ਜਾਂਚ ਕਰਨ ਲਈ ਅਤਿ ਆਧੁਨਿਕ ਤਕਨੀਕ ਵਾਲੀਆਂ, 30 ਦੇ ਕਰੀਬ ਦਵਾਈਆਂ ਪਰਖਣ ਅਤੇ ਡਾਇਗੋਨਾਸਟਿਕ ਲਾਇਬ੍ਰੇਰੀ 'ਚ 25 ਤੋਂ ਵੱਧ ਮਨੁੱਖੀ ਵੱਖ-ਵੱਖ ਤੱਤਾਂ ਦੀ ਜਾਂਚ ਕਰਨ ਵਾਲੀਆਂ ਮਸ਼ੀਨਾਂ ਉਪਲੱਬਧ ਹਨ। ਡਾ. ਧਵਨ ਨੇ ਕਿਹਾ ਕਿ ਕਾਲਜ ਵਿਖੇ ਸਪੇਨ ਤੋਂ ਓਲਪਸ ਹਾਈ ਰੈਗੂਲੇਸ਼ਨ ਅਲਟਰਾ ਮਾਈਕੋਸਕੋਪ ਅਤੇ ਨਾਨ ਇਨਵਰਸਿਵ ਬੀ. ਪੀ. ਮੋਨੀਟਰਿੰਗ ਮਸ਼ੀਨ ਤੋਂ ਇਲਾਵਾ ਲਾਇਓਫਿਲੈਜ਼ਰ, ਸਟੈਬਲਿਟੀ ਟੈਸਟਿੰਗ-ਆਪ੍ਰੇਟਸ, ਇਨਫ਼ਰਾਰੈੱਡ ਸਪੈਕਟ੍ਰੋਫੋਟੋਮੀਟਰ, ਹਾਈ ਪ੍ਰਫਿਓਜ਼ਨ ਥੀਨ ਲੇਅਰ ਕਰੋਮੈਟੋਗ੍ਰਾਫ਼ੀ, ਅਲਟਰਾ ਵਾਇਓਲੈਟ ਸਪੈਕਟ੍ਰੋਸਕੋਪੀ, ਡਿਫਿਊਜ਼ਨ ਸੈੱਲ, ਆਟੋਮੈਟਿਕ ਮਾਈਕ੍ਰੋਟੋਮ, ਲੈਬਟੈਲੇਟ ਪੱਚਿੰਗ ਮਸ਼ੀਨ (ਆਟੋਮੈਟਿਕ), ਥਾਈਰੈੱਡ ਆਨਾਲਾਈਜ਼ਰ ਆਦਿ ਮਸ਼ੀਨਾਂ ਮੌਜੂਦ ਹਨ।

# ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੀ ਖ਼ੋਜੇਪਰ 'ਚ ਮੀਟਿੰਗ



**ਧਾਰੀਵਾਲ, ( ਮਨਦੀਪ ਸਿੰਘ ਵਿੱਕੀ)** ਸੀ ਪੀ ਆਈ ਐਮ ਐਲ ਲਿਬਰੇਸ਼ਨ ਦੀ ਮੀਟਿੰਗ ਪਿੰਡ ਖ਼ੋਜੇਪਰ ਪ੍ਰੇਮ ਮਸੀਹ ਅਤੇ ਰਾਣੀ ਦੀ ਪ੍ਰਧਾਨਗੀ ਹੇਠ ਕੀਤੀ ਗਈ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਸੀ ਪੀ ਆਈ ਐਮ ਐਲ ਲਿਬਰੇਸ਼ਨ ਦੇ ਸੂਬਾ ਕਮੇਟੀ ਮੈਂਬਰ ਅਤੇ ਤਹਿਸੀਲ ਸੈਕਟਰੀ ਵਿਜੈ ਸੋਹਲ ਨੇ ਕਿਹਾ ਕਿ ਮੋਦੀ ਸਰਕਾਰ ਨੇ ਫਾਸ਼ੀਵਾਦੀ ਰੁਝਾਨ ਵਿੱਚ ਲਗਾਤਾਰ ਵਾਧਾ ਕੀਤਾ ਹੈ ਅਤੇ ਘੱਟ ਗਿਣਤੀ ਅਤੇ ਦਲਿਤ ਫਿਰਕਿਆਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਗਿਆ। ਮੋਦੀ ਸਰਕਾਰ 2024 ਦੀਆਂ ਚੋਣਾਂ ਜਿੱਤਣ ਦਾ ਜੁਗਾੜ ਖੜ੍ਹਾ ਕਰ ਰਹੀ ਹੈ। ਮੋਦੀ ਸਰਕਾਰ ਆਪਣੇ ਚੋਣਾਂ ਦੌਰਾਨ ਕੀਤੇ ਵਾਅਦੇ ਭੁੱਲ ਗਈ ਹੈ,ਇਸ ਤਰਾਂ ਆਮ ਆਦਮੀ ਪਾਰਟੀ ਵੀ ਆਪਣੇ ਚੋਣਾਂ ਦੌਰਾਨ ਕੀਤੇ ਵਾਅਦੇ ਭੁੱਲ ਗਈ ਹੈ। ਔਰਤਾਂ ਦੇ ਖਾਤੇ ਵਿੱਚ ਹਜ਼ਾਰ ਰੁਪਏ, ਘਰ-ਘਰ ਨੌਕਰੀ, ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ 2500 ਰੁਪਏ, ਬੇਰੁਜ਼ਗਾਰੀ ਭੱਤਾ, ਮਕਾਨ ਬਣਾਉਣ ਲਈ ਗਰਾਂਟ ਅਤੇ ਪਲਾਟ। ਦੇਸ਼ ਵਿੱਚ ਹਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ। ਮਨੀਪੁਰ ਦੀ ਘਟਨਾ, ਕੁੱਕੀ ਸਮਾਜ ਦੀਆਂ ਔਰਤਾਂ ਉੱਪਰ ਅੱਤਿਆਚਾਰ ਕਰਨਾ ਅਤੇ ਉਨ੍ਹਾਂ ਨੂੰ ਅਲਫ ਨੰਗੀਆਂ ਕਰਕੇ ਘੁਮਾਇਆ ਗਿਆ ਜੋ ਬਹੁਤ ਨਿੰਦਣਯੋਗ ਹੈ। ਫਿਰ ਹਰਿਆਣਾ ਵਿੱਚ ਗੜਬੜ ਕਰਾਉਣ ਅਤੇ ਮੁਸਲਮਾਨ ਫਿਰਕਿਆਂ ਦੇ ਘਰ ਢਾਹੁਣੇ ਬਹੁਤ ਹੀ ਨਿੰਦਣਯੋਗ ਹੈ ਅਤੇ ਸੀ ਪੀ ਆਈ ਐਮ ਐਲ ਇਸ ਦੀ ਨਿਖੇਧੀ ਕਰਦੀ ਹੈ। ਇਸ ਵਿੱਚ ਖੁਸ਼ਵੰਤ ਸਿੰਘ ਧਾਲੀਵਾਲ ਅਤੇ ਹਰਜਿੰਦਰ ਕੁਮਾਰੀ ਨੇ ਸੰਬੋਧਨ ਕੀਤਾ ਤੇ 15 ਮੈਂਬਰੀ ਕਮੇਟੀ ਚੁਣੀ ਗਈ।

# ਤਰਕਸ਼ੀਲ ਸੁਸਾਇਟੀ ਵੱਲੋਂ ਲੋਕਾਂ ਨੂੰ ਪਾਖੰਡੀ ਬਾਬਿਆਂ ਤੇ ਅੰਧ-ਵਿਸ਼ਵਾਸਾਂ ਤੋਂ ਬਚਣ ਦੀ ਅਪੀਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਮੁੱਚੇ ਪੰਜਾਬ 'ਚ 10 ਅਗਸਤ ਤੋਂ 20 ਅਗਸਤ ਤੱਕ ਮਰਹੂਮ ਤਰਕਸ਼ੀਲ ਆਗੂ ਡਾ.ਨਰਿੰਦਰ ਦਾਭੋਲਕਰ ਦੀ ਦਸਵੀਂ ਬਰਸੀ ਦੇ ਸੰਬੰਧ ਵਿੱਚ ਮਨਾਏ ਜਾ ਰਹੇ ਸਮਾਜਕ ਚੇਤਨਾ ਯਾਦਗਾਰੀ ਹਫਤੇ ਤਹਿਤ ਸੁਸਾਇਟੀ ਦੀ ਅੰਮ੍ਰਿਤਸਰ ਇਕਾਈ ਵੱਲੋਂ ਸਥਾਨਕ ਬੱਸ ਅੱਡੇ 'ਤੇ ਲੋਕਾਂ ਨੂੰ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਅਤੇ ਪਾਖੰਡੀ ਬਾਬਿਆਂ ਦੇ ਖਿਲਾਫ ਜਾਗਰੂਕ ਕਰਦੇ ਪੈਂਫਲਿਟ ਵੰਡੇ ਗਏ ਅਤੇ ਲੋਕਾਂ ਨੂੰ ਤਰਕਸ਼ੀਲ ਸੋਚ ਅਪਣਾਉਣ ਅਤੇ ਤਰਕਸ਼ੀਲ ਸੁਸਾਇਟੀ ਨਾਲ ਜੁੜਨ ਦਾ ਸੱਦਾ ਦਿੱਤਾ ਗਿਆ ਜਿਸ ਦਾ ਯਾਤਰੂਆਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਗਿਆ। ਤਰਕਸ਼ੀਲ ਆਗੂਆਂ ਸੁਮੀਤ ਸਿੰਘ ਅਤੇ ਜਸਪਾਲ ਬਾਸਰਕੇ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਕੂਮਤੀ ਅਤੇ ਸਿਆਸੀ ਸਰਪ੍ਰਸਤੀ ਹੇਠ ਸਾਡੇ ਸਮਾਜ ਵਿਚ ਵਧ ਫੁੱਲ ਰਹੇ ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਵੱਲੋਂ ਧਾਰਮਕ ਆਸਥਾ ਹੇਠ ਫੈਲਾਏ ਜਾ ਰਹੇ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਅਤੇ ਰੂੜ੍ਹੀਵਾਦੀ ਰਵਾਇਤਾਂ ਤੋਂ ਬਚਣ ਲਈ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਟਾਕਰਾ ਕਰਨ ਅਤੇ ਮੌਜੂਦਾ ਫਿਰਕੂ ਅਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਨ ਲਈ ਉਨ੍ਹਾਂ ਨੂੰ ਵਿਗਿਆਨਕ ਸੋਚ ਅਪਣਾਉਣ ਅਤੇ ਜਥੇਬੰਦਕ ਸੰਘਰਸ਼ ਕਰਨ ਦੀ ਬੇਹੱਦ ਲੋੜ ਹੈ। ਤਰਕਸ਼ੀਲ ਆਗੂਆਂ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਪਿਛਲੇ ਸਮੇਂ 'ਚ ਪੰਜਾਬ ਵਿਚ ਅਜਿਹੇ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਨਿਆਂ ਵੱਲੋਂ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿਚ ਫਸਾ ਕੇ ਅਖੌਤੀ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਔਰਤਾਂ ਨਾਲ ਬਲਾਤਕਾਰ, ਕਤਲ, ਗਰਮ ਚਿਮਟਿਆਂ ਨਾਲ ਤਸੀਹੇ ਦੇਣ, ਅਗਵਾ ਕਰਨ, ਮਾਸੂਮ ਬੱਚਿਆਂ ਦੀ ਬਲੀ ਦੀਆਂ ਦਿਲ ਕੰਬਾਊ ਅਪਰਾਧਕ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਅਜਿਹੀਆਂ ਗੈਰ ਕਾਨੂੰਨੀ ਅਤੇ ਅਪਰਾਧਕ ਕਾਰਵਾਈਆਂ ਕਰਨ ਵਾਲਿਆਂ ਉਤੇ ਸਖਤ ਰੋਕ ਲਾਉਣ ਲਈ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਪਿਛਲੇ ਮਹੀਨੇ ਪਿੰਡ ਮੂਧਲ ਵਿਖੇ ਕਿਸੇ ਤਾਂਤਰਿਕ ਦੇ ਬਹਿਕਾਵੇ ਵਿਚ ਆ ਕੇ 9 ਸਾਲਾ ਸੁਖਮਨਦੀਪ ਕੌਰ ਦੀ ਬਲੀ ਦੇਣ ਦੀ ਅਣਮਨੁੱਖੀ ਘਟਨਾ ਦਾ ਜ਼ਿਕਰ ਕਰਦਿਆਂ ਜ਼ਿੰਮੇਵਾਰ ਦੋਸ਼ੀ ਤਾਂਤਰਿਕ ਨੂੰ ਵੇਰਕਾ ਪੁਲਸ ਵੱਲੋਂ ਗ੍ਰਿਫਤਾਰ ਨਾ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਲੋਕਾਂ ਨੂੰ ਅਜਿਹੇ ਅੰਧ ਵਿਸ਼ਵਾਸੀ ਲੋਕਾਂ ਅਤੇ ਪਾਖੰਡੀ ਤਾਂਤਰਿਕਾਂ ਦੇ ਝਾਂਸੇ ਤੋਂ ਬਚਣ ਦੀ ਅਪੀਲ ਵੀ ਕੀਤੀ। ਇਸ ਮੌਕੇ ਮੇਲਾ ਰਾਮ ਬੀ ਈ ਓ, ਰਾਜ ਕੁਮਾਰ ਵੇਰਕਾ, ਹਰਜਿੰਦਰ ਜਲਾਲਪੁਰ, ਸ਼ਕਤੀ, ਪਰਮਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਬੱਸ ਅੱਡੇ ਦੇ ਵੱਖ ਵੱਖ ਖੇਤਰਾਂ ਵਿਚ ਲੋਕਾਂ ਨੂੰ ਦੋਵਰਕੀ ਵੰਡਦੇ ਹੋਏ ਤਰਕਸ਼ੀਲ ਮੈਗਜ਼ੀਨ ਅਤੇ ਤਰਕਸ਼ੀਲ ਸਾਹਿਤ ਪੜ੍ਹਨ ਦਾ ਸੁਨੇਹਾ ਦਿੱਤਾ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਜੁੜਨ ਦਾ ਸੱਦਾ ਵੀ ਦਿੱਤਾ।

## ਬਿਹਤਰ ਫਸਲ ਦੀ ਪੈਦਾਵਾਰ 'ਚ ਮਦਦ ਕਰੇਗਾ ਨਵਾਂ ਖੇਤੀ ਉਤਪਾਦ 'ਟ੍ਰਾਈਕਲਰ'

**ਪਟਿਆਲਾ** : ਬਿਹਤਰ ਪੈਦਾਵਾਰ ਅਤੇ ਸਿਹਤਮੰਦ ਫਸਲ ਨੂੰ ਯਕੀਨੀ ਬਣਾਉਣ ਲਈ ਐਗਰੋਕੈਮੀਕਲ ਕੰਪਨੀ ਬੈਸਟ ਐਗਰੋਲਾਈਫ ਲਿਮਟਿਡ ਨੇ ਅੱਜ ਆਪਣਾ ਨਵੀਨਤਮ ਉਤਪਾਦ 'ਟ੍ਰਾਈਕਲਰ' ਲਾਂਚ ਕੀਤਾ। ਵਿਮਲ ਕੁਮਾਰ, ਐਮ ਡੀ ਬੈਸਟ ਐਗਰੋਲਾਈਫ ਨੇ ਕਿਹਾ, "ਟ੍ਰਾਈਫਲੋਕਸੀਸਟ੍ਰੋਬਿਨ, ਡਾਈਫੇਨੋਕੋਨਾਜੋਲ ਅਤੇ ਸਲਫਰ ਦੇ ਸਹੀ ਮਿਸ਼ਰਣ ਨਾਲ, 'ਟ੍ਰਾਈਕਲਰ' ਫਸਲਾਂ ਦੀ ਸੁਰੱਖਿਆ ਲਈ ਇੱਕ ਬਿਹਤਰ ਪੈਦਾਵਾਰ ਅਤੇ ਸਿਹਤਮੰਦ ਫਸਲ ਨੂੰ ਯਕੀਨੀ ਬਣਾਉਂਦਾ ਹੈ। ਸਾਡਾ ਮੰਨਣਾ ਹੈ ਕਿ ਇਹ ਖੇਤੀ ਉਤਪਾਦਕਤਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ ਅਤੇ ਕਿਸਾਨ ਭਾਈਚਾਰੇ ਦੀ ਭਲਾਈ ਵਿੱਚ ਯੋਗਦਾਨ ਪਾਵੇਗਾ।" ਉਨ੍ਹਾ ਕਿਹਾ ਕਿ ਸਲਫਰ ਦਾ ਜੋੜ ਇੱਕ ਉਤਪ੍ਰੇਰਕ ਵਜੋਂ ਕੰਮ ਕਰਦਾ ਹੈ, ਜੋ ਕਿਰਿਆਸ਼ੀਲ ਤੱਤਾਂ ਦੀ ਪ੍ਰਭਾਵਸ਼ੀਲਤਾ ਨੂੰ ਤਿੰਨ ਗੁਣਾ ਕਰਦਾ ਹੈ। ਇਹ ਸ਼ਕਤੀਸ਼ਾਲੀ ਸੁਮੇਲ ਚਾਵਲ, ਟਮਾਟਰ, ਅੰਗੂਰ, ਮਿਰਚ, ਕਣਕ, ਅੰਬ ਅਤੇ ਸੇਬ ਵਰਗੀਆਂ ਫਸਲਾਂ ਦੀਆਂ ਵਿਭਿੰਨ ਕਿਸਮਾਂ ਵਿੱਚ ਸੀਥ ਬਲਾਈਟ, ਪਾਊਡਰੀ ਫਫੂੰਦੀ, ਖੁਰਕ ਅਤੇ ਅਲਟਰਨੇਰੀਆ ਸਮੇਤ ਕਈ ਕਿਸਮਾਂ ਦੀਆਂ ਫਸਲਾਂ ਦੀਆਂ ਬਿਮਾਰੀਆਂ ਤੇ ਕਮਾਲ ਦਾ ਨਿਯੰਤਰਣ ਕਰਦਾ ਹੈ।

## ਰਕਸ਼ਕ : ਭਾਰਤ ਦੀ ਬਹਾਦਰੀ ਦੀਆਂ ਘਟਨਾਵਾਂ ਨੂੰ ਦਰਸਾਉਂਦਾ

**ਅੰਮ੍ਰਿਤਸਰ**: ਭਾਰਤੀ ਸੈਨਿਕਾਂ ਨੇ ਸਾਡੇ ਦੇਸ਼ ਦੇ ਕੁਝ ਸਭ ਤੋਂ ਮਹੱਤਵਪੂਰਨ ਸੰਘਰਸ਼ਾਂ 'ਚ ਹਿੱਸਾ ਲਿਆ ਹੈ। ਇਨ੍ਹਾਂ 'ਚੋਂ ਕੁਝ ਫੌਜੀਆਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵੀ ਕੁਰਬਾਨ ਕੀਤੀਆਂ ਹਨ। ਐਮਾਜਾਨ - ਮਿੰਨੀ ਟੀ ਵੀ ਸਾਰੇ ਅਣਗਿਣਤ ਨਾਇਕਾਂ ਨੂੰ ਉਨ੍ਹਾਂ ਦੀਆਂ ਅਣਗਿਣਤ ਕੁਰਬਾਨੀਆਂ ਲਈ ਸਨਮਾਨਤ ਕਰਦਾ ਹੈ ਜਿਨ੍ਹਾਂ ਨੇ ਦੇਸ਼ ਅਤੇ ਇਸ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਰਕਸ਼ਕ: ਭਾਰਤ ਦੀ ਬਹਾਦਰੀ ਲੈਫਟੀਨੈਂਟ ਤ੍ਰਿਵੇਣੀ ਸਿੰਘ ਦੀ ਘਟਨਾ ਨੂੰ ਦਰਸਾਉਂਦਾ ਹੈ ਜੋ ਜੰਮੂ ਤਵੀ ਰੇਲਵੇ ਸਟੇਸ਼ਨ 'ਤੇ ਅੱਤਵਾਦੀਆਂ ਨਾਲ ਲੜਿਆ ਅਤੇ ਸਟੇਸ਼ਨ 'ਤੇ ਮੌਜੂਦ 300 ਤੋਂ ਵੱਧ ਨਾਗਰਿਕਾਂ ਨੂੰ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸਟ੍ਰੀਮਿੰਗ ਸੇਵਾ ਦੁਆਰਾ ਦੇਸ਼ ਭਗਤੀ ਦੀ ਫਿਲਮ ਸ਼ੈਲੀ 'ਚ ਪਹਿਲੀ ਫਿਲਮ ਹੋਣ ਦੇ ਨਾਤੇ, ਨੇ ਅੱਜ ਇੱਕ ਦਿਲ ਨੂੰ ਛੂਹਣ ਵਾਲਾ ਵੀਡੀਓ ਸਾਂਝਾ ਕੀਤਾ ਹੈ।


# 'ਗਿੱਲੀ ਮਿੱਟੀ' ਦਾ ਮੰਚਨ ਤੇ ਕਵੀ ਦਰਬਾਰ ਕਰਵਾਇਆ



**ਗੁਰਦਾਸਪੁਰ, (ਜਨਕ ਮਹਾਜਨ)**-ਸਾਹਿਤ ਸਭਾ ਗੁਰਦਾਸਪੁਰ (ਰਜਿ:) ਤੇ ਇਪਟਾ (ਇੰਡੀਅਨ ਪੀਪਲ ਥੀਏਟਰ ਐਸੋਸੀਏਸ਼ਨ) ਗੁਰਦਾਸਪੁਰ ਵੱਲੋਂ ਭਾਸ਼ਾ ਵਿਭਾਗ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਸਰਕਾਰੀ ਕਾਲਜ ਗੁਰਦਾਸਪੁਰ ਦੇ ਸਹਿਯੋਗ ਨਾਲ ਮਰਹੂਮ ਰੰਗਕਰਮੀ ਇੰਜੀਨੀਅਰ ਹਰਦੀਪ ਸਿੰਘ ਪਾਹੜਾ ਦੇ 39ਵੇਂ ਜਨਮ ਦਿਹਾੜੇ 'ਤੇ ਲੋਕ ਕਲਾ ਮੰਚ ਮਜੀਠਾ ਦੇ ਕਲਾਕਾਰਾਂ ਵੱਲੋਂ ਲੇਖਕ ਤੇ ਨਿਰਦੇਸ਼ਕ ਗੁਰਮੇਲ ਸ਼ਾਮ ਨਗਰ ਦੀ ਨਿਰਦੇਸ਼ਨਾ ਹੇਠ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਦੀਆਂ ਸਮੱਸਿਆਵਾਂ ਨੂੰ ਬਿਆਨ ਕਰਦਾ ਤੇ ਉਨ੍ਹਾਂ ਦਾ ਹੱਲ ਕੱਢਣ ਦਾ ਯਤਨ ਕਰਦਾ ਨਾਟਕ 'ਗਿੱਲੀ ਮਿੱਟੀ' ਦਾ ਸਫ਼ਲ ਮੰਚਨ ਕੀਤਾ ਗਿਆ । ਪ੍ਰਿੰਸੀਪਲ ਪ੍ਰੀਤ ਦਵਿੰਦਰ ਕੌਰ ਨੇ ਕਿਹਾ ਕਿ ਨਾਟਕ 'ਚ ਸਾਰੇ ਪਾਤਰਾਂ ਆਪਣੇ ਆਪਣੇ ਕਿਰਦਾਰ ਨੂੰ ਖੂਬ ਨਿਭਾਇਆ ਹੈ। ਇਪਟਾ ਪ੍ਰਧਾਨ ਗੁਰਮੀਤ ਸਿੰਘ ਪਾਹੜਾ ਨੇ ਰੰਗਕਰਮੀ ਹਰਦੀਪ ਸਿੰਘ ਬਾਰੇ ਜਾਣਕਾਰੀ ਦਿੱਤੀ, ਵਿਦਿਆਰਥੀਆਂ ਨੂੰ ਮਾਪਿਆਂ ਤੇ ਅਧਿਆਪਕਾਂ ਦੇ ਆਗਿਆਕਾਰ ਹੋ ਕੇ ਉਨ੍ਹਾਂ ਦੇ ਗਿਆਨ ਤੇ ਜ਼ਿੰਦਗੀ ਦੇ ਤਜਰਬਿਆਂ ਨੂੰ ਲਾਗੂ ਕਰਕੇ ਜ਼ਿੰਦਗੀ 'ਚ ਕਾਮਯਾਬ ਹੋਣ, ਸਿਲੇਬਸ ਤੋਂ ਬਾਹਰ ਚੰਗੇ ਲੇਖਕਾਂ ਦੀਆਂ ਕਿਤਾਬਾਂ ਪੜ੍ਹਨ, ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਤੇ ਨਸ਼ਾ ਮੁਕਤ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ। ਜੇ. ਪੀ. ਸਿੰਘ ਖਰਲਾਂ ਵਾਲਾ ਪ੍ਰਧਾਨ ਸਾਹਿਤ ਸਭਾ ਨੇ ਮਿਆਰੀ ਸਾਹਿਤ ਪੜ੍ਹਨ, ਕਿਤਾਬਾਂ ਨਾਲ ਜੁੜਨ, ਨਾਟਕ ਵਿੱਚ ਦਿੱਤੀਆਂ ਸਿੱਖਿਆਵਾਂ ਨੂੰ ਅਮਲ ਵਿੱਚ ਲਾਗੂ ਕਰਨ ਤੇ ਚੰਗਾ ਸਾਹਿਤ ਲਿਖ ਕੇ ਪੰਜਾਬੀ ਬੋਲੀ ਨੂੰ ਹੋਰ ਅਮੀਰ ਕਰਨ ਦਾ ਸੱਦਾ ਦਿੱਤਾ। ਗੁਰਮੀਤ ਸਿੰਘ ਬਾਜਵਾ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਭਾਸ਼ਾ ਵਿਭਾਗ ਵੱਲੋਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਸਾਹਿਤ ਸਭਾ ਤੇ ਇਪਟਾ ਗੁਰਦਾਸਪੁਰ ਵੱਲੋਂ ਪ੍ਰਿੰਸੀਪਲ ਤੇ ਨਾਟਕ ਟੀਮ ਨੂੰ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੇ ਦੂਜੇ ਭਾਗ 'ਚ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਵੱਖ-ਵੱਖ ਸ਼ਾਇਰਾਂ ਜੇ. ਪੀ. ਸਿੰਘ ਖਰਲਾਂ ਵਾਲਾ, ਜੀ. ਐਸ. ਪਾਹੜਾ, ਗੁਰਮੀਤ ਸਿੰਘ ਬਾਜਵਾ, ਬੂਟਾ ਰਾਮ ਆਜ਼ਾਦ, ਮੱਖਣ ਕੋਹਾੜ, ਮਲਕੀਤ ਸਿੰਘ ਸੁਹਲ, ਸਰਬਜੀਤ ਸਿੰਘ ਚਾਹਲ, ਅਮਰਜੀਤ ਥਾਪਾ, ਅਵਤਾਰ ਸਿੰਘ ਅਣਜਾਣ, ਕੁਲਦੀਪ ਸਿੰਘ ਘਾਂਗਲਾ, ਗੁਰਮੇਲ ਸ਼ਾਮਨਗਰ, ਹਰਪਾਲ ਸਿੰਘ ਬੈਂਸ, ਹਰਪ੍ਰੀਤ ਕੌਰ ਸਿੰਮੀ, ਗੁਰਸ਼ਰਨਜੀਤ ਸਿੰਘ ਮਠਾੜੂ ਨੇ ਗ਼ਜ਼ਲਾਂ ਤੇ ਕਵਿਤਾਵਾਂ ਅਤੇ ਸੁਭਾਸ਼ ਸੂਫ਼ੀ, ਵਿਜੇ ਭੱਲਾ, ਜਸਪਾਲ ਜੇ ਪੀ ਤੇ ਕਾਲਜ ਦੀਆਂ ਮਿਊਜ਼ਿਕ ਵਿਭਾਗ ਦੀਆਂ ਵਿਦਿਆਰਥਣਾਂ ਨੇ ਉਸਤਾਦ ਰਕੇਸ਼ ਕੁਮਾਰ ਦੀ ਅਗਵਾਈ ਹੇਠ ਗਾਇਕੀ 'ਚ ਖ਼ੂਬ ਰੰਗ ਬੰਨ੍ਹਿਆ।

ਇਸ ਮੌਕੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤਰਸੇਮ ਸਿੰਘ ਭੰਗੂ, ਹਰਦੀਪ ਸਿੰਘ ਪਾਹੜਾ ਦੇ ਪਿਤਾ ਅਜੀਤ ਸਿੰਘ ਪਾਹੜਾ, ਬਾਬਾ ਰਛਪਾਲ ਸਿੰਘ, ਸੁਰਿੰਦਰ ਸਿੰਘ ਪੱਡਾ, ਕਸ਼ਮੀਰ ਸਿੰਘ ਮਾੜੀ, ਹਰਿੰਦਰ ਸਿੰਘ ਮਾੜੀ, ਸੁਖਵਿੰਦਰ ਸਿੰਘ ਰਾਣਾ, ਪ੍ਰੋ. ਬਲਜੀਤ ਸਿੰਘ, ਪ੍ਰੋ. ਹਰਮੀਤ ਕੌਰ, ਪਰਮਜੀਤ ਸਿੰਘ ਔਲਖ, ਸੋਨੂੰ ਸਾਗਰ ਪਠਾਨਕੋਟ, ਯੋਗਰਾਜ ਖੰਨਾ, ਕਮਲਦੀਪ ਸਿੰਘ ਗਾਦੜੀਆਂ ਤੇ ਕਾਲਜ ਦੇ ਵਿਦਿਆਰਥੀਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਦਰਸ਼ਕ ਹਾਜ਼ਰ ਸਨ।

# ਰੁੜ੍ਹੀ ਸੜਕ ਕਾਰਨ ਪਿੰਡ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ



**ਮਜੀਠਾ (ਸੋਇਮ ਆਨੰਦ)**- ਹਲਕਾ ਮਜੀਠਾ ਦੇ ਪਿੰਡ ਵਰਿਆਮ ਨੰਗਲ ਵਿਖੇ ਨਹਿਰ ਦਾ ਕੰਢਾ ਖੁਰਨ ਨਾਲ ਸੜਕ ਰੁੜ੍ਹ ਜਾਣ ਕਾਰਨ ਪਿੰਡ ਵਾਸੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਰੇਲ ਹੇਠੋਂ ਦੀ ਲੰਘਣ ਵਾਲੇ ਪਾਣੀ ਦੇ ਰਸਤੇ ਤੋਂ ਹੀ ਲੰਘਣਾ ਪੈ ਰਿਹਾ ਹੈ ਕਿ ਰੇਲ ਪਟਰੀ ਹੇਠਾਂ ਤੋਂ ਆਪਣਾ ਰਸਤਾ ਬਣਾ ਕੇ ਉਧਰੋਂ ਦੀ ਆਵਾਜਾਈ ਕਰਨੀ ਪੈ ਰਹੀ ਹੈ ਪਰ ਉਹ ਕਿਸੇ ਵੀ ਤਰ੍ਹਾਂ ਦਾ ਭਾਰੀ ਵਾਹਨ ਉਧਰੋਂ ਦੀ ਲ ਕੇ ਨਹੀਂ ਨਿਕਲ ਸਕਦੇ। ਜੇਕਰ ਉਹ ਦੂਜੇ ਪਾਸਿਓਂ ਦੀ ਆਉਂਦੇ ਹਨ ਤਾਂ ਉਨ੍ਹਾਂ ਨੂੰ ਟੋਲ ਟੈਕਸ ਦੇਣਾ ਪੈਂਦਾ ਹੈ ਤੇ ਨਾਲ ਦੀ ਨਾਲ ਹੀ 10 ਤੋਂ 12 ਕਿਲੋਮੀਟਰ ਦਾ ਵਾਧੂ ਰਸਤਾ ਤੈਅ ਕਰਨਾ ਪੈਂਦਾ ਹੈ। ਕੋਈ ਵੀ ਭਾਰੀ ਟ੍ਰੈਕਟਰ ਅਤੇ ਵਾਹਨ ਲੈ ਕੇ ਉਹ ਨਹਿਰ ਦੇ ਉੱਪਰੋਂ ਨਹੀਂ ਗੁਜ਼ਰ ਸਕਦੇ ਕਿਉਕਿ ਰਸਤਾ ਹੀ ਨਹਿਰ ਦੇ ਪਾਣੀ ਨਾਲ ਰੁੜ੍ਹ ਚੁੱਕਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਨਹਿਰੀ ਵਿਭਾਗ ਦੇ ਕਰਮਚਾਰੀਆਂ ਨੂੰ ਨਹਿਰ ਦਾ ਟੁੱਟਿਆ ਹੋਇਆ ਕੰਢਾ ਨਜ਼ਰ ਨਹੀਂ ਆਉਂਦਾ ਤੇ ਜੇਕਰ ਨਜ਼ਰ ਆਉਂਦਾ ਹੈ ਤਾਂ ਇਨ੍ਹਾਂ ਵੱਲੋਂ ਨਹਿਰ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇਸ ਦੀ ਸੂਚਨਾ ਕਿਉਂ ਨਹੀਂ ਦਿੱਤੀ ਗਈ ਇਹ ਗੱਲ ਸਮਝ ਤੋਂ ਪਰੇ ਹੈ। ਕਿਸਾਨਾਂ ਨੇ ਦੱਸਿਆ ਕਿ ਪਿੰਡ ਅਤੇ ਆਸ ਪਾਸ ਦੇ ਪਿੰਡਾਂ ਦੀ 2000 ਏਕੜ ਦੇ ਕਰੀਬ ਫਸਲ ਨਹਿਰ ਦੇ ਪਾਰ ਹੈ ਅਤੇ ਉਸ ਪਾਸੇ ਵਾਲੇ ਤਿੰਨ ਪਿੰਡਾਂ ਕਰਨਾਲਾ, ਟੱਪਰੀਆਂ ਅਤੇ ਪਤਾਲਪੁਰੀ ਦੇ ਲੋਕਾਂ ਨੂੰ ਵੀ ਨਹਿਰ ਦੇ ਇਸ ਪਾਸੇ ਇਸੇ ਹੀ ਰਸਤੇ ਆਉਣਾ ਪੈਂਦਾ ਹੈ। ਨੰਬਰਦਾਰ ਰਾਜਬੀਰ ਸਿੰਘ ਨੇ ਦੱਸਿਆ ਕਿ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਤਾਂ ਬਰਸਾਤ ਦੇ ਦਿਨਾਂ ਵਿੱਚ ਕਰਨਾ ਪੈਂਦਾ ਹੈ ਜਦੋਂ ਰੇਲ ਪਟਰੀ ਦੀ ਪੁਲੀ ਹੇਠਾਂ ਪਾਣੀ ਖਲੋ ਜਾਂਦਾ ਹੈ ਤਾਂ ਇਸ ਰਸਤੇ ਤੋਂ ਲੰਘਣਾ ਨਾਮੁਮਕਿਨ ਹੋ ਜਾਂਦਾ ਹੈ। ਪਿੰਡ ਵਾਸੀਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕਾਗਜ਼ਾਂ ਵਿੱਚ ਬੋਲਦੀ ਹੋਈ ਇਸ ਸੜਕ ਦੀ ਸਾਰ ਲਈ ਜਾਵੇ ਅਤੇ ਰਸਤੇ ਨੂੰ ਬਹਾਲ ਕੀਤਾ ਜਾਵੇ। ਇਸ ਮੌਕੇ ਇਕੱਤਰ ਹੋਏ ਪਿੰਡ ਵਾਸੀਆਂ ਵਿੱਚ ਇੰਦਰਜੀਤ ਸਿੰਘ, ਨੂਰ ਰੰਧਾਵਾ, ਗੁਰਜਿੰਦਰ ਸਿੰਘ,ਰਜਿੰਦਰ ਸਿੰਘ, ਮਨਜੀਤ ਸਿੰਘ, ਨਿਸ਼ਾਨ ਸਿੰਘ, ਬਿਕਰਮ ਸਿੰਘ, ਰਾਜਬੀਰ ਸਿੰਘ, ਰਵੇਲ ਸਿੰਘ, ਸਰਵਣ ਸਿੰਘ, ਮੁੱਖਵਿੰਦਰ ਸਿੰਘ, ਮਨਪ੍ਰੀਤ ਸਿੰਘ ਅਤੇ ਨੰਬਰਦਾਰ ਰਾਜਵੀਰ ਸਿੰਘ ਹਾਜ਼ਰ ਸਨ।

## ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਸੰਬੰਧੀ ਪੋਸਟਰ ਜਾਰੀ



**ਫਿਲੌਰ, (ਨਿਰਮਲ)** ਪਾਠਸ਼ਾਲਾ ਮੰਦਰ ਫਿਲੌਰ ਵਿਖੇ ਹਰ ਸਾਲ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਸ਼ਰਧਾ ਅਤੇ ਉਤਸ਼ਾਹ ਨਾਲ 6 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਸੰਬੰਧੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਜਿੰਦਰ ਸੰਧੂ, ਵਰਿੰਦਰ ਸਿੰਘ ਸੈਣੀ, ਮਨੀ ਧਾਲੀਵਾਲ, ਅਸ਼ੋਕ ਸ਼ਰਮਾ, ਹਰਕਮਲ ਸਿੰਘ ਬੇਗਮਪੁਰ ਅਤੇ ਹੋਰਾਂ ਵੱਲੋਂ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਇਹ ਤਿਉਹਾਰ ਸਭ ਨੂੰ ਰਲ ਮਿਲ ਕੇ ਸ਼ਰਧਾ ਨਾਲ ਮਨਾਇਆ ਜਾਵੇਗਾ। ਉਨ੍ਹਾਂ ਸਮੂਹ ਸੰਗਤਾਂ ਨੂੰ ਜਨਮ ਅਸ਼ਟਮੀ ਦੀ ਬਹੁਤ ਬਹੁਤ ਵਧਾਈ ਦਿੱਤੀ। ਇਸ ਮੌਕੇ ਹਾਜ਼ਰ ਪ੍ਰਧਾਨ ਪਾਠਸ਼ਾਲਾ ਮੰਦਰ ਰਛਪਾਲ ਸਿੰਘ ਹੈਪੀ, ਡਾਕਟਰ ਕੇਵਲ ਕ੍ਰਿਸ਼ਨ ਚੇਅਰਮੈਨ, ਦਵਿੰਦਰ ਸ਼ਰਮਾ ਬਿੱਟੂ ਜਨਰਲ ਸਕੱਤਰ, ਵਿਕਰਮ ਸ਼ਰਮਾ, ਐਸ ਕੇ ਸ਼ਰਮਾ, ਟੋਨੀ, ਲਵਿਸ ਅਤੇ ਹੋਰਾਂ ਵੱਲੋਂ 'ਆਪ' ਆਗੂਆਂ ਦਾ ਧੰਨਵਾਦ ਕੀਤਾ ਗਿਆ।

21-August-PAGE-9.qxd 8/20/2023 10:01 PM Page 1



# ਸਰਬ ਨੌਜਵਾਨ ਸਭਾ ਨੇ ਆਰੀਆ ਆਈ ਐੱਮ ਟੀ 'ਚ ਮਨਾਇਆ ਤੀਆਂ ਦਾ ਮੇਲਾ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ ਰਵਾਇਤੀ ਤੀਜ ਮੌਕੇ ਸਾਉਣ ਦਾ ਪ੍ਰਸਿੱਧ ਤਿਉਹਾਰ 'ਤੀਆਂ ਦਾ ਮੇਲਾ' ਸਥਾਨਕ ਪਲਾਹੀ ਰੋਡ ਸਥਿਤ ਆਰੀਆ ਆਈ ਐਮ ਟੀ ਕਾਲਜ ਦੇ ਵਿਹੜੇ 'ਚ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸੰਨਤਕਾਰ ਕੇ ਕੇ ਸਰਦਾਨਾ ਨੇ ਕੀਤਾ।

ਜਿਸ 'ਚ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਦੀ ਪਤਨੀ ਸ੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਗੈਸਟ ਆਫ ਆਨਰ ਵਜੋਂ ਜਿਲ੍ਹਾ ਕਪੂਰਥਲਾ ਯੋਜਨਾ ਬੋਰਡ ਦੇ ਚੇਅਰਮੈਨ ਮੈਡਮ ਲਲਿਤ ਸਕਲਾਨੀ, ਸੀ.ਡੀ.ਪੀ.ਓ ਸੁਸ਼ੀਲ ਲਤਾ ਭਾਟੀਆ, ਡਾ: ਸੁਲਭਾ ਸਿੰਗਲਾ, ਆਰਿਆ ਮਾਡਲ ਸੀ.ਸੈ. ਸਕੂਲ ਦੇ ਵਾਈਸ ਪ੍ਰਿੰਸੀਪਲ ਮੋਨਿਕਾ ਸੱਭਰਵਾਲ, ਪੰਜਾਬ ਪੁਲਸ ਦੀ ਸਬ-ਇੰਸਪੈਕਟਰ ਕਾਂਤੀ ਰਾਣੀ, ਸਾਬਕਾ ਕੌਂਸਲਰ ਜਸਵਿੰਦਰ ਕੌਰ, ਸਾਬਕਾ ਕੌਂਸਲਰ ਸੀਤਾ ਦੇਵੀ, ਸਮਾਜ ਸੇਵੀ ਪ੍ਰਿਤਪਾਲ ਕੌਰ ਤੁਲੀ ਅਤੇ ਪ੍ਰਿਆ ਸੰਤੋਸ਼ ਨੇ ਆਪਣੀ ਹਾਜ਼ਰੀ ਦਰਜ ਕਰਵਾਈ। ਸਮਾਗਮ ਦੌਰਾਨ ਨਗਰ ਸੁਧਾਰ ਟਰੱਸਟ ਫਗਵਾੜਾ ਦੇ ਚੇਅਰਮੈਨ ਐਡਵੋਕੇਟ ਕਸ਼ਮੀਰ ਸਿੰਘ ਮੱਲੀ, ਆਮ ਆਦਮੀ ਪਾਰਟੀ ਐਸ.ਸੀ. ਵਿੰਗ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਸੰਤੋਸ਼ ਕੁਮਾਰ ਗੋਗੀ ਵੀ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰ ਸਨ। ਮਹਿਮਾਨ ਔਰਤਾਂ ਨੇ ਵੀ ਝੂਲਾ ਝੂਲ ਕੇ, ਚਰਖਾ ਕੱਤ ਕੇ ਅਤੇ ਬੋਲੀਆਂ ਤੇ ਗਿੱਧਾ ਪਾ ਕੇ ਮਨ ਪਰਚਾਵਾ ਕੀਤਾ।

ਪ੍ਰੋਗਰਾਮ ਦੇ ਅੰਤ 'ਚ ਪਤਵੰਤਿਆਂ ਨੂੰ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੰਦਿਆਂ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ ਤੁਲਸੀ ਦੇ ਬੂਟੇ ਤੋਹਫ਼ੇ ਵਜੋਂ ਭੇਟ ਕੀਤੇ ਗਏ।

ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ: ਵਿਜੇ ਕੁਮਾਰ, ਰਾਜ ਕੁਮਾਰ ਕਨੌਜੀਆ, ਰਵਿੰਦਰ ਸਿੰਘ ਰਾਏ, ਜਸ਼ਨ ਮਹਿਰਾ, ਰਾਮ ਸੁਖੀਜਾ, ਰਮਨ ਨਹਿਰਾ, ਗੁਰਦੀਪ ਸਿੰਘ ਕੰਗ, ਮਨਦੀਪ ਬਸੀ, ਅਨੂਪ ਦੁੱਗਲ, ਨਰਿੰਦਰ ਸੈਣੀ, ਰਾਕੇਸ਼ ਕੋਛੜ, ਪਰਮਜੀਤ ਰਾਏ, ਹਰਵਿੰਦਰ ਸਿੰਘ, ਹਰਜਿੰਦਰ ਗੋਗਨਾ, ਸੁਰਿੰਦਰ ਬੱਧਨ, ਜੁਨੇਸ਼ ਜੈਨ, ਪਿੰਕੀ ਅਤੇ ਬਿਮਲਾ ਆਂਗਣਵਾੜੀ ਵਰਕਰ ਆਦਿ ਹਾਜ਼ਰ ਸਨ।

## ਘੋੜਾਵਾਹੀ ਵਿਖੇ ਮਨਾਇਆ ਤੀਆਂ ਦਾ ਤਿਉਹਾਰ

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)** ਸਾਉਣ ਦੇ ਮਹੀਨੇ 'ਚ ਤੀਜ ਦਾ ਤਿਓਹਾਰ ਪੂਰੇ ਪੰਜਾਬ ਵਿੱਚ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਪਿੰਡਾਂ ਵਿੱਚ ਪੁਰਾਤਨ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਪਿੰਡਾਂ ਦੀਆਂ ਕੁੜੀਆਂ ਅਤੇ ਵਿਆਹੀਆਂ ਹੋਈਆਂ ਮੁਟਿਆਰਾਂ ਇਹ ਤਿਉਹਾਰ ਇਹ ਤਿਉਹਾਰ ਉਤਸ਼ਾਹ ਨਾਲ ਮਨਾ ਰਹੀਆਂ ਹਨ। ਭੋਗਪੁਰ ਨਜ਼ਦੀਕ ਪੈਂਦੇ ਪਿੰਡ ਪਿੰਡ ਘੋੜਾਵਾਹੀ ਵਿਖੇ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜਿਸਦੇ ਵਿੱਚ ਪਿੰਡ ਤੇ ਇਲਾਕੇ ਦੀਆਂ ਔਰਤਾਂ ਅਤੇ ਲੜਕੀਆਂ ਨੇ ਭਾਗ ਲਿਆ। ਇਸ ਮੌਕੇ ਚਰਖਾ ਕੱਤਣ, ਪੀਂਘਾਂ ਝੂਟਣ ਅਤੇ ਮੁਟਿਆਰਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।

ਸਭ ਨੇ ਆਪਣੇ ਚਾਅ ਪੂਰੇ ਕੀਤੇ। ਇਸ ਮੌਕੇ ਸਮੂਹ ਨਗਰ ਨਿਵਾਸੀਆਂ ਨੇ ਖੀਰ ਪੂੜੇ ਤੇ ਗੁਰੂ ਕੇ ਲੰਗਰ ਦੇ ਵਿਸ਼ੇਸ਼ ਪ੍ਰਬੰਧ ਕੀਤੇ।

ਇਸ ਮੌਕੇ ਸਰਪੰਚ ਸਤੀਸ਼ ਕੁਮਾਰ ਪ੍ਰਧਾਨ, ਸੁਖਵਿੰਦਰ ਚੰਦ, ਮਹਿੰਦਰ ਕੌਰ, ਬਲਜੀਤ ਕੌਰ, ਮਨਜੀਤ ਕੌਰ, ਸੀਮਾ ਰਾਣੀ, ਤੀਰਥ, ਬਖਸ਼ੋ, ਮਨਜੀਤ ਕੌਰ ਹੋਰ ਆਦਿ ਸ਼ਾਮਲ ਸਨ।



# ਟੀ ਬੀ ਪੀੜਤ ਮਰੀਜ਼ਾਂ ਨੂੰ ਵੰਡੀਆਂ ਰਾਸ਼ਨ ਕਿੱਟਾਂ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਇਥੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਵੱਲੋਂ ਟੀ.ਬੀ ਪੀੜਤ ਮਰੀਜਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ। ਉਨ੍ਹਾਂ ਨੇ ਕਿਹਾ ਕਿ ਹੁਣ ਤੋਂ ਹਰ ਮਹੀਨੇ ਨਿਕਸ਼ੇ ਮਿੱਤਰਾਂ ਦੇ ਸਹਿਯੋਗ ਸਦਕਾ ਰਜਿਸਟਰਡ ਮਰੀਜ਼ਾਂ ਨੂੰ ਨਿਊਟਰੀਸ਼ਨ ਭਰਪੂਰ ਰਾਸ਼ਨ ਦੀਆਂ ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਕਿੱਟ ਵਿੱਚ ਮਹੀਨੇ ਭਰ ਦਾ ਜਰੂਰੀ ਰਾਸ਼ਨ ਜਿਵੇਂ ਕਿ ਆਟਾ, ਦਾਲ, ਤੇਲ, ਮਿਲਕ ਪਾਊਡਰ ਆਦਿ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਹੁਣ ਟੀ.ਬੀ ਮਰੀਜਾਂ ਨੂੰ ਦਵਾਈ ਦੇ ਨਾਲ ਨਾਲ ਖੁਰਾਕ ਦੀ ਸੁਵਿਧਾ ਵੀ ਦਿੱਤੀ ਜਾਵੇਗੀ ਤੇ ਇਸ ਰਾਸ਼ਨ ਦੀ ਮਦਦ ਨਾਲ ਉਸ ਨੂੰ ਆਪਣੀ ਬਿਮਾਰੀ 'ਤੇ ਜਲਦੀ ਕਾਬੂ ਪਾਉਣ 'ਚ ਮਦਦ ਮਿਲੇਗੀ। ਹਰਵਿੰਦਰ ਸਿੰਘ ਬੀ.ਈ.ਈ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਸਾਲ 2025 ਤੱਕ ਟੀ.ਬੀ ਮੁਕਤ ਦੇਸ਼ ਬਨਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਲਈ ਸਮੂਹ ਟੀ.ਬੀ ਪੀੜਤ ਮਰੀਜ ਆਪਣੀ ਦਵਾਈ ਦਾ ਸੇਵਨ ਸਮੇਂ ਸਿਰ ਕਰਨ ਅਤੇ ਦਵਾਈ ਵਿੱਚ ਕੋਈ ਵੀ ਗੈਪ ਨਾ ਪਾਇਆ ਜਾਵੇ ਅਤੇ ਦਵਾਈ ਦੇ ਨਾਲ-ਨਾਲ ਪੌਸ਼ਟਿਕ ਖੁਰਾਕ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਟੀ.ਬੀ ਦੀ ਬਿਮਾਰੀ ਨਾਲ ਜੂਝ ਰਹੇ ਮਰੀਜਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਖੁਰਾਕ ਵਿੱਚ ਹਾਈ ਪ੍ਰੋਟੀਨਯੁਕਤ ਭੋਜਨ ਦਾ ਇਸਤੇਮਾਲ ਕਰਨ ਤਾਂ ਜੋ ਟੀ.ਬੀ ਦੇ ਇਲਾਜ ਲਈ ਵਰਤੀ ਜਾਂਦੀ ਦਵਾਈ ਦੇ ਨਾਲ-ਨਾਲ ਸਰੀਰ ਇਸ ਬਿਮਾਰੀ ਵਿੱਚੋਂ ਜਲਦੀ ਮੁਕਤ ਹੋ ਸਕੇ। ਇਸ ਮੌਕੇ 'ਤੇ ਬੂਟਾ ਸਿੰਘ ਫੀਲਡ ਕੁਆਰਡੀਨੇਟਰ ਮਮਤਾ ਐਚ.ਆਈ.ਐਮ.ਸੀ, ਗੁਰਪ੍ਰੀਤ ਸਿੰਘ ਟੀ.ਬੀ ਹੈਲਥ ਵਿਜ਼ੀਟਰ, ਹਰਨਰਾਇਣ ਸਿੰਘ ਓਪਥੈਲਮਿਕ ਅਫਸਰ, ਨਰੰਜਣ ਸਿੰਘ ਕਾਉਂਸਲਰ, ਅਮਨ ਸੀ.ਐਚ.ਓ, ਨਾਗਰ ਸਿੰਘ ਐਸ.ਆਈ, ਦਵਿੰਦਰ ਸਿੰਘ ਐਸ.ਆਈ ਅਤੇ ਟੀ.ਬੀ ਪੀੜਤ ਮਰੀਜ ਹਾਜਰ ਸਨ।

## ਮੱਛਰ ਮਾਰ ਦਵਾਈ ਦਾ ਕੀਤਾ ਛਿੜਕਾਅ



**ਫਿਲੌਰ ( ਨਿਰਮਲ )** ਪਿੰਡ ਨਗਰ ਵਿੱਚ ਸਮੂਹ ਗ੍ਰਾਮ ਪੰਚਾਇਤ ਵਲੋਂ ਆਪਣੇ ਪਿੰਡ ਵਿੱਚ ਮੱਛਰਾਂ ਦੀ ਭਰਮਾਰ ਨੂੰ ਦੇਖਦੇ ਹੋਏ ਹਰ ਗਲੀ ਗਲੀ ਮੁਹੱਲੇ ਵਿੱਚ ਮੱਛਰਾਂ ਨੂੰ ਮਾਰਨ ਵਾਲੀ ਦੁਆਈ ਦਾ ਛਿੜਕਾਅ ਕੀਤਾ ਗਿਆ। ਸਰਪੰਚ ਨਿਰਮਲ ਸਿੰਘ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਘਰਾਂ ਦੇ ਆਸ ਪਾਸ ਜਿਥੇ ਵੀ ਪਾਣੀ ਖੜਦਾ ਹੈ ਉਸ ਜਗ੍ਹਾ 'ਤੇ ਡੀਜਲ ਦੀ ਸਪਰੇ ਕੀਤੀ ਜਾਵੇ ਅਤੇ ਘਰਾਂ ਵਿੱਚ ਪਏ ਪੁਰਾਣੇ ਬਰਤਨਾਂ ਵਿੱਚ ਪਾਣੀ ਨੂੰ ਨਾ ਰਹਿਣ ਦਿੱਤਾ ਜਾਵੇ। ਅਗਰ ਕਿਸੇ ਨੂੰ ਵੀ ਕਿਸੇ ਪ੍ਰਕਾਰ ਦੀ ਹੱਡ ਭੱਖਣੀ , ਕਮਜ਼ੋਰੀ ਮਹਿਸੂਸ ਹੁੰਦੀ ਹੈ ਤਾਂ ਪਿੰਡ ਨਗਰ ਦੇ ਮੁਹੱਲਾ ਕਲੀਨਿਕ ਵਿੱਚ ਮਾਹਿਰ ਡਾ. ਐਸਮੀਨ ਸਾਹੀ, ਹੇਮੰਤ ਦੀ ਤੁਰੰਤ ਸਲਾਹ ਲੈਣ । ਇਸ ਮੌਕੇ ਪੰਚ ਕੁਲਦੀਪ ਕੌਰ , ਪੰਚ ਨਿਰਮਲ ਅਤੇ ਹੋਰ ਹਾਜਰ ਸਨ।

## ਰਜਿਸਟ੍ਰੇਸ਼ਨ 25 ਤੱਕ ਵਧਾਈ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਨਵੋਦਿਆ ਸਕੂਲ ਫਲਾਹੀ ਦੇ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਦਾਖਲਾ ਪ੍ਰੀਖਿਆ 2024-25 ਜਮਾਤ ਛੇਵੀਂ ਵਿਚ ਦਾਖਲਾ ਲੈਣ ਲਈ ਆਨਲਾਈਨ ਰਜਿਸਟ੍ਰੇਸ਼ਨ ਕਰਨ ਦੀ ਆਖਰੀ ਤਰੀਕ 25 ਅਗਸਤ ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਵਿਦਿਅਕ ਵਰ੍ਹੇ ਵਿਚ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ/ ਮਾਨਤਾ ਸਕੂਲ ਸਕੂਲਾਂ ਵਿਚ ਪੰਜਵੀਂ ਜਮਾਤ ਵਿਚ ਪੜ੍ਹ ਰਹੇ ਹਨ ਵਿਦਿਆਰਥੀ ਆਨਲਾਈਨ ਰਜਿਸਟ੍ਰੇਸ਼ਨ ਕਰ ਸਕਦੇ ਹਨ। ਚਾਹਵਾਨ ਵਿਦਿਆਰਥੀ ਯੋਗਤਾ ਅਤੇ ਹੋਰ ਸ਼ਰਤਾਂ ਲਈ http://navodaya.gov.in 'ਤੇ ਦੇਖ ਸਕਦੇ ਹਨ। ਆਨਲਾਈਨ ਰਜਿਸਟ੍ਰੇਸ਼ਨ http://cbseitms.rcil.gov.in/nvs//index/Registration 'ਤੇ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ 01882-289393 'ਤੇ ਕੰਮ ਕਾਜ ਵਾਲੇ ਦਿਨ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 4-30 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ।

## ਨਗਰ ਕੌਂਸਲ ਦੀ ਮੀਟਿੰਗ 'ਚ ਸਾਰੇ ਮਤੇ ਪਾਸ



**ਅਲਾਵਲਪੁਰ (ਮਦਨ ਬੰਗੜ)**- ਸਥਾਨਕ ਨਗਰ ਕੌਂਸਲ ਦੀ ਇਕ ਅਹਿਮ ਮੀਟਿੰਗ ਕਾਰਜਸਾਧਕ ਅਧਿਕਾਰੀ ਅਰਾਮਜੀਤ ਦੀ ਦੇਖ ਰੇਖ ਹੇਠ ਪ੍ਰਧਾਨ ਨੀਲਮ ਰਾਣੀ ਦੀ ਪ੍ਰਧਾਨਗੀ ਹੇਠ ਕੌਂਸਲ ਦਫਤਰ ਵਿਖੇ ਹੋਈ। ਮੀਟਿੰਗ ਵਿਚ ਪਿਛਲੀ ਮੀਟਿੰਗ 'ਚ ਪੈਂਡਿੰਗ ਮਤਾ ਬਕਾਇਆਂ ਦੇ ਸਬੰਧ ਵਿਚ ਸਾਲ 1952 ਤੋਂ 2015 ਤੱਕ ਦੇ ਖਰਾਬ ਹੋਏ ਰਿਕਾਰਡ ਨਾਲ ਸਬੰਧਤ ਮਤੇ ਸਮੇਤ ਹੋਰ ਵੀ ਸਾਰੇ ਮਤਿਆਂ ਨੂੰ ਹਾਊਸ ਵਲੋਂ ਪਾਸ ਕਰ ਦਿੱਤਾ ਗਿਆ। ਵਿਕਾਸ ਕਾਰਜਾਂ 'ਤੇ ਵਿਚਾਰ ਕਰਨ ਉਪਰੰਤ ਮਨਜੂਰੀ ਦਿੱਤੀ। ਮੀਟਿੰਗ ਵਿੱਚ ਇਸ ਮੌਕੇ ਪ੍ਰਧਾਨ ਨੀਲਮ ਰਾਣੀ ,ਮੀਤ ਪ੍ਰਧਾਨ ਮੁਕੰਦਰ ਲਾਲ , ਪੰਕਜ ਸਰਮਾ, ਜਸਵੀਰ ਕੌਰ, ਕ੍ਰਿਸ਼ਨਾ ਦੇਵੀ, ਨਰੇਸ਼ ਕੁਮਾਰ, ਅਰਚਨਾ, ਕਵਿਤਾ ਰਾਣੀ, ਰਾਜਰਾਣੀ, ਓਮ ਪ੍ਰਕਾਸ਼ ਰਾਣਾ ਕਲਰਕ ਅਤੇ ਲੇਖਾਕਾਰ ਹਰਸ ਹਾਜਰ ਸਨ।

## ਸਰਕਾਰੀ ਕਾਲਜ ਵਿਖੇ ਤੀਆਂ ਦਾ ਤਿਉਹਾਰ ਮਨਾਇਆ

**ਮੋਹਾਲੀ, (ਗੁਰਜੀਤ ਬਿੱਲਾ)**-ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਪ੍ਰਿੰਸੀਪਲ ਸ੍ਰੀਮਤੀ ਹਰਜੀਤ ਗੁਜਰਾਲ ਦੀ ਅਗਵਾਈ ਵਿੱਚ ਤੀਆਂ ਦਾ ਮੇਲਾ ਕਰਵਾਇਆ ਗਿਆ। ਇਸ ਮੇਲੇ ਦੇ ਮੁੱਖ ਮਹਿਮਾਨ ਪ੍ਰੋ ਬਲਜਿੰਦਰ ਕੌਰ ਚੀਫ ਵਿਪ੍ਰ ਕੈਬਨਿਟ ਮੰਤਰੀ, ਪੰਜਾਬ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ। ਉਹਨਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਵੇਂ ਯੁੱਗ ਵਿੱਚ ਸਾਡੇ ਨੌਜਵਾਨ ਵਰਗ ਨੂੰ ਵਿਰਸਾ ਸੰਭਾਲ ਕੇ ਰੱਖਣਾ ਚਾਹੀਦਾ ਹੈ। ਮੈਡਮ ਪ੍ਰਿੰਸੀਪਲ ਨੇ ਇਸ ਮੇਲੇ ਵਿੱਚ ਸ਼ਿਰਕਤ ਕਰਨ 'ਤੇ ਸਵਾਗਤ ਕਰਦਿਆਂ ਉਨਾਂ ਦੇ ਜੀਵਨ 'ਤੇ ਝਾਤ ਪਾਈ। ਪੰਜਾਬੀ ਮੁਟਿਆਰ ਅਤੇ ਪੰਜਾਬੀ ਗੱਭਰੂ ਦੇ ਮੁਕਾਬਲਿਆਂ ਵਿੱਚ ਮੁੰਡੇ-ਕੁੜੀਆਂ ਪੰਜਾਬੀ ਪਹਿਰਾਵੇ ਵਿੱਚ ਸੱਜ-ਧੱਜ ਕੇ ਆਏ ਅਤੇ ਲੋਕ ਗੀਤਾਂ ਦੀ ਪੇਸ਼ਕਾਰੀ ਕੀਤੀ ਗਈ। ਮਹਿੰਦੀ, ਵੰਗਾਂ, ਪੰਜਾਬੀ ਪਹਿਰਾਵੇ ਅਤੇ ਖੀਰ-ਪੂੜਿਆਂ ਦੇ ਸਟਾਲ ਲਗਾਏ ਗਏ।

## ਟੈਲੇਂਟ ਹੰਟ ਪ੍ਰੋਗਰਾਮ ਕਰਵਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**: ਗੁਰੂ ਤੇਗ ਬਹਾਦਰ ਇੰਸਟੀਟਿਊਟ ਸਨੌਰਾ ਭੋਗਪੁਰ ਵਿਖੇ 'ਟੈਲੇਂਟ ਹੰਟ 2023' ਪ੍ਰੋਗਰਾਮ ਕਾਲਜ ਦੇ ਚੇਅਰਮੈਨ, ਪ੍ਰਿੰਸੀਪਲ ਅਤੇ ਅਧਿਆਪਕਾਂ ਦੀ ਅਗਵਾਈ ਹੇਠ ਕਰਵਾਇਆ ਗਿਆ ਜਿਸ ਦਾ ਮੁੱਖ ਮੰਤਵ ਵਿਦਿਅਰਥੀਆਂ ਦੇ ਹੁਨਰ ਨੂੰ ਪਹਿਚਾਨਣਾ ਸੀ। ਇਸ 'ਚ ਬੀ ਬੀ ਏ, ਬੀ ਸੀ ਏ, ਅਤੇ ਬੀ. ਵੌਕ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਗਿੱਧਾ, ਪੋਸਟਰ ਮੇਕਿੰਗ, ਰੰਗੋਲੀ, ਕੁਇੱਜ਼, ਭੰਗੜਾ, ਵੀਡੀਓ ਐਡੀਟਿੰਗ ਮੁਕਾਬਲੇ ਕਰਵਾਏ ਗਏ। ਅਧਿਆਪਕਾਂ ਨੇ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਹੋ ਕੇ ਖੂਬ ਰੰਗ ਬੰਨ੍ਹਿਆ। ਇਸ ਮੌਕੇ ਕਾਲਜ ਦੇ ਅਧਿਆਪਕ ਰਵਿੰਦਰ ਕੌਰ, ਪ੍ਰੀਤੀ ਚੋਪੜਾ, ਹਰਪਵਨਦੀਪ ਸਿੰਘ ਨੇ ਜੱਜ ਦੀ ਭੂਮਿਕਾ ਨਿਭਾਈ। ਅਧਿਆਪਕਾਂ ਨੇ ਇਹਨਾਂ ਹੋਣਹਾਰ ਬੱਚਿਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਉਹਨਾਂ ਦੀ ਹੌਂਸਲਾ ਅਫਜਾਈ ਕੀਤੀ।

## ਜੀਨੀਅਸ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)** ਜੀਨੀਆਸ ਸਕੂਲ 'ਚ ਤੀਜ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਸਾਰੇ ਬੱਚੇ ਹਰੇ ਰੰਗ ਦੀਆਂ ਪੋਸ਼ਾਕਾਂ ਪਾ ਕੇ ਆਏ। ਇਸ ਤੋਂ ਇਲਾਵਾ ਬੱਚਿਆਂ ਨੇ ਤੀਜ ਸੰਬੰਧੀ ਭਾਸ਼ਣ ਅਤੇ ਕਵਿਤਾਵਾਂ ਬੋਲੀਆਂ। ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਹਰਮਿੰਦਰ ਕੌਰ ਨੇ ਬੱਚਿਆਂ ਅਤੇ ਸਾਰੇ ਅਧਿਆਪਕਾਂਵਾ ਨੂੰ ਤੀਜ ਦਾ ਮਹੱਤਵ ਦੱਸਿਆ। ਇਸ ਮੌਕੇ ਤੇ ਸਕੂਲ ਦੇ ਮੁੱਖ ਪ੍ਰਬੰਧਕ ਸ੍ਰੀਮਤੀ ਗੁਣਵੰਤ ਕੌਰ ਅਤੇ ਸੂਬਾ ਭੁਪਿੰਦਰ ਸਿੰਘ, ਪ੍ਰਬੰਧਕ ਸ੍ਰੀਮਤੀ ਗੁਰਪ੍ਰੀਤ ਮਾਥੁਰ ਨੇ ਤੀਜ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ।



ਮਾਡਰਨ ਵਿੱਦਿਆ ਮੰਦਿਰ ਰਾਮਗੜ੍ਹ (ਫਿਲੌਰ) ਵਿਖੇ ਛੋਟੇ ਬੱਚਿਆਂ ਦੇ ਫੈਂਸੀ ਡ੍ਰੈੱਸ ਮੁਕਾਬਲੇ ਕਰਵਾਏ ਗਏ। 26 ਬੱਚਿਆਂ ਨੇ ਭਾਗ ਲਿਆ ਜਿਨ੍ਹਾਂ ਨੂੰ ਪ੍ਰਿੰਸੀਪਲ ਸੰਦੀਪ ਕੌਰ ਨੇ ਇਨਾਮ ਵੰਡੇ। (ਫੋਟੋ ਤੇ ਵੇਰਵਾ : ਨਿਰਮਲ ਫਿਲੌਰ)

## ਰੋੜੀ ਦੀ ਰਿਹਾਇਸ਼ ਸਾਹਮਣੇ ਧਰਨਾ ਦੇ ਕੇ ਮੰਗ ਪੱਤਰ ਸੌਂਪਿਆ



**ਮਾਹਿਲਪੁਰ (ਸਫਰੀ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੁੱਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ ਪੰਜਾਬ, ਦੋਆਬਾ ਕਿਸਾਨ ਯੂਨੀਅਨ ਦੇ ਆਗੂ ਦਰਸ਼ਨ ਸਿੰਘ ਮੱਟੂ, ਗੁਰਨੇਕ ਸਿੰਘ ਭੱਜਲ ਕੁਲ ਹਿੰਦ ਕਿਸਾਨ ਸਭਾ, ਹਰਮੇਸ਼ ਸਿੰਘ ਢੇਸੀ, ਕੁਲਵਿੰਦਰ ਸਿੰਘ ਚਾਹਲ ਕਿਰਤੀ ਕਿਸਾਨ ਯੂਨੀਅਨ, ਕੁਲਭੂਸ਼ਨ ਕੁਮਾਰ ਮਹਿੰਦਵਾਣੀ, ਪਿਆਰਾ ਸਿੰਘ ਡੀ ਈ ਓ ਜਮਹੂਰੀ ਕਿਸਾਨ ਸਭਾ, ਕਸ਼ਮੀਰ ਸਿੰਘ ਚੇਲਾ ਦੋਆਬਾ ਕਿਸਾਨ ਯੂਨੀਅਨ ਦੇ ਆਗੂਆਂ ਨੇ ਗਿਆਰਾਂ ਮੰਗਾਂ ਦਾ ਮੰਗ ਪੱਤਰ ਵਿਜੈ ਕੁਮਾਰ ਨਾਇਬ ਤਹਿਸੀਲਦਾਰ ਰਾਹੀਂ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਭੇਜਿਆ। ਉਪਰੋਕਤ ਆਗੂਆਂ ਨੇ ਕਿਹਾ ਕਿ ਨਰੇਂਦਰ ਮੋਦੀ ਦੀ ਕੇਂਦਰ ਸਰਕਾਰ ਹੜ੍ਹਾਂ ਨੂੰ ਕੌਮੀ ਆਫਤ ਐਲਾਨ ਕੇ ਪੰਜਾਬ ਸਰਕਾਰ ਨੂੰ ਦਸ ਹਜਾਰ ਕਰੋੜ ਰੁਪਏ ਦਾ ਰਾਹਤ ਪੈਕੇਜ ਦੇਵੇ। ਨੁਕਸਾਨ ਦਾ ਮੁਆਵਜਾ ਦੇਣ ਸਮੇਂ ਨਿਯਮਾਂ ਵਿੱਚ ਢਿੱਲ ਦਿੱਤੀ ਜਾਵੇ ਤਾਂ ਕਿ ਪੀੜਤ ਲੋਕਾਂ ਨੂੰ ਜਾਨ ਮਾਲ ਦਾ ਮੁਆਵਜਾ ਮਿਲ ਸਕੇ। ਸਟੇਜ ਦੀ ਕਾਰਵਾਈ ਹਰਭਜਨ ਸਿੰਘ ਅਟਵਾਲ ਨੇ ਚਲਾਈ।

ਇਸ ਮੌਕੇ ਸ਼ੇਰ ਜੰਗ ਬਹਾਦਰ ਸਿੰਘ, ਸੁਭਾਸ਼ ਮੱਟੂ, ਤਰਸੇਮ ਸਿੰਘ ਬੈਂਸ,ਮਲਕੀਅਤ ਸਿੰਘ ਬਾਹੋਵਾਲ, ਜੋਗਿੰਦਰ ਸਿੰਘ ਥਾਂਦੀ, ਗੋਪਾਲ ਸਿੰਘ ਥਾਂਦੀ, ਕਸ਼ਮੀਰ ਸਿੰਘ ਭੱਜਲ, ਪ੍ਰੇਮ ਸਿੰਘ ਰਾਨਾ, ਅਵਤਾਰ ਸਿੰਘ, ਮਾਸਟਰ ਸੋਹਣ ਸਿੰਘ, ਬਖਸ਼ੀਸ਼ ਸਿੰਘ ਦਿਆਲ, ਜੋਗਾ ਸਿੰਘ ਮੱਟੂ, ਰਾਮਜੀ ਦਾਸ, ਸ਼ਿੰਗਾਰਾ ਰਾਮ ਭੱਜਲ, ਮੱਖਣ ਸਿੰਘ ਲੰਗੇਰੀ, ਰਾਮਜੀਤ ਸਿੰਘ ਸਰਪੰਚ, ਕਾਲਾ ਚੇਲਾ,ਮਾਸਟਰ ਹੰਸ ਰਾਜ,ਇਕਬਾਲ ਸਿੰਘ ਜਸੋਵਾਲ, ਹਰਬੰਸ ਸਿੰਘ ਰਸੂਲ ਪੁਰ,ਹਰਨੇਕ ਸਿੰਘ ਬੰਗਾ, ਮੁਹੰਮਦ ਸੱਬਾ, ਐਮ ਐਲ ਏ ਰੋੜੀ ਦੇ ਇੰਚਾਰਜ ਬਲਜੀਤ ਸਿੰਘ ਸਰਪੰਚ,ਡੀ ਐਸ ਪੀ ਦਲਜੀਤ ਸਿੰਘ ਆਦਿ ਹਾਜਰ ਸਨ।

## ਗੁਰੂ ਨਾਨਕ ਖਾਲਸਾ ਕਾਲਜ ਵਿਖੇ ਐਂਟੀ ਰੈਗਿੰਗ ਹਫਤਾ ਮਨਾਇਆ



**ਸੁਲਤਾਨਪੁਰ ਲੋਧੀ, ( ਹਨੀ )**- ਗੁਰੂ ਨਾਨਕ ਖਾਲਸਾ ਕਾਲਜ, ਸੁਲਤਾਨਪੁਰ ਲੋਧੀ ਵਿਖੇ ਯੂਨੀਵਰਸਿਟੀ ਗਰਾਂਟ ਕਮਿਸ਼ਨ, ਸਿੱਖਿਆ ਮੰਤਰਾਲਾ, ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਂਟੀ ਰੈਗਿੰਗ ਹਫਤਾ ਮਨਾਇਆ ਗਿਆ। ਨੋਡਲ ਅਫਸਰ ਡਾ. ਮਨੀ ਛਾਬੜਾ ਦੀ ਅਗਵਾਈ ਹੇਠ ਪੂਰੇ ਹਫਤੇ ਦੌਰਾਨ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਲੇਖ ਰਚਨਾ ਮੁਕਾਬਲਾ, ਐਂਟੀ ਰੈਗਿੰਗ ਪ੍ਰਤੀ ਜਾਗਰੂਕਤਾ ਵਾਸਤੇ ਵਿਦਿਆਰਥੀਆਂ ਨੂੰ ਇੱਕ ਵਿਸ਼ੇਸ਼ ਡਾਕੂਮੈਂਟਰੀ ਵੀ ਦਿਖਾਈ ਗਈ। ਇੱਕ ਵਿਸ਼ੇਸ਼ ਸੈਮੀਨਾਰ ਦੌਰਾਨ ਡਾ. ਮਨੀ ਛਾਬੜਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰੈਗਿੰਗ ਦੀ ਰੋਕਥਾਮ ਸੰਬੰਧੀ ਯੂ.ਜੀ.ਸੀ. ਦੀਆਂ ਹਦਾਇਤਾਂ, ਨਿਯਮਾਂ, ਐਂਟੀ ਰੈਗਿੰਗ ਸੈੱਲ, ਹੈਲਪਲਾਈਨ ਨੰਬਰਾਂ ਬਾਰੇ ਜਾਣੂ ਕਰਵਾਇਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਵਿਦਿਆਰਥੀਆਂ ਨੂੰ ਕਾਲਜ ਵਿਖੇ ਬਣਾਏ ਗਏ ਐਂਟੀ ਰੈਗਿੰਗ ਸੈੱਲ ਬਾਰੇ ਜਾਣਕਾਰੀ ਦਿੰਦਿਆਂ ਇਸ ਪ੍ਰਤੀ ਜਾਗਰੂਕ ਰਹਿਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਵੱਖ-ਵੱਖ ਕਰਵਾਏ ਗਏ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਪੋਸਟਰ ਮੇਕਿੰਗ ਵਿੱਚੋਂ ਸਰਪ੍ਰੀਤ ਕੌਰ ਬੀ.ਕਾਮ ਸਮੈਸਟਰ ਤੀਜਾ ਨੇ ਪਹਿਲਾ, ਅਰਸ਼ਦੀਪ ਕੌਰ ਬੀ.ਕਾਮ ਸਮੈਸਟਰ ਤੀਜਾ ਨੇ ਦੂਸਰਾ, ਮਨਜਿੰਦਰ ਕੌਰ ਬੀ.ਕਾਮ ਸਮੈਸਟਰ ਤੀਜਾ ਨੇ ਤੀਸਰਾ ਸਥਾਨ ਹਾਸਲ ਕੀਤਾ।

ਲੇਖ ਰਚਨਾ ਮੁਕਾਬਲੇ ਵਿੱਚੋਂ ਸੁਨੀਧੀ ਬੀ.ਕਾਮ ਸਮੈਸਟਰ ਪਹਿਲਾ ਨੇ ਪਹਿਲਾ, ਪਿਊਸ਼ ਟੰਡਨ ਬੀ.ਕਾਮ ਸਮੈਸਟਰ ਪਹਿਲਾ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰੋ. ਸ਼ਿਲਪਾ ਅਰੋੜਾ, ਪ੍ਰੋ. ਪਲਕ, ਪ੍ਰੋ. ਕੋਮਲਪ੍ਰੀਤ ਕੌਰ, ਪ੍ਰੋ. ਮਨਮੀਤ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਹਰਿੰਦਰ ਕੌਰ, ਸ. ਅਮਰੀਕ ਸਿੰਘ ਆਦਿ ਹਾਜਰ ਸਨ। ਪ੍ਰੋ. ਸਿਮਰਜੀਤ ਕੌਰ ਨੇ ਸਟੇਜ ਦਾ ਸੰਚਾਲਨ ਕੀਤਾ।

## ਬੇਭਰੋਸਗੀ ਮਤੇ ਵਿਰੁੱਧ ਆਮ ਆਦਮੀ ਪਾਰਟੀ ਦੀ ਹੋਈ ਜਿੱਤ : ਜਿੰਪਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਥਾਨਕ ਨਗਰ ਨਿਗਮ ਆਮ ਆਦਮੀ ਪਾਰਟੀ ਦੇ ਖਿਲਾਫ ਵਿਰੋਧੀ ਧਿਰ ਵਲੋਂ ਲਿਆਂਦੇ ਗਏ ਬੇਭਰੋਸਗੀ ਮਤੇ ਖਿਲਾਫ ਆਮ ਆਦਮੀ ਪਾਰਟੀ ਨੇ ਵੱਡੀ ਜਿੱਤ ਹਾਸਿਲ ਕੀਤੀ ਹੈ। ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਨਗਰ ਨਿਗਮ ਵਿਰੋਧੀ ਧਿਰ ਵੱਲੋਂ ਲਿਆਂਦੇ ਬੇਭਰੋਸਗੀ ਮਤੇ ਦਾ ਢੁੱਕਵਾਂ ਜਵਾਬ ਮਿਲਿਆ ਹੈ। ਉਨ੍ਹਾਂ ਕਿਹਾ ਕਿ ਬੇਭਰੋਸਗੀ ਮਤੇ ਵਿਰੁੱਧ ਆਮ ਆਦਮੀ ਪਾਰਟੀ ਦਾ ਬਹੁਮਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਾਂਹਵਧੂ ਸੋਚ ਦੀ ਪੁਸ਼ਟੀ ਕਰਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ-ਕਾਂਗਰਸ ਦੇ ਵੱਡੇ ਆਗੂਆਂ ਨੇ ਨਗਰ ਨਿਗਮ ਨੂੰ ਤੋੜਨ ਦੀ ਪੂਰੀ ਕੋਸ਼ਿਸ਼ ਕੀਤੀ ਪਰ ਕੌਂਸਲਰਾਂ ਨੇ ਸਮਰਥਨ ਦਿੱਤਾ ਤੇ ਮੇਅਰ ਸੁਰਿੰਦਰ ਕੁਮਾਰ ਦੀ ਅਗਵਾਈ ਵਿੱਚ ਆਪਣਾ ਵਿਸ਼ਵਾਸ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਸਾਰੇ ਵਾਰਡਾਂ ਦੇ ਲੋਕਾਂ ਦੀ ਹਰ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰੇਗਾ ਅਤੇ ਇਸ ਗੱਲ ਨੂੰ ਯਕੀਨੀ ਬਣਾਏਗਾ ਕਿ ਕਿਸੇ ਵੀ ਵਾਰਡ ਵਿੱਚ ਲੋਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

## ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਅਕਾਦਮਿਕ ਸਫਲਤਾ ਵੱਲ



**ਜਲੰਧਰ (ਸ਼ੈਲੀ ਐਲਬਰਟ)**-ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਦੇ ਵਿਦਿਆਰਥੀ-ਅਧਿਆਪਕਾਂ ਨੇ ਜੀਐਨਡੀਯੂ ਬੀ.ਐੱਡ. ਸੈਮੀ-99 ਪ੍ਰੀਖਿਆ (ਮਈ 2023) ਵਿੱਚ ਜ਼ਿਲ੍ਹਾ ਪੱਧਰ 'ਤੇ ਦੂਜਾ ਸਥਾਨ ਹਾਸਲ ਕੀਤਾ । ਲਗਭਗ ਸਾਰੇ ਵਿਦਿਆਰਥੀ-ਅਧਿਆਪਕਾਂ ਨੇ 90% ਫਸਟ ਡਿਵੀਜ਼ਨਾਂ ਪ੍ਰਾਪਤ ਕਰਕੇ ਸ਼ਾਨਦਾਰ ਅੰਕ ਪ੍ਰਾਪਤ ਕੀਤੇ। ਅੱਠ ਵਿਦਿਆਰਥੀਆਂ ਨੇ ਵੱਖ-ਵੱਖ ਸਥਾਨ ਹਾਸਲ ਕੀਤੇ ਅਤੇ ਪੰਜਾਹ ਪ੍ਰਤੀਸ਼ਤ ਵਿਦਿਆਰਥੀ-ਅਧਿਆਪਕਾਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕੀਤੇ । ਯਸ਼ਿਕਾ ਜੈਨ ਨੇ 80% ਅੰਕ ਲੈ ਕੇ ਕਾਲਜ ਵਿੱਚੋਂ ਪਹਿਲਾ, ਐਨਾ ਨੇ 78.10% ਅੰਕ ਲੈ ਕੇ ਦੂਜਾ ਸਥਾਨ, ਅੰਮ੍ਰਿਤ ਕੌਰ ਅਤੇ ਸੋਨੀਆ ਨੇ 76% ਅੰਕ ਲੈ ਕੇ ਕਾਲਜ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ। ਇੰਨੋਸੈਂਟ ਹਾਰਟਸ ਗਰੁੱਪ ਦੀ ਕਾਰਜਕਾਰੀ ਡਾਇਰੈਕਟਰ (ਕਾਲਜ) ਸ਼੍ਰੀਮਤੀ ਅਰਾਧਨਾ ਬੌਰੀ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਟੀਚਿੰਗ ਪ੍ਰੈਕਟਿਸ ਸਕੂਲਾਂ ਵਿੱਚ ਹੋਰ ਤਰੱਕੀ ਕਰਨ ਦੀ ਕਾਮਨਾ ਕੀਤੀ। ਪ੍ਰਿੰਸੀਪਲ ਡਾ: ਅਰਜਿੰਦਰ ਸਿੰਘ ਨੇ ਵਿਦਿਆਰਥੀ-ਅਧਿਆਪਕਾਂ ਨੂੰ ਆਪਣੇ ਅਧਿਆਪਨ ਦੇ ਹੁਨਰ ਅਤੇ ਰਣਨੀਤੀਆਂ ਨੂੰ ਸਕੂਲੀ ਵਿਦਿਆਰਥੀਆਂ ਤੇ ਲਾਗੂ ਕਰਕੇ ਸਿਧਾਂਤ ਨੂੰ ਅਮਲ ਵਿੱਚ ਲਿਆਉਣ ਲਈ ਸੇਧ ਦਿੱਤੀ । ਮੈਨੇਜਮੈਂਟ ਦੇ ਮੈਂਬਰਾਂ, ਪ੍ਰਿੰਸੀਪਲ ਅਤੇ ਫੈਕਲਿਟੀ ਮੈਂਬਰਾਂ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉੱਤਮ ਪ੍ਰਦਰਸ਼ਨ ਲਈ ਵਧਾਈ ਦਿੱਤੀ। ਸਾਰੇ ਵਿਦਿਆਰਥੀਆਂ ਨੇ ਖ਼ੁਸ਼ੀ ਅਤੇ ਜਿੱਤ ਮਹਿਸੂਸ ਕੀਤੀ।।

## ਏ ਟੀ ਐੱਮ ਕਾਰਡ ਬਦਲ ਕੇ 35 ਹਜ਼ਾਰ ਰੁਪਏ ਠੱਗੇ



**ਅਲਾਵਲਪੁਰ ( ਮਦਨ ਬੰਗੜ )**- ਅਲਾਵਲਪੁਰ ਵਾਸੀ ਅਨਿਲ ਕੁਮਾਰ ਦਾ ਏ.ਟੀ.ਐਮ ਕਾਰਡ ਬਦਲ ਕੇ 35 ਹਜਾਰ ਰੁਪਏ ਦੀ ਠੱਗੀ ਮਾਰ ਲਈ। ਪੀੜਤ ਅਨਿਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਦਮਪੁਰ ਵਿਖੇ ਏਟੀਐਮ ਵਿੱਚੋਂ ਪੈਸੇ ਕਢਵਾਉਣ ਤੋਂ ਬਾਅਦ ਸ਼ਾਮ ਨੂੰ ਜਦੋਂ ਉਹ ਅਲਾਵਲਪੁਰ ਸਥਿਤ ਆਪਣੇ ਘਰ ਪਹੁੰਚਿਆ ਤਾਂ ਪੇਟੀਐਮ ਰਾਹੀਂ ਟ੍ਰਾਂਜੈਕਸ਼ਨ ਕਰਨ ਲੱਗਾ ਤਾਂ ਦੇਖਿਆ ਕਿ ਉਸ ਦੇ ਖਾਤੇ ਵਿੱਚੋਂ 35 ਹਜਾਰ ਰੁਪਏ ਕਢਵਾ ਲਏ ਗਏ ਸਨ। ਜਦੋਂ ਉਹ ਬੈਂਕ ਗਿਆ ਤਾਂ ਪਤਾ ਲੱਗਾ ਕਿ ਚਾਰ ਵਾਰ ਪੈਸੇ ਕਢਵਾਏ ਗਏ ਹਨ, ਤਿੰਨ ਵਾਰ 9500, ਇੱਕ ਵਾਰ 6500 ਕੁੱਲ 35 ਹਜ਼ਾਰ ਰੁਪਏ ਕਢਵਾਏ ਗਏ ਹਨ। ਇਸ ਤੋਂ ਬਾਅਦ ਬੈਂਕ ਅਧਿਕਾਰੀਆਂ ਦੀ ਸਲਾਹ 'ਤੇ ਏਟੀਐਮ ਕਾਰਡ ਨੂੰ ਬਲਾਕ ਕਰ ਦਿੱਤਾ ਗਿਆ। ਅਨਿਲ ਨੇ ਦੱਸਿਆ ਕਿ ਏਟੀਐਮ ਦੇ ਅੰਦਰ ਖੜ੍ਹੇ ਨੌਜਵਾਨ ਨੇ ਆਪਣਾ ਮੂੰਹ ਨਹੀਂ ਢੱਕਿਆ ਹੋਇਆ ਸੀ।

# ਖਲਵਾੜਾ ਚੇਅਰਮੈਨ ਤੇ ਸੰਗਤਪੁਰ ਬਣੇ ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੇ ਪ੍ਰਧਾਨ



**ਫਗਵਾੜਾ ( ਜਸਵਿੰਦਰ ਢੱਡਾ)**-ਪਬਲਿਕ ਸੇਵਾ ਡੈਮੋਕ੍ਰੇਟਿਕ ਫਰੰਟ ਦੀ ਪਲੇਠੀ ਮੀਟਿੰਗ ਅਕਾਲੀ ਗੁਰਦੁਆਰਾ ਬੰਗਾ ਰੋਡ ਫਗਵਾੜਾ ਵਿਖੇ ਹੋਈ। ਇਸ ਦੌਰਾਨ ਪਰਮਿੰਦਰ ਸਿੰਘ ਜੰਡੂ ਵਲੋਂ ਜੱਥੇਬੰਦੀ ਦੇ ਚੇਅਰਮੈਨ ਵਜੋਂ ਜਥੇਦਾਰ ਸਰੂਪ ਸਿੰਘ ਖਲਵਾੜਾ ਅਤੇ ਪ੍ਰਧਾਨਗੀ ਲਈ ਜਥੇਦਾਰ ਬਹਾਦਰ ਸਿੰਘ ਸਾਬਕਾ ਸਰਪੰਚ ਸੰਗਤਪੁਰ ਦਾ ਨਾਂਅ ਪੇਸ਼ ਕੀਤਾ ਗਿਆ, ਜਿਸ ਨੂੰ ਸਮੂਹ ਹਾਜਰੀਨ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਖਲਵਾੜਾ ਤੇ ਸੰਗਤਪੁਰ ਨੇ ਆਪਣੀ ਸਮੂਹ ਹਾਜਰੀਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੋ ਜ਼ਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਸਨੂੰ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਦੱਸਿਆ ਕਿ ਇਹ ਜੱਥੇਬੰਦੀ ਜਾਤੀ ਅਤੇ ਧਰਮ ਤੋਂ ਉੱਪਰ ਉੱਠ ਕੇ ਹਰ ਧਰਮ, ਪੰਥ ਤੇ ਫਿਰਕੇ ਨੂੰ ਨਾਲ ਲੈ ਕੇ ਚੱਲੇਗੀ, ਕਿਸੇ ਵੀ ਸਿਆਸੀ ਧਿਰ ਨਾਲ ਕੋਈ ਸਰੋਕਾਰ ਨਹੀਂ ਹੋਵੇਗਾ। ਸਟੇਜ ਦੀ ਸੇਵਾ ਆਰ.ਐਲ. ਜੱਸੀ ਨੇ ਨਿਭਾਈ। ਇਸ ਮੌਕੇ ਜੀ.ਪੀ. ਸਿੰਘ ਲੰਗੇਰੀ, ਗੁਰਦੀਪ ਸਿੰਘ ਕੰਗ, ਮਧੂਸੂਦਨ ਸਿੰਘ ਸੰਘਾ, ਬਾਰਾ ਸਿੰਘ, ਅਮਰੀਕ ਸਿੰਘ ਗਿਲ, ਸੁਖਬੀਰ ਸਿੰਘ ਕਿੰਨੜਾ, ਸੁਰਿੰਦਰ ਸਿੰਘ ਪਾਹਵਾ, ਤਜਿੰਦਰ ਸਿੰਘ ਬਿੱਟਾ, ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਲਵਲੀ, ਡਾ. ਅਸ਼ੋਕ ਕੁਮਾਰ ਭਾਟੀਆ, ਪਰਮਜੀਤ ਸਿੰਘ ਲੰਬੜ, ਸੁਰਿੰਦਰ ਸਿੰਘ ਸ਼ਿੰਦਾ ਦਰਵੇਸ਼ ਪਿੰਡ, ਸਤਨਾਮ ਸਿੰਘ ਜਗਤਪੁਰ, ਰੇਸ਼ਮ ਲਾਲ ਮੇਹਟਾਂ, ਓਮ ਪ੍ਰਕਾਸ਼ ਸਰਪੰਚ ਵਜੀਦੋਵਾਲ, ਹਰਬੰਸ ਲਾਲ ਬਿਸ਼ਨਪੁਰ, ਬਲਜਿੰਦਰ ਸਿੰਘ ਫਤਿਹਪੁਰ ਆਦਿ ਹਾਜਰ ਸਨ।

## ਸੋਹਾਣਾ ਵਿਖੇ ਮਨਾਇਆ ਤੀਆਂ ਦਾ ਤਿਉਹਾਰ



**ਐਸ ਏ ਐਸ ਨਗਰ, ( ਗੁਰਜੀਤ ਬਿੱਲਾ)**- ਪਿੰਡ ਸੋਹਾਣਾ ਵਿਖੇ ਬੀਬੀਆਂ ਵਲੋਂ ਪੂਰੀ ਰੀਝ ਅਤੇ ਰਵਾਇਤੀ ਤਰੀਕੇ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ। ਰਵਾਇਤੀ ਪਹਿਰਾਵੇ ਵਿੱਚ ਸਜੀਆਂ ਪਿੰਡ ਦੀਆਂ ਬੀਬੀਆਂ ਵਲੋਂ ਮਿਲ ਕੇ ਬੋਲੀਆਂ ਪਾਈਆਂ ਗਈਆਂ ਅਤੇ ਗਿੱਧਾ ਪਾ ਕੇ ਤੀਆਂ ਦੀ ਖੁਸ਼ੀ ਮਨਾਈ ਗਈ। ਵਿਸ਼ੇਸ਼ ਤੌਰ 'ਤੇ ਸੱਦੇ ਢੋਲੀ ਵਲੋਂ ਸਮਾਗਮ ਨੂੰ ਹੋਰ ਰੰਗੀਨ ਬਣਾ ਦਿੱਤਾ ਗਿਆ ਅਤੇ ਬੀਬੀਆਂ ਵਲੋਂ ਢੋਲ ਦੀ ਤਾਲ ਤੇ ਧਮਾਲਾਂ ਪਾਈਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਕੁਲਦੀਪ ਕੌਰ, ਬੀਬੀ ਸੁਮਨ ਕੌਰ, ਬੀਬੀ ਸੁਰਿੰਦਰ ਕੌਰ, ਬੀਬੀ ਗੁਰਮੀਤ ਕੌਰ, ਬੀਬੀ ਬਲਜੀਤ ਕੌਰ, ਬੀਬੀ ਜਸਪਿੰਦਰ ਕੌਰ, ਬੀਬੀ ਅਮਰਜੀਤ ਕੌਰ ਸਮੇਤ ਪਿੰਡ ਦੀਆਂ ਵੱਡੀ ਗਿਣਤੀ ਬੀਬੀਆਂ ਹਾਜਰ ਸਨ

## ਸਾਲਾਨਾ ਭਗਵਤੀ ਜਾਗਰਣ ਸ਼ਰਧਾ ਭਾਵਨਾ ਨਾਲ ਕਰਵਾਇਆ

**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)**-ਇਥੇ ਭਗਵਤੀ ਜਾਗਰਣ ਮੇਲਾ ਸ੍ਰੀ ਨਵ ਦੁਰਗਾ ਜਾਗਰਣ ਸੰਮਤੀ (ਰਜਿ) ਲੋਹੀਆ ਖਾਸ ਵੱਲੋ ਬੜੀ ਸ਼ਰਧਾ ਤੇ ਧੂੰਮਧਾਮ ਨਾਲ ਮਨਾਇਆ ਗਿਆ। ਮਾਂ ਦੀ ਪਵਿੱਤਰ ਜੋਤ ਜਵਾਲਾ ਜੀ ਮੰਦਿਰ ਤੋਂ ਲਿਆਂਦੀ ਗਈ। ਸਾਰੇ ਸ਼ਹਿਰ ਵਿੱਚ ਪਰਿਕਰਮਾ ਕਰਕੇ ਜਾਗਰਣ ਸਥਾਨ 'ਤੇ ਸੁਸ਼ੋਭਿਤ ਕੀਤੀ ਗਈ। ਵਿਧੀਵਤ ਪੂਜਾ ਅਰਚਨਾ ਪੰਡਿਤ ਵਿਸ਼ਨੂੰ ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਵੱਲੋਂ ਕੀਤੀ ਗਈ। ਉਪਰੰਤ ਮਹਾਮਾਈ ਦਾ ਗੁਣਗਾਣ ਦੀ ਸ਼ੁਰੂਆਤ ਮਹੰਤ ਅਸ਼ੋਕ ਸੀਤਲ ਐਂਡ ਪਾਰਟੀ ਜਲੰਧਰ ਵਾਲਿਆਂ ਨੇ ਕੀਤੀ ਉਪਰੰਤ ਅਧਿਸਠਾ ਅਨੁਸ਼ਕਾ ਨੇ ਮਹਾਮਾਈ ਦਾ ਗੁਣਗਾਨ ਕੀਤਾ। ਇਸ ਤੋਂ ਬਾਅਦ ਰਾਈਸਿੰਗ ਸਟਾਰ ਵਿਜੇਤਾ ਹੇਮਤ ਬ੍ਰਿਜਵਾਸੀ ਬ੍ਰਦਰਜ ਨੇ ਆਪਣੀ ਬੁਲੰਦ ਆਵਾਜ ਨਾਲ ਸੰਗਤਾਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ। ਇਸ ਮੌਕੇ ਆਮ ਆਦਮੀ ਪਾਰਟੀ ਤੋਂ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ, ਸ਼੍ਰੋਮਣੀ ਅਕਾਲੀ ਦਲ ਇੰਚਾਰਜ ਬਚਿੱਤਰ ਸਿੰਘ ਕੋਹਾੜ, ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਾਬਕਾ ਗ੍ਰਹਿ ਰਾਜ ਮੰਤਰੀ ਬ੍ਰਿਜ ਭੁਪਿੰਦਰ ਸਿੰਘ ਲਾਲੀ ਨੇ ਸ਼ਿਰਕਤ ਕੀਤੀ। ਸਟੇਜ ਸੰਚਾਲਨ ਦੀ ਭੂਮਿਕਾ ਕੁਲਵੰਤ ਰਾਏ ਸਰਮਾ ਨੇ ਨਿਭਾਈ। ਇਸ ਮੌਕੇ ਗੌਰਵ ਗੁਪਤਾ, ਇੰਦਰਜੀਤ ਬਬਲਾ, ਅਜੈ ਕੁਮਾਰ ਗੁਪਤਾ, ਰੁਪੇਸ਼ ਕੁਮਾਰ, ਹਨੀ ਗੁਪਤਾ, ਡਾ. ਵਿਸ਼ਾਲ ਗੁਪਤਾ, ਸੁਰਿੰਦਰ ਗੁਪਤਾ ਅਤੇ ਵਿਕਾਸ ਗੋਇਲ ਹਾਜਰ ਸਨ।

## ਮੇਹਰ ਚੰਦ ਪੋਲੀਟੈਕਨਿਕ ਵਿਖੇ ਨਵੇਂ ਸੈਸ਼ਨ ਦਾ ਸ਼ੁੱਭ ਆਰੰਭ



**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਨਵੇਂ ਸ਼ੈਸਨ ਦਾ ਸ਼ੁਭ ਆਰੰਭ ਹਵਨ ਕੁੰਡ ਵਿੱਚ ਆਹੁਤੀਆਂ ਪਾ ਕੇ ਮੰਤਰ ਉਚਾਰਣ ਦੇ ਨਾਲ ਕੀਤਾ ਗਿਆ । ਇਸ ਸਮਾਗਮ ਦੇ ਮੁੱਖ ਮਹਿਮਾਨ ਜਸਟਿਸ ਐਨ.ਕੇ.ਸੂਦ ਉਪ ਪ੍ਰਧਾਨ ਡੀ.ਏ.ਵੀ. ਮੈਨੇਜਿੰਗ ਕਮੇਟੀ ਤੇ ਵਿਸ਼ੇਸ਼ ਮਹਿਮਾਨ ਸੁਰਿੰਦਰ ਸਿੰਘ ਅਲੁਮਨੀ ਸਨ । ਇਸ ਵਿੱਚ ਅਜੀਤ ਗੋਸਵਾਮੀ, ਸੇਠ ਕੁੰਦਨ ਲਾਲ, ਸੁਧੀਰ ਸ਼ਰਮਾ, ਪ੍ਰਿੰਸੀਪਲ ਰਵਿੰਦਰ ਸ਼ਰਮਾ, ਪ੍ਰਿੰਸੀਪਲ ਜਤਿੰਦਰ ਸ਼ਰਮਾ, ਪ੍ਰਿੰਸੀਪਲ ਵਿਜੇ ਕੁਮਾਰ, ਪ੍ਰਿੰਸੀਪਲ ਐਸ.ਕੇ. ਗੌਤਮਮ, ਰਾਜ ਕੁਮਾਰ ਚੌਧਰੀ, ਵੀ.ਕੇ. ਕਪੂਰ, ਸ. ਕੁਲਵਿੰਦਰ ਸਿੰਘ ਵੀ ਸ਼ਾਮਿਲ ਹੋਏ।ਪ੍ਰਿੰਸੀਪਲ ਜਗਰੂਪ ਸਿੰਘ ਨੇ ਕਿਹਾ ਕਿ ਮੇਹਨਤ, ਲਗਨ ਅਤੇ ਦ੍ਰਿੜਤਾ ਨਾਲ ਵਿਦਿਆਰਥੀ ਸਭ ਕੁਝ ਹਾਸਿਲ ਕਰ ਸਕਦੇ ਹਨ। ਸੇਠ ਕੁੰਦਨ ਲਾਲ ਨੇ ਸਵਾਮੀ ਦਆਨੰਦ ਦੇ ਜੀਵਨ 'ਤੇ ਚਾਨਣਾ ਪਾਇਆ। ਸੁਰਿੰਦਰ ਸਿੰਘ ਨੇ ਗੀਤ ਗਾ ਕੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ । ਉਹਨਾਂ ਨੇ ਪੇਂਟ ਦੀਆਂ0 ਬਾਲਟੀਆਂ ਕਾਲਜ ਦੀ ਬਿਲਡਿੰਗ ਲਈ ਦਾਨ ਕੀਤੀਆਂ। ਸੁਧੀਰ ਸ਼ਰਮਾ ਨੇ ਕਿਹਾ ਕਿ ਉਹ 11 ਲੋੜਵੰਦ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਦੇਣਗੇ ਤੇ ਨਾਲ ਹੀ ਆਡੀਟੋਰੀਅਮ ਹਾਲ ਵਿੱਚ ਏ. ਸੀ. ਲਗਵਾਉਣਗੇ। ਇਸ ਮੌਕੇ ਲਾਲਾ ਮੇਹਰ ਚੰਦ ਐਵਾਰਡ ਜੇਤੂ ਵਿਭਾਗਾਂ ਨੂੰ ਦਿੱਤੇ ਗਏ। ਸਿਵਲ ਵਿਭਾਗ ਤੇ ਫਾਰਮੇਸੀ ਵਿਭਾਗ ਨੂੰ ਪਹਿਲਾ ਤੇ ਕੰਪਿਊਟਰ ਤੇ ਆਟੋਮੋਬਾਇਲ ਵਿਭਾਗ ਨੂੰ ਦੂਜਾ ਸਥਾਨ ਹਾਸਿਲ ਹੋਇਆ। ਇਹਨਾਂ ਵਿਭਾਗਾਂ ਨੂੰ ਨਗਦ ਇਨਾਮ ਵੀ ਦਿੱਤੇ ਗਏ। ਸਿਵਲ ਵਿਭਾਗ ਵਲੋਂ ਬੋਲੀਨਾ ਦੁਆਬਾ ਦੇ ਸਰਪੰਚ ਕੁਲਵਿੰਦਰ ਸਿੰਘ ਨੂੰ ਵਿਦਿਆਰਥੀਆਂ ਵਲੋਂ ਸਰਵੇ ਕੀਤਾ ਹੋਇਆ ਟੋਪੋਗ੍ਰਫਿਕ ਮੈਪ ਭੇਂਟ ਕੀਤਾ। ਮੰਚ ਸੰਚਾਲਨ ਪ੍ਰਭਦਿਆਲ ਨੇ ਕੀਤਾ ।

## ਲਾਇਲਪੁਰ ਖ਼ਾਲਸਾ ਕਾਲਜ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ



**ਜਲੰਧਰ (ਸ਼ੈਲੀ ਐਲਬਰਟ)**-: ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਬੀ.ਏ. ਸਮੈਸਟਰ ਪਹਿਲਾ ਦੇ ਵਿਦਿਆਰਥੀਆਂ ਦੇ ਸੁਆਗਤ ਵਿਚ ਇਕ ਪ੍ਰਭਾਸ਼ਾਲੀ ਸਾਮਗਮ ਕਰਵਾਇਆ ਗਿਆ। ਸਮਾਗਮ ਵਿਚ 600 ਦੇ ਕਰੀਬ ਵਿਦਿਆਰਥੀ ਸ਼ਾਮਲ ਹੋਏ। ਇਸ ਸਮਾਗਮ ਦਾ ਮੁੱਖ ਉਦੇਸ਼ ਬੀ.ਏ ਪਹਿਲਾ ਸਮੈਸਟਰ ਦੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਅਕਾਦਮਿਕ, ਸੱਭਿਅਚਾਰਕ ਅਤੇ ਸਮਾਜਿਕ ਮਾਹੌਲ ਨਾਲ ਜੋੜਨਾ ਸੀ। ਸਮਾਗਮ ਵਿਚ ਪ੍ਰਿੰਸੀਪਲ ਜਸਰੀਨ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉਨ੍ਹਾਂ ਕਿਹਾ ਕਿ ਬੀ. ਏ. ਕਲਾਸ ਸਾਡੀ ਧਰੋਹਰ ਹੈ। ਇਹ ਸਟਰੀਮ ਜਿੱਥੇ ਦੇਸ਼ ਨੂੰ ਪ੍ਰਸ਼ਾਸ਼ਨਿਕ ਅਧਿਕਾਰੀ ਮੁਹੱਈਆ ਕਰਦੀ ਹੈ, ਉੱਥੇ ਜੀਵਨ-ਜਾਂਚ ਵੀ ਸਮਾਜ ਨੂੰ ਸਿਖਾਉਂਦੀ ਹੈ।ਨਵੇਂ ਵਿਦਿਆਰਥੀਆਂ ਦੇ ਸੁਆਗਤ ਵਿਚ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਉਪਰੰਤ ਵਿਦਿਆਰਥੀਆਂ ਨੂੰ ਕਾਲਜ ਦੇ ਵੱਖ-ਵੱਖ ਪਹਿਲੂਆਂ ਤੋਂ ਜਾਣੂ ਕਰਵਾਇਆ ਗਿਆ।ਵਿਦਿਆਰਥੀਆਂ ਨੂੰ ਕਾਲਜ ਕੈਂਪਸ ਦਾ ਵਰਚੁਅਲ ਟੂਰ ਵੀ ਦਿੱਤਾ ਗਿਆ।। ਇਸ ਵਿਚ ਕਾਲਜ ਦੇ ਸੀਨੀਅਰ ਵਿਦਿਆਰਥੀਆਂ ਦੁਆਰਾ ਕਾਲਜ ਦੀਆਂ ਮਹੱਤਵਪੂਰਨ ਥਾਵਾਂ 'ਤੇ ਲਈਆਂ ਗਈਆਂ ਸੈਲਫੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ। ਕਾਲਜ ਦੇ ਸੀਨੀਅਰ ਵਿਦਿਆਰਥੀਆਂ ਦੁਆਰਾ ਆਪਣੇ ਜੂਨੀਅਰਾਂ ਦਾ ਸੁਆਗਤ ਕਰਨ ਲਈ ਲੋਕ ਗੀਤ, ਮਿਮਕਰੀ ਅਤੇ ਡਾਂਸ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਸਮਾਗਮ ਦੌਰਾਨ ਮੰਚ ਸੰਚਾਲਨ ਪ੍ਰੋ. ਗੀਤਾਂਜਲੀ ਮਹਾਜਨ ਦੁਆਰਾ ਕੀਤਾ ਗਿਆ।

# ਸਾਲਾਨਾ ਸੂਫੀਆਨਾ ਮੇਲਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ, ਓ ਪੀ ਰਾਣਾ)**—'ਤਾਜਦਾਰਾਂ ਦੇ ਨਾਂਅ ਅਮੀਰਾਂ ਦੇ, ਦੀਵੇ ਜਗਦੇ ਸਦਾ ਫਕੀਰਾਂ ਦੇ' ਅਖਾਣ ਮੁਤਾਬਿਕ 'ਜਾਗਦੇ ਰਹੋ ਸਭਿਆਚਾਰਕ ਮੰਚ ਰਜਿ. ਹੁਸ਼ਿਆਰਪੁਰ' ਤੇ ਬੱਧਣ ਪਰਵਾਰ ਵੱਲੋਂ 'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ.ਪੰਜਾਬ, ਇੰਡੀਆ' ਦੇ ਸਹਿਯੋਗ ਨਾਲ ਮੰਚ ਦੇ ਚੇਅਰਮੈਨ ਤਰਸੇਮ ਦੀਵਾਨਾ ਦੀ ਦੇਖ-ਰੇਖ ਹੇਠ ਸਵ. ਚੌਧਰੀ ਸਵਰਨ ਚੰਦ ਬੱਧਣ ਅਤੇ ਮਾਤਾ ਰਾਮ ਪਿਆਰੀ ਦੀ ਯਾਦ ਨੂੰ ਸਮਰਪਿਤ 'ਸਾਲਾਨਾ ਸੂਫੀਆਨਾ ਮੇਲਾ' 'ਦਰਬਾਰ ਹਜ਼ਰਤ ਸ਼ੇਖ ਜਮ੍ਹਾਂ ਹਬੀਬ ਉੱਲ ਸ਼ਾਹ' ਤੇ ਬਾਬਾ ਬਾਲਕ ਨਾਥ ਜੀ ਦਾ ਉਤਸਵ ਮੁਹੱਲਾ ਭਗਤ ਨਗਰ ਹੁਸ਼ਿਆਰਪੁਰ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਅਰੰਭਤਾ ਚਿਰਾਗ ਰੌਸ਼ਨ ਚਾਦਰ ਤੇ ਨਿਸ਼ਾਨ ਸਾਹਿਬ ਚਾੜਨ ਨਾਲ ਹੋਈ। ਮਹੰਤ ਲਾਡੀ ਸਲਵਾੜਾ ਨੇ ਮੇਲੇ ਦਾ ਆਗਾਜ਼ ਬਾਬਾ ਜੀ ਦੀ ਆਰਤੀ ਅਤੇ ਗਣੇਸ਼ ਵੰਦਨਾ ਨਾਲ ਕੀਤਾ। ਉਪਰੰਤ ਸੂਫ਼ੀ ਗਾਇਕ ਜਤਿੰਦਰ ਗੋਲਡੀ, ਵਿੰਕਲ ਫਾਜ਼ਿਲਕਾ, ਰਾਣੀ ਰਣਦੀਪ ਨੇ ਆਪਣੀ ਮਨਮੋਹਕ ਗਾਇਕੀ ਦਾ ਰੰਗ ਬੰਨ੍ਹਿਆ। ਲਾਲ ਚੰਦ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਸੂਫੀ ਗਾਇਕ ਉਸਤਾਦ ਸੁਰਿੰਦਰਪਾਲ ਪੰਛੀ ਨੇ ਉਸਤਾਦ ਦੀ ਯਾਦ ਤਾਜ਼ਾ ਕਰਵਾ ਦਿੱਤੀ। ਸੂਫ਼ੀ ਰੰਗ ਵਾਲੇ ਗਾਇਕ ਅਜਮੇਰ ਦੀਵਾਨਾ ਅਤੇ ਉੱਘੇ ਸੂਫ਼ੀ ਗਾਇਕ ਤਰਸੇਮ ਦੀਵਾਨਾ ਦੀ ਲਾਡਲੀ ਬੇਟੀ ਅਲੀਜ਼ਾ ਦੀਵਾਨਾ ਨੇ ਪਹਿਲੀ ਵਾਰ ਸਟੇਜ 'ਤੇ ਆਪਣੀ ਪੇਸ਼ਕਾਰੀ ਦਿੱਤੀ।

ਬਲਵਿੰਦਰ ਸੋਨੂੰ, ਸੱਤਾ ਮੰਢਾਲੀ, ਸੂਫੀ ਗਾਇਕ ਤਰਸੇਮ ਦੀਵਾਨਾ ਨੇ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੇਲੇ ਦੌਰਾਨ ਗਾਇਕ ਰਣਜੋਧ ਕੁਰਾਲੀ, ਬਲਵਿੰਦਰ ਹੁਸ਼ਿਆਰਪੁਰੀ, ਨਰੇਸ਼ ਸੇਠੀ, ਸੂਫ਼ੀ ਗਾਇਕ ਕੇ. ਕੁਲਦੀਪ ਤੇ ਪ੍ਰਸਿੱਧ ਗੀਤਕਾਰ ਘੁੱਲਾ ਸਰਹੱਲੇ ਵਾਲਾ ਨੇ ਗਾਇਨ ਕਲਾ ਦਾ ਲੋਹਾ ਮਨਵਾਇਆ। ਉੱਘੇ ਸਮਾਜ ਸੇਵੀ ਅਤੇ ਅਧਿਆਪਕ ਜੋੜੀ ਜਸਵਿੰਦਰ ਸਿੰਘ ਸਹੋਤਾ ਜਨਰਲ ਸਕੱਤਰ ਡਿਸਏਬਲਡ ਪਰਸਨਸ ਵੈਲਫ਼ੇਅਰ ਸੋਸਾਇਟੀ ਅਤੇ ਉਨ੍ਹਾਂ ਦੀ ਧਰਮ ਪਤਨੀ ਹਰਮਿੰਦਰ ਕੌਰ ਨੂੰ ਦਿਵਿਆਂਗਾਂ ਲਈ ਨਿਭਾਈਆਂ ਜਾ ਰਹੀਆਂ ਵਿਲੱਖਣ ਸੇਵਾਵਾਂ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਸੁੰਦਰ ਸ਼ਾਮ ਅਰੋੜਾ ਸਾਬਕਾ ਕੈਬਨਿਟ ਮੰਤਰੀ, ਡਾ. ਰਾਜ ਕੁਮਾਰ ਚੱਬੇਵਾਲ ਵਿਧਾਇਕ ਹਲਕਾ ਚੱਬੇਵਾਲ ,ਵਿਜੈ ਸਾਂਪਲਾ ਸਾਬਕਾ ਚੇਅਰਮੈਨ ਕਰਮਜੀਤ ਕੌਰ ਚੇਅਰਮੈਨ ਨਗਰ ਸੁਧਾਰ ਟਰੱਸਟ,ਵਿਕਰਮ ਸ਼ਰਮਾ ਚੇਅਰਮੈਨ ਸਹਿਕਾਰੀ ਬੈਂਕ,ਸੰਦੀਪ ਸੈਣੀ ਜਾਇੰਟ ਸੈਕਟਰੀ ਪੰਜਾਬ, ਹਰਦੇਵ ਸਿੰਘ ਕੌਸਲ ਸੂਬਾ ਪ੍ਰਧਾਨ ਬੀਸੀ ਵਿੰਗ ਲੋਕ ਇਨਸਾਫ਼ ਪਾਰਟੀ,ਸੂਫੀ ਫਕੀਰਾਂ ਅਤੇ ਸੰਤ ਲੋਕਾਂ ਵਿੱਚ ਸਰਵ ਸਾਈਂ ਸੋਢੀ ਸ਼ਾਹ ਕਾਦਰੀ ਮਹਿਮੋਵਾਲ, ਸਾਈਂ ਹਨੀ ਸ਼ਾਹ ਖੇੜੇ ਵਾਲੇ, ਹੈਪੀ ਸਾਈਂ ਮਾਨਾ ਵਾਲੇ, ਸਾਈਂ ਕਮਲਜੀਤ ਕੌਰ ਭਗਤ ਨਗਰ, ਪੰਮਾ ਭਗਤ ਫੋਲੜੀਵਾਲ, ਸਾਈਂ ਵਿਸ਼ਾਲ ਆਬਾਦਪੁਰਾ ਜਲੰਧਰ ਵਾਲੇ, ਜਸਵਿੰਦਰ ਰਾਜਪੂਤ ਬਸਤੀ ਸ਼ੇਖ ਜਲੰਧਰ ਵਾਲੇ, ਗਗਨ ਸਾਈਂ ਜਮਸ਼ੇਰ ਵਾਲੇ, ਵਿੱਕੀ ਦੇਵਾ ਹੁਸ਼ਿਆਰਪੁਰ ਵਾਲੇ, ਸਾਂਈਂ ਮਨਜੀਤ ਸ਼ਾਹ ਧੀਣਾਂ ਵਾਲੇ , ਸਾਂਈਂ ਬਗੀਚੇ ਸ਼ਾਹ ਭੁਲੱਥ ਵਾਲੇ, ਸਾਈਂ ਤਰਸੇਮ ਸ਼ਾਹ ਰੱਤਾ ਨੌਂ ਗਰਾਵਾਂ, ਸੰਤ ਦਿਨੇਸ਼ ਗਿਰ ਭਗਤ ਨਗਰ, ਬਾਬਾ ਰਾਮ ਮੂਰਤੀ ਬੱਧਣ ਨਾਰਾ ਵਾਲੇ, ਬਾਬਾ ਜੀਵਨ ਸ਼ਾਹ ਕਾਦਰੀ ਨਾਰੇ ਵਾਲੇ, ਵੈਦ ਜੀ ਚੱਗਰਾਂ ਬਲਵੀਰ ਸੈਣੀ ਪੰਜਾਬ ਪ੍ਰਧਾਨ, ਵਿਨੋਦ ਕੌਸ਼ਲ ਸਕੱਤਰ ਜਨਰਲ,ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ, ਬੇਗਮਪੁਰਾ ਟਾਈਗਰ ਫੋਰਸ ਵੱਲੋਂ ਸੂਬਾ ਪ੍ਰਧਾਨ, ਵੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ, ਜ਼ਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ ਤੋਂ ਰਮਨ ਕੁਮਾਰ ਵਰਮਾ ਚੀਫ ਐਡੀਟਰ ਨਿਊਜ਼ ਹੰਟ ਡੇਲੀ ਈਵਨਿੰਗ ,ਪੰਚਾਇਤ ਬਾਣੀ , ਆਜ ਕੀ ਆਜ , ਸ਼ਿਵਨੰਦਨ ਅਡੀਟਰ ਤੇ ਐਮ ਡੀ ਇਲਾਵਾ ਹੋਰ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਹਾਜ਼ਰੀਆਂ ਭਰੀਆਂ।'ਅਹਿਮ ਸ਼ਖਸ਼ੀਅਤਾਂ ਦਾ ਮੈਡਲ ਅਤੇ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ।

21-AUG-PAGE-10.qxd 8/20/2023 9:54 PM Page 1



# ਮੰਗਾਂ ਨੂੰ ਲੈ ਕੇ ਪਟਵਾਰੀ ਤੇ ਕਾਨੂੰਨਗੋ ਮੁੱਖ ਮੰਤਰੀ ਦੇ ਹਲਕੇ ’ਚ ਗਰਜੇ

## ਮੁੱਖ ਮੰਤਰੀ ਕੀਤੇ ਐਲਾਨਾਂ ਨੂੰ ਅਮਲੀ ਜਾਮਾ ਪਹਿਨਾਉਣ : ਢੀਂਡਸਾ



ਧਰਨੇ ਦੌਰਾਨ ਹਾਜ਼ਰ ਪਟਵਾਰ ਕਰਮੀ।

**ਧੂਰੀ (ਰਾਜੇਸਵਰ ਪਿੰਟੂ, ਬਿੰਨੀ ਗਰਗ)**-ਦੀ ਰੈਵੀਨਿਊ ਪਟਵਾਰ ਯੂਨੀਅਨ ਵੱਲੋਂ ਹੱਕੀ ਮੰਗਾਂ ਨੂੰ ਲੈ ਕੇ ਸਥਾਨਕ ਨਵੀਂ ਅਨਾਜ ਮੰਡੀ ਵਿਖੇ ਸੂਬਾ ਪ੍ਰਧਾਨ ਹਰਵੀਰ ਸਿੰਘ ਢੀਂਡਸਾ ਦੀ ਅਗਵਾਈ ਹੇਠ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਜ਼ਿਲ੍ਹਾ ਸੰਗਰੂਰ, ਮਾਲੇਰਕੋਟਲਾ, ਬਰਨਾਲਾ, ਬਠਿੰਡਾ, ਮਾਨਸਾ, ਪਟਿਆਲਾ, ਫਤਿਹਗੜ੍ਹ ਸਾਹਿਬ ਤੇ ਲੁਧਿਆਣਾ ਦੇ ਪਟਵਾਰੀ, ਕਾਨੂੰਗੋ ਤੇ ਸਿਖਿਆਰਥੀ ਪਟਵਾਰੀਆਂ ਨੇ ਸ਼ਿਰਕਤ ਕੀਤੀ।

ਸੂਬਾ ਪ੍ਰਧਾਨ ਹਰਵੀਰ ਸਿੰਘ ਢੀਂਡਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ, ਜੋ ਅਨਾਊਂਸਮੈਂਟਾਂ 1090 ਪਟਵਾਰੀਆਂ ਨੂੰ ਨਿਯੁਕਤੀ ਪੱਤਰ ਦੇਣ ਸਮੇਂ ਕੀਤੀਆਂ ਸੀ, (ਟਰੇਨਿੰਗ ਸਮਾਂ ਘੱਟ ਹੋਣਾ ’ਤੇ ਪੂਰੀ ਤਨਖਾਹ ਤੇ ਟ੍ਰੇਨਿੰਗ ਸਰਵਿਸ ਦਾ ਹਿੱਸਾ), ਸਿਰਫ ਅਨਾਊਂਸਮੈਂਟਾਂ ਹੀ ਰਹਿ ਗਈਆਂ, ਅਮਲ ਵਿੱਚ ਨਹੀਂ ਲਿਆਂਦਾ ਗਿਆ, ਜਿਸ ਕਾਰਨ ਸਮੂਹ ਪਟਵਾਰ ਕਰਮੀਆਂ ਵਿੱਚ ਰੋਸ ਦੀ ਲਹਿਰ ਹੈ। ਉਨ੍ਹਾ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਕਰਦਿਆਂ 1996 ਤੋਂ ਲੰਬਿਤ ਕੇਸਾਂ ਵਿੱਚ ਹੋਏ ਫੈਸਲਿਆਂ ਨੂੰ ਪ੍ਰਭਾਵਿਤ ਮੁਲਾਜ਼ਮਾਂ ਦੇ ਹੱਕ ਵਿੱਚ ਲਾਗੂ ਕਰਨ ਤੇ ਸੇਵਾ ਮੁਕਤ ਪਟਵਾਰੀਆਂ ਦਾ ਕਾਰਜਕਾਲ ਨਾ ਵਧਾਉਣ, ਸ਼ਹਿਰੀਕਰਨ ਹੋਣ ਕਾਰਨ ਪਟਵਾਰ ਸਰਕਲਾਂ ਵਿੱਚ ਵਾਧਾ ਕੀਤਾ ਜਾਵੇ। ਬਲਾਕ ਪ੍ਰਧਾਨ ਸਤਿੰਦਰਪਾਲ ਸਿੰਘ ਪੰਨੂ ਨੇ ਦੱਸਿਆ ਕਿ ਧਰਨੇ ਵਿੱਚ ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ ਨੇ ਧਰਨਾਕਾਰੀਆਂ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਯੂਨੀਅਨ ਦੀ 23 ਅਗਸਤ ਨੂੰ ਮਾਲ ਮੰਤਰੀ ਪੰਜਾਬ ਨਾਲ ਤੇ 30 ਅਗਸਤ ਨੂੰ ਪ੍ਰਿੰਸੀਪਲ ਸਕੱਤਰ ਟੂ ਮੁੱਖ ਮੰਤਰੀ ਨਾਲ ਮੀਟਿੰਗ ਫ਼ਿਕਸ ਕਰਵਾ ਦਿੱਤੀ ਗਈ ਹੈ ਤੇ 30 ਅਗਸਤ ਤੋਂ 15 ਦਿਨਾਂ ਦੇ ਅੰਦਰ ਅੰਦਰ ਮੁੱਖ ਮੰਤਰੀ ਨਾਲ ਮੀਟਿੰਗ ਫ਼ਿਕਸ ਕਰਵਾਈ ਜਾਵੇਗੀ। ਜਥੇਬੰਦੀ ਨੇ ਚੇਤਾਵਨੀ ਭਰੇ ਲਹਿਜੇ ’ਚ ਕਿਹਾ ਕਿ ਜੇਕਰ ਮੀਟਿੰਗਾਂ ਵਿੱਚ ਕੋਈ ਸਿੱਟਾ ਨਾ ਨਿਕਲਿਆ ਤਾਂ 8 ਸਤੰਬਰ ਤੋਂ ਜ਼ਿਲ੍ਹਾ ਪੱਧਰੀ ਧਰਨੇ ਦਿੱਤੇ ਜਾਣਗੇ। ਇਸ ਮੌਕੇ ਸੁਖਵਿੰਦਰ ਸਿੰਘ ਸੁੱਖੀ ਜਨਰਲ ਸਕੱਤਰ, ਮੋਹਨ ਸਿੰਘ ਭੇਡਪੁਰਾ ਪ੍ਰਧਾਨ ਕਾਨੂੰਨਗੋ ਯੂਨੀਅਨ, ਸੰਦੀਪ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਸੰਗਰੂਰ, ਦੀਦਾਰ ਸਿੰਘ ਛੋਕਰਾ ਜ਼ਿਲ੍ਹਾ ਪ੍ਰਧਾਨ ਮਾਲੇਰਕੋਟਲਾ ਸਮੇਤ ਵੱਡੀ ਗਿਣਤੀ ’ਚ ਪਟਵਾਰੀ ਤੇ ਕਾਨੂੰਨਗੋਆਂ ਨੇ ਸ਼ਿਰਕਤ ਕੀਤੀ।

# ਮਜ਼ਦੂਰ ਦੇ ਘਰ ਨੂੰ ਲੱਗੀ ਅੱਗ, ਘਰੇਲੂ ਸਾਮਾਨ ਸੜ ਕੇ ਸਵਾਹ

## ਪਰਿਵਾਰ ਵੱਲੋਂ ਵਿਧਾਇਕ ਤੇ ਪ੍ਰਸ਼ਾਸਨ ਨੂੰ ਮਦਦ ਦੀ ਪੁਕਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹੇ ਦੇ ਪਿੰਡ ਉਦੇਕਰਨ ਵਿਖੇ ਇੱਕ ਗਰੀਬ ਪਰਿਵਾਰ ਦੇ ਘਰ ਅੱਗ ਲੱਗਣ ਕਾਰਨ ਘਰ ’ਚ ਪਿਆ ਸਾਰਾ ਸਾਮਾਨ ਸੜ ਕੇ ਸਵਾਹ ਹੋ ਗਿਆ। ਇਸ ਮੌਕੇ ਘਰ ਦੇ ਮਾਲਕ ਜਗਵੀਰ ਸਿੰਘ ਨੇ ਦੱਸਿਆ ਕਿ ਉਹ ਮਜ਼ਦੂਰੀ ਦਿਹਾੜੀ ਦਾ ਕੰਮ ਕਰਦਾ ਹੈ ਤੇ ਸਵੇਰੇ ਕਰੀਬ 6 ਵਜੇ ਉਹ ਸਮੇਤ ਪਰਿਵਾਰ ਮਜ਼ਦੂਰੀ ਕਰਨ ਲਈ ਚਲਾ ਗਿਆ ਸੀ ਤੇ ਕਰੀਬ ਦੁਪਹਿਰ 1 ਵਜੇ ਉਨ੍ਹਾਂ ਨੂੰ ਪਿੰਡ ਵਾਸੀਆਂ ਦਾ ਫੋਨ ਆਇਆ ਕਿ ਤੁਹਾਡੇ ਘਰ ’ਚ ਅੱਗ ਲੱਗ ਚੁੱਕੀ ਹੈ ਤਾਂ ਜਦੋਂ ਤੱਕ ਮੈਂ ਘਰ ਪਹੁੰਚਿਆ, ਉਦੋਂ ਤੱਕ ਮੇਰੀ ਕੁੜੀ ਦੇ ਦਾਜ ਲਈ ਜੋੜਿਆ ਸਾਮਾਨ ਤੇ ਹੋਰ ਘਰੇਲੂ ਵਰਤੋਂ ਵਾਲਾ ਸਾਰਾ ਸਾਮਾਨ ਬੈੱਡ, ਵਾਸ਼ਿੰਗ ਮਸ਼ੀਨ, ਫਰਿੱਜ, ਪੱਖਾ, ਐੱਲ ਸੀ ਡੀ ਸਮੇਤ ਸਟੈਂਡ, ਟੀ ਵੀ ਕੈਬਿਨ, ਮੰਜੇ, ਵਾਟਰਕੂਲਰ ਇੱਥੇ ਤੱਕ ਕਿ ਘਰ ਵਿੱਚ ਪਈ ਕਣਕ ਵੀ ਸੜ ਚੁੱਕੀ ਸੀ। ਪੀੜ੍ਹਤ ਜਗਵੀਰ ਸਿੰਘ ਨੇ ਦੱਸਿਆ ਕਿ ਇਸ ਘਟਨ ’ਚ ਉਸ ਦਾ ਕਰੀਬ 2 ਤੋਂ ਢਾਈ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਤੇ ਉਸ ਨੇ ਪ੍ਰਸ਼ਾਸਨ, ਪੰਜਾਬ ਸਰਕਾਰ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਮੱਦਦ ਦੀ ਪਾਕਰ ਲਗਾਈ ਹੈ।

# ਬਿਹਾਰ ’ਚ ਪੱਤਰਕਾਰ ਨੂੰ ਗੋਲੀਆਂ ਮਾਰ ਕੇ ਮਾਰਨ ਦੀ ਨਿੰਦਾ

## ਪੀ ਐੱਫ ਆਈ ਵੱਲੋਂ ਮੁਆਵਜ਼ੇ ਦੀ ਮੰਗ

**ਧੂਰੀ (ਬਿੰਨੀ ਗਰਗ)**-ਪ੍ਰੈੱਸ ਫੈਡਰੇਸ਼ਨ ਆਫ ਇੰਡੀਆ ਦੇ ਚੇਅਰਮੈਨ ਵਿਵੇਕ ਸਿੰਧਵਾਨੀ ਤੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਬਿਹਾਰ ਦੇ ਅਰਨੀਆ ਵਿੱਚ ਹਿੰਦੀ ਅਖ਼ਬਾਰ ਦੇ ਪੱਤਰਕਾਰ ਦੀ ਉਸ ਦੇ ਘਰ ਵਿੱਚ ਹੀ ਗੋਲੀਆਂ ਮਾਰ ਕੇ ਮਾਰਨ ਦੀ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਪੱਤਰਕਾਰਾਂ ਦੀ ਸੁਰੱਖਿਆ ਲਈ ਕੋਈ ਵੀ ਸਖ਼ਤ ਕਾਨੂੰਨ ਨਹੀਂ ਬਣਾ ਰਹੀ, ਜਦਕਿ ਪ੍ਰਸ਼ਾਸਨ ਤੇ ਸਰਕਾਰਾਂ ਦਰਮਿਆਨ ਦੱਬੇ ਕੁਚਲੇ ਲੋਕਾਂ ਦੀ ਅਵਾਜ਼ ਬਣ ਕੇ ਵਿਚਰਣ ਵਾਲੇ ਪੱਤਰਕਾਰ ਭਾਈਚਾਰਾ ਲੋਕਾਂ ਨੂੰ ਇਨਸਾਫ ਦਿਵਾਉਣ ਦਾ ਕੰਮ ਕਰਨ ਦੇ ਬਾਵਜੂਦ ਖ਼ੁਦ ਇਨਸਾਫ ਤੋਂ ਵਾਂਝਾ ਹੈ। ਉਨ੍ਹਾਂ ਕਿਹਾ ਕਿ ਪੱਤਰਕਾਰ ਵਿਮਲ ਕੁਮਾਰ ਯਾਦਵ (35) ਨੂੰ ਉਸ ਦੇ ਘਰ ਵਿੱਚ ਹੀ ਗੋਲੀਆਂ ਮਾਰ ਕੇ ਮਾਰਨਾ ਨਿੰਦਣਯੋਗ ਹੈ। ਉਨ੍ਹਾਂ ਇਸ ਮਾਮਲੇ ਵਿੱਚ ਬਿਹਾਰ ਸਰਕਾਰ ਨੂੰ ਦੋਸ਼ੀਆਂ ਖ਼ਿਲਾਫ ਸਖ਼ਤ ਕਾਰਵਾਈ ਕਰਨ ਤੇ ਮ੍ਰਿਤਕ ਪੱਤਰਕਾਰ ਦੇ ਪਰਿਵਾਰ ਲਈ ਇੱਕ ਕਰੋੜ ਰੁਪੈ ਦਾ ਮੁਆਵਜ਼ਾ ਅਤੇ ਪਰਿਵਾਰਕ ਮੈਂਬਰ ਲਈ ਸਰਕਾਰੀ ਨੌਕਰੀ ਦੀ ਮੰਗ ਕੀਤੀ। ਆਗੂਆਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦੇਸ਼ ਦੇ ਗ੍ਰਹਿ ਮੰਤਰੀ, ਬਿਹਾਰ ਦੇ ਮੁੱਖ ਮੰਤਰੀ, ਚੀਫ ਸੈਕਟਰੀ, ਡੀ.ਜੀ.ਪੀ. ਨੂੰ ਪੱਤਰ ਲਿਖ ਕੇ ਇਨਸਾਫ ਦੀ ਮੰਗ ਕੀਤੀ ਜਾਵੇਗੀ।

# ਪੰਜਾਬ ਕੋ-ਐਜੂਕੇਸ਼ਨ ਸਕੂਲ ਖੇਡਾਂ ’ਚ ਵੀ ਅੱਵਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਇਲਾਕੇ ਦੀ ਵਿੱਦਿਆ ਦੇ ਖੇਤਰ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੀ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਦੇ ਵਿਦਿਆਰਥੀਆਂ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 67ਵੀਆਂ ਪੰਜਾਬ ਰਾਜ ਜ਼ੋਨ ਪੱਧਰੀ ਖੇਡਾਂ (2023-24) ਵਿੱਚ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ। ਇਨ੍ਹਾਂ ਖੇਡ ਮੁਕਾਬਲਿਆਂ ਦਾ ਆਯੋਜਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਮੇਹਰ ਸਿੰਘ ਵਾਲਾ ਵਿਖੇ ਹੋਇਆ, ਜਿੱਥੇ ਬਾਘਾ ਪੁਰਾਣਾ ਜ਼ੋਨ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਖੇਡ ਮੁਕਾਬਲਿਆਂ ’ਚ ਪੰਜਾਬ ਕੋ-ਐਜੂਕੇਸ਼ਨ ਸਕੂਲ ਦੇ ਲੜਕਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੈਡਮਿੰਟਨ ਅੰਡਰ-19 ਤੇ ਅੰਡਰ-17 ਵਿੱਚੋਂ ਲੜਕਿਆਂ ਨੇ ਪਹਿਲਾ ਤੇ ਅੰਡਰ-14 ’ਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਸ਼ਾਨਦਾਰ ਸਫ਼ਲਤਾ ਲਈ ਸੰਸਥਾ ਦੇ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਸੰਦੀਪ ਮਹਿਤਾ, ਕੋ-ਆਰਡੀਨੇਟਰ ਮੁਕੇਸ਼ ਅਰੋੜਾ ਤੇ ਕੋ-ਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ ਨੇ ਵਿਦਿਆਰਥੀਆਂ ਤੇ ਕੋਚ ਨਵਨੀਤ ਸਿੰਘ ਅਤੇ ਡੀ.ਪੀ.ਈ. ਬਲਰਾਜ ਸਿੰਘ ਨੂੰ ਵਧਾਈ ਦਿੱਤੀ ਅਤੇ ਅਗਲੇਰੇ ਮੁਕਾਬਲਿਆਂ ਲਈ ਵਿਦਿਆਰਥੀਆਂ ਦੀ ਇਸੇ ਤਰ੍ਹਾਂ ਅਗਵਾਈ ਕਰਨ ਲਈ ਉਤਸ਼ਾਹਤ ਕੀਤਾ। ਡਾਇਰੈਕਟਰ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਭਵਿੱਖ ’ਚ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਤੇ ਖੇਡਾਂ ’ਚ ਬਰਾਬਰ ਦਿਲਚਸਪੀ ਲੈਣ ਲਈ ਪ੍ਰੇਰਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ ਅਤੇ ਅਗਲੇਰੇ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਚੇਅਰਮੈਨ ਜੱਸੀ ਨੇ ਵਿਕਾਸ ਕਾਰਜਾਂ ਸੰਬੰਧੀ ਕੀਤੀ ਮੁੱਖ ਮੰਤਰੀ ਨਾਲ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**-ਪਟਿਆਲਾ ਜ਼ਿਲ੍ਹੇ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਕੇ ਜਿਲੇ ਦੇ ਸਮੁੱਚੇ ਵਿਕਾਸ ਕਾਰਜਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ। ਉਪਰੰਤ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਨੂੰ ਵਿਸ਼ਵਾਸ ਦਿੱਤਾ ਗਿਆ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਥੋੜ ਨਹੀਂ ਆਉਣ ਦਿੱਤੀ ਜਾਵੇਗੀ। ਉਹ ਭਾਵੇਂ ਨਾਭਾ ਹੋਵੇ, ਪਟਿਆਲਾ ਹੋਵੇ ਜਾਂ ਸਮੁੱਚਾ ਪੰਜਾਬ, ਵਿਕਾਸ ਕਾਰਜ ਜੰਗੀ ਪੱਧਰ ’ਤੇ ਜਾਰੀ ਰਹਿਣਗੇ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮੁੱਖ ਮੰਤਰੀ ਭਗਵਾਨ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਿੰਨੇ ਵੀ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਇੱਕ-ਇੱਕ ਕਰਕੇ ਹਰ ਹਾਲਤ ’ਚ ਮੁੱਖ ਮੰਤਰੀ ਮਾਨ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਨੂੰ ਉਨ੍ਹਾਂ ਨੇ ਨਾਭਾ ਹਲਕੇ ਦੀਆਂ ਸਮੱਸਿਆਵਾਂ ਤੋਂ ਵੀ ਜਾਣੂ ਕਰਵਾਇਆ।

# ਮੌਜੂਦਾ ਸਰਕਾਰਾਂ ਮਨਰੇਗਾ ਦੇ ਕੰਮ ’ਚ ਪਾਰਦਰਸ਼ਤਾ ਲਿਆਉਣ ’ਚ ਅਸਫਲ : ਵਿਜੇ ਧੀਰ

## ਧਨਕਿਰਨ ਸਿੰਘ ਬਣੇ ਮਨਰੇਗਾ ਮਜ਼ਦੂਰ ਭਲਾਈ ਮੋਰਚਾ ਘੋਲੀਆ ਦੇ ਪ੍ਰਧਾਨ



**ਮੋਗਾ (ਅਮਰਜੀਤ ਬੱਬਰੀ)**-ਜ਼ਿਲ੍ਹਾ ਮੋਗਾ ਦੇ ਪਿੰਡ ਘੋਲੀਆ ਕਲਾਂ ਵਿਖੇ ਮਨਰੇਗਾ ਵਰਕਰਾਂ ਦੀ ਇੱਕ ਭਰਵੀਂ ਮੀਟਿੰਗ ਮਨਰੇਗਾ ਮਜ਼ਦੂਰ ਭਲਾਈ ਮੋਰਚਾ ਪਿੰਡ ਰਣਸੀਂਹ ਖੁਰਦ ਦੇ ਪ੍ਰਧਾਨ ਜਗਜੀਤ ਸਿੰਘ ਮਾਹਨਾ ਨੇ ਕਰਵਾਈ।

ਮੀਟਿੰਗ ਵਿੱਚ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਤੇ ਖਜ਼ਾਨਚੀ ਸਤਨਾਮ ਸਿੰਘ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਮਨਰੇਗਾ ਮਜ਼ਦੂਰਾਂ ਨੇ ਆਪਣੀਆਂ ਸਮੱਸਿਆਵਾਂ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨਾਲ ਸਾਂਝੀਆਂ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਗਰੰਟੀ ਮੁਤਾਬਕ ਇੱਕ ਸਾਲ ਵਿੱਚ 100 ਦਿਨ ਦਾ ਕੰਮ ਨਹੀਂ ਦਿੱਤਾ ਜਾ ਰਿਹਾ ਹੈ ਤੇ ਉਨ੍ਹਾਂ ਵੱਲੋਂ ਕੀਤੇ ਗਏ ਕੰਮ ਦੀਆਂ ਦਿਹਾੜੀਆਂ ਦੀ ਹਾਜ਼ਰੀ ਉਨ੍ਹਾਂ ਦੇ ਜਾਬ ਕਾਰਡਾਂ ’ਚ ਦਰਜ ਨਹੀਂ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਬਣਦੀ ਪੂਰੀ ਮਜ਼ਦੂਰੀ ਨਹੀਂ ਮਿਲਦੀ ਹੈ। ਇਸ ਮੌਕ ਮਨਰੇਗਾ ਮਜ਼ਦੂਰਾਂ ਨੇ ਭਾਰਤੀਯ ਮਜ਼ਦੂਰ ਸੰਘ ਨਾਲ ਸਬੰਧਤ ਮਨਰੇਗਾ ਮਜ਼ਦੂਰ ਭਲਾਈ ਮੋਰਚਾ ਪਿੰਡ ਘੋਲੀਆ ਕਲਾਂ ਇਕਾਈ ਦਾ ਧਨਕਿਰਨ ਸਿੰਘ ਨੂੰ ਪ੍ਰਧਾਨ ਚੁਣ ਲਿਆ।

ਇਸ ਮੌਕੇ ਮਨਰੇਗਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਭਾਰਤੀਯ ਮਜ਼ਦੂਰ ਸੰਘ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਦੇਸ਼ ਭਰ ਵਿੱਚ ਬੇਰੋਜ਼ਗਾਰੀ ਘੱਟ ਕਰਨ ਲਈ ਦੇਸ਼ ਭਰ ਦੇ ਪੇਂਡੂ ਬੇਰੋਜ਼ਗਾਰਾਂ ਨੂੰ ਡਾਕਟਰ ਮਨਮੋਹਨ ਸਿੰਘ ਦੀ ਸਾਬਕਾ ਕਾਂਗਰਸ ਸਰਕਾਰ ਨੇ ਦੇਸ਼ ਨੂੰ ਮਨਰੇਗਾ ਦਾ ਇੱਕ ਨਾਇਆਬ ਤੋਹਫਾ ਦਿੱਤਾ ਸੀ, ਪ੍ਰੰਤੂ ਮੌਜੂਦਾ ਮੋਦੀ ਸਰਕਾਰ ਮਨਰੇਗਾ ਦੇ ਕੰਮ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਮਨਰੇਗਾ ਯੋਜਨਾ ਨੂੰ ਸੰਭਾਲਣ ’ਚ ਅਸਫਲ ਰਹੀ ਹੈ। ਧੀਰ ਨੇ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਦਿੱਤੀ ਗਰੰਟੀ ਅਨੁਸਾਰ ਸਾਲ ਵਿੱਚ 100 ਦਿਨ ਦਾ ਰੋਜ਼ਗਾਰ ਨਹੀਂ ਦਿੱਤਾ ਜਾ ਰਿਹਾ ਹੈ। ਗੈਰ-ਮਨਰੇਗਾ ਕੰਮ ਮਨਰੇਗਾ ਮਜ਼ਦੂਰਾਂ ਤੋਂ ਕਰਵਾ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਜਨਰਲ ਸਕੱਤਰ, ਸੁਮੇਲ, ਰਾਹੁਲ, ਰਮਨਦੀਪ ਸਿੰਘ ਬੇਅੰਤ ਸਿੰਘ, ਗੁਰਮੀਤ ਸਿੰਘ, ਮਨਪ੍ਰੀਤ ਸਿੰਘ, ਗੋਬਿੰਦ ਸਿੰਘ, ਮਿੰਟੂ ਸਿੰਘ, ਸਰਬਨ ਸਿੰਘ, ਰਨਵੀਨ ਭੱਟੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

# ਸਮਾਣਾ ਸ਼ਹਿਰ ਤੇ ਪਿੰਡਾਂ ਦਾ ਹੋਵੇਗਾ ਚਹੁੰਤਰਫ਼ਾ ਵਿਕਾਸ : ਜੌੜਾਮਾਜਰਾ

## ਹਲਕੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਬੈਠਕ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਆਪਣੇ ਹਲਕੇ ਅੰਦਰ ਵਿਕਾਸ ਕਾਰਜਾਂ ਦੇ ਵੱਖ-ਵੱਖ ਪ੍ਰਾਜੈਕਟਾਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਬੈਠਕ ਕੀਤੀ। ਜੌੜਮਾਜਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਸਮਾਣਾ ਸ਼ਹਿਰ ਤੇ ਹਲਕੇ ਦੇ ਪਿੰਡਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਹਰ ਪੱਖੋਂ ਵਿਕਸਤ ਬਣਾਇਆ ਜਾਵੇਗਾ। ਜੌੜਮਾਜਰਾ ਨੇ ਕਿਹਾ ਕਿ ਕਿਸੇ ਵੀ ਵਿਕਾਸ ਕਾਰਜ ਲਈ ਫੰਡਾਂ ਦੀ ਕੋਈ ਤੋਟ ਨਹੀਂ ਆਉਣ ਦਿੱਤੀ ਜਾਵੇਗੀ ਤੇ ਹਲਕੇ ਦੇ ਵਿਕਾਸ ਲਈ ਪੁਰਾਣੇ ਚੱਲ ਰਹੇ ਪ੍ਰਾਜੈਕਟਾਂ ਨੂੰ ਦਿਨ-ਰਾਤ ਇੱਕ ਕਰਕੇ ਮੁਕੰਮਲ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਨਵੇਂ ਪ੍ਰਾਜੈਕਟ ਵੀ ਉਲੀਕੇ ਜਾ ਰਹੇ ਹਨ। ਉਨ੍ਹਾ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਜੇਕਰ ਸਮਾਣਾ ਸ਼ਹਿਰ ਜਾਂ ਹਲਕੇ ਦੇ ਕਿਸੇ ਪਿੰਡ ਦਾ ਕੋਈ ਹੋਰ ਕੰਮ ਵੀ ਬਕਾਇਆ ਰਹਿੰਦਾ ਹੈ ਤਾਂ ਉਸ ਦੀ ਤਜਵੀਜ਼ ਬਣਵਾ ਕੇ ਭੇਜੀ ਜਾਵੇ, ਉਸ ਨੂੰ ਵੀ ਤੁਰੰਤ ਕਰਵਾਇਆ ਜਾਵੇਗਾ। ਜੌੜਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਪਿੰਡਾਂ ਦਾ ਚਹੁੰਤਰਫ਼ਾ ਵਿਕਾਸ ਕਰਨ ਸਮੇਤ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਲਈ ਵਚਨਬੱਧ ਹੈ।

# ਟੁੱਟੀਆਂ ਸੜਕਾਂ ਨੂੰ ਲੈ ਕੇ ਸੰਘਰਸ਼ ਜਾਰੀ



**ਹਠੂਰ (ਨਛੱਤਰ ਸੰਧੂ)**-ਟੁੱਟੀਆਂ ਸੜਕਾਂ ਸਬੰਧੀ ਸੰਘਰਸ਼ ਦੇ ਅੱਠਵੇਂ ਦਿਨ ਭਾਰੀ ਇਕੱਠ ਹੋਇਆ, ਜਿਸ ਵਿੱਚ ਧਰਨੇ ਨੂੰ ਸੰਬੋਧਨ ਕਰਦਿਆਂ ਮਾਸਟਰ ਤਾਰਾ ਸਿੰਘ ਅੱਚਰਵਾਲ, ਪ੍ਰਧਾਨ ਮਲਕੀਤ ਸਿੰਘ ਹਠੂਰ, ਰਾਮ ਸਿੰਘ ਹਠੂਰ, ਗੁਰਪ੍ਰੀਤ ਸਿੰਘ ਗੋਪੀ ਹਠੂਰ, ਕਰਮਾਂ ਚਕਰ, ਸਰਪੰਚ ਜਸਵੀਰ ਸਿੰਘ ਲੱਖਾ, ਪੰਚ ਜਸਵਿੰਦਰ ਸਿੰਘ ਸਿੱਧੂ, ਪ੍ਰਧਾਨ ਸੁਰਜੀਤ ਸਿੰਘ ਲੱਖਾ, ਰਾਏ ਸਿੰਘ ਲੱਖਾ, ਪਰਮਿੰਦਰ ਸਿੰਘ ਹਠੂਰ, ਢਾਡੀ ਜਸਵਿੰਦਰ ਸਿੰਘ ਲੱਖਾ, ਰਾਏ ਸਿੰਘ ਲੱਖਾ, ਨਿੱਕਾ ਸਿੰਘ ਭੰਮੀਪੁਰਾ, ਲਖਵੀਰ ਸਿੰਘ, ਪਿਰਤਾਂ ਸਿੰਘ ਲੱਖਾ, ਜੁਗਰਾਜ ਸਿੰਘ ਰਾਜਾ ਆਦਿ ਨੇ ਕਿਹਾ ਕਿ ਜਿੰਨਾ ਚਿਰ ਟੁੱਟ ਚੁੱਕੀਆਂ ਸੜਕਾਂ ਨਹੀਂ ਬਣਦੀਆਂ, ਉਨਾ ਚਿਰ ਧਰਨਾ ਜਾਰੀ ਰਹੇਗਾ। ਉਨ੍ਹਾ ਕਿਹਾ ਕਿ ਹਲਕੇ ਦੇ ਲੋਕਾਂ ਨੇ ਮਜਬੂਰ ਹੋ ਕੇ ਧਰਨਾ ਲਾਇਆ ਹੈ ਤੇ ਇਸ ਧਰਨੇ ਵਿੱਚ ਲੋਕਾਂ ਦੇ ਇਕੱਠ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਲੋਕਾਂ ਦੇ ਭਾਰੀ ਇਕੱਠ ਨੂੰ ਵੇਖ ਕੇ ਸਰਕਾਰ ਸੋਚਣ ਲਈ ਮਜਬੂਰ ਹੋ ਗਈ ਹੈ। ਅੱਜ ਵੱਖ ਵਖ ਜਥੇਬੰਦੀਆਂ ਵੱਲੋਂ ਹਲਕਾ ਵਿਧਾਇਕ ਨੂੰ ਟੁੱਟ ਚੁੱਕੀਆਂ ਸੜਕਾਂ ਸਬੰਧੀ ਵੀ ਮੰਗ ਪੱਤਰ ਸੌਂਪਿਆ ਗਿਆ ਹੈ, ਜਿਸ ਵਿੱਚ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ, ਮਾਸਟਰ ਜਗਤਾਰ ਸਿੰਘ ਦੇਹੜਕਾ ਤੇ ਹੋਰ ਬਹੁਤ ਸਾਰੇ ਆਗੂ ਮੌਜੂਦ ਸਨ। ਇਸ ਮੌਕੇ ਪ੍ਰਧਾਨ ਸਾਧੂ ਸਿੰਘ ਲੱਖਾ, ਇੰਦਰਪਾਲ ਸਿੰਘ ਲੱਖਾ, ਸਰਿੰਦਰ ਸਿੰਘ ਗਿੱਲ, ਪ੍ਰਧਾਨ ਬਹਾਦਰ ਸਿੰਘ ਲੱਖਾ, ਤੇਜ ਸਿੰਘ ਲੱਖਾ, ਅਜੈਬ ਸਿੰਘ ਲੱਖਾ ਆਦਿ ਹਾਜ਼ਰ ਸਨ।

# ਪੈਨਸ਼ਨਰਜ਼ ਵੱਲੋਂ ਮੰਗਾਂ ਨੂੰ ਲੈ ਕੇ ਸਰਕਾਰ ਵਿਰੁੱਧ ਨਾਅਰੇਬਾਜ਼ੀ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਇੱਕ ਵਿਸ਼ੇਸ਼ ਮੀਟਿੰਗ ਚੇਅਰਮੈਨ ਕੁਲਵੰਤ ਸਿੰਘ, ਸਰਪ੍ਰਸਤ ਪ੍ਰੀਤਮ ਸਿੰਘ ਤੇ ਪ੍ਰਧਾਨ ਸੁਖਦੇਵ ਸ਼ਰਮਾ ਦੀ ਅਗਵਾਈ ਵਿੱਚ ਸਥਾਨਕ ਦਫਤਰ ਵਿਖੇ ਹੋਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਅਰੋੜਾ, ਜਨਰਲ ਸਕੱਤਰ ਆਰ ਐੱਲ ਪਾਂਧੀ, ਸੂਬਾ ਖਜ਼ਾਨਚੀ ਪ੍ਰੇਮ ਅੱਗਰਵਾਲ ਉਚੇਚੇ ਤੌਰ ’ਤੇ ਹਾਜ਼ਰ ਹੋਏ। ਮੀਟਿੰਗ ਦੌਰਾਨ ਪੈਨਸ਼ਨਰਾਂ ਦੀਆਂ ਲਟਕਦੀਆਂ ਮੰਗਾਂ ’ਤੇ ਚਰਚਾ ਕਰਦਿਆਂ ਸਰਕਾਰ ਦੇ ਪੈਨਸ਼ਨਰ-ਮਾਰੂ ਰਵੱਈਏ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ। ਮੁੱਖ ਤੌਰ ’ਤੇ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਪੈਨਸ਼ਨਰਾਂ ਦੀ ਪੈਨਸ਼ਨ 2.59 ਫੈਕਟਰ ਅਨੁਸਾਰ ਸੋਧਣ, 1.1.2016 ਤੋਂ ਯਕਮੁਸ਼ਤ ਬਕਾਏ ਦੇਣ, ਵਧੇ ਹੋਏ ਗਰੇਡਾਂ ਅਨੁਸਾਰ ਕਮਾਈ ਛੁੱਟੀਆਂ ਦਾ ਬਕਾਇਆ ਰਾਸ਼ੀ ਜਾਰੀ ਕਰਨ ਤੇ ਮੈਡੀਕਲ ਭੱਤੇ ਵਿੱਚ ਵਾਧਾ ਕਰਨ ਦੇ ਨਾਲ ਨਾਲ ਕੈਸ਼ਲੈਸ਼ ਮੈਡੀਕਲ ਸਕੀਮ ਨੂੰ ਸਹੀ ਭਾਵਨਾ ਨਾਲ ਲਾਗੂ ਕਰਨ ਦੀ ਮੰਗ ਕੀਤੀ ਗਈ। ਵੱਖ ਵੱਖ ਬੁਲਾਰਿਆਂ ਨੇ ਪੈਨਸ਼ਨਰਜ਼ ਜਥੇਬੰਦੀ ਨੂੰ ਸਮੂਹ ਪੈਨਸ਼ਨਰਾਂ ਦੇ ਕੰਮਾਂ ਲਈ ਹੋਰ ਵੀ ਤਨਦੇਹੀ ਨਾਲ ਸੇਵਾ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਅਮਰਜੀਤ ਸਿੰਘ ਜਨਰਲ ਸਕੱਤਰ, ਸੀਨੀਅਰ ਆਗੂ ਹੰਸ ਰਾਜ ਗਰਗ, ਰਮੇਸ਼ ਸ਼ਰਮਾ, ਬੁੱਧ ਸਿੰਘ, ਚਰਨਜੀਤ ਕੈਂਥ, ਹਰਦੇਵ ਸਿੰਘ ਜਵੰਦਾ, ਜੈ ਭਗਵਾਨ, ਜੰਗ ਸਿੰਘ ਬਾਦਸ਼ਾਹਪੁਰ, ਹਰਚਰਨ ਸਿੰਘ ਲਹਿਰੀ, ਰਤਨ ਭੰਡਾਰੀ, ਇਕਬਾਲ ਖਾਨ, ਜਸਦੇਵ ਸਿੰਘ, ਸੋਮ ਨਾਥ ਅੱਤਰੀ, ਇੰਦਰਜੀਤ ਸ਼ਰਮਾ, ਗੁਰਦਾਸ ਬਾਂਸਲ, ਜੈ ਦੇਵ ਸ਼ਰਮਾ, ਨਛੱਤਰ ਸਿੰਘ, ਜਸਵਿੰਦਰ ਸਿੰਘ, ਸੁਖਦੇਵ ਸਿੰਘ ਖੰਗੂੜਾ, ਜਾਗਰ ਦਾਸ, ਕਰਮ ਸਿੰਘ ਮਾਨ, ਕਰਨੈਲ ਸਿੰਘ, ਧਰਮਪਾਲ ਸਿੰਘ, ਸਮੇਤ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

# ਐਕਸ਼ਨ ਕਮੇਟੀ ਵੱਲੋਂ ਧਰਨੇ ਦੌਰਾਨ ਝੋਟੇ ਦੀ ਜੇਲ੍ਹ ਬਦਲਣ ਦੀ ਸਖਤ ਨਿੰਦਾ



**ਮਾਨਸਾ (ਆਤਮਾ ਸਿੰਘ ਪਮਾਰ)**-ਨਸ਼ਿਆਂ ਖਿਲਾਫ ਲਗਾਤਾਰ ਚੱਲ ਰਹੇ ਧਰਨੇ ਵਿੱਚ ਜਦੋਂ ਇਹ ਸੂਚਨਾ ਪਹੁੰਚੀ ਕਿ ਝੂਠੇ ਕੇਸ ਵਿੱਚ ਮਾਨਸਾ ਜੇਲ੍ਹ ’ਚ ਬੰਦ ਕੀਤੇ ਐਂਟੀ-ਡਰੱਗ ਟਾਸਕ ਫੋਰਸ ਦੇ ਆਗੂ ਪਰਵਿੰਦਰ ਸਿੰਘ ਝੋਟੇ ਨੂੰ ਇਥੋਂ ਬਦਲ ਕੇ ਮੁਕਤਸਰ ਜੇਲ੍ਹ ਭੇਜ ਦਿੱਤਾ ਗਿਆ ਹੈ, ਜਿਸ ਕਾਰਨ ਧਰਨਾਕਾਰੀਆਂ ਵਿੱਚ ਸਰਕਾਰ ਤੇ ਮਾਨਸਾ ਪੁਲਸ ਪ੍ਰਸ਼ਾਸਨ ਖਿਲਾਫ ਰੋਸ ਫੈਲ ਗਿਆ। ਇਸ ਮੌਕੇ ਰਨੇ ਨੂੰ ਕਾਮਰੇਡ ਨਛੱਤਰ ਸਿੰਘ ਖੀਵਾ, ਭਾਈ ਗੁਰਸੇਵਕ ਸਿੰਘ ਜਵਾਹਰਕੇ, ਸੁਖਦਰਸ਼ਨ ਸਿੰਘ ਨੱਤ, ਗਗਨਦੀਪ ਸ਼ਰਮਾ, ਕੁਲਵਿੰਦਰ ਕਾਲੀ, ਜਸਵੰਤ ਸਿੰਘ ਜਵਾਹਰਕੇ, ਅਮਨ ਪਟਵਾਰੀ, ਕਾਲਾ ਭੂੰਦੜ, ਬਲਜਿੰਦਰ ਸਿੰਘ ਖਿਆਲੀ ਚਾਹਿਲਾਂਵਾਲੀ, ਮਨਜੀਤ ਸਿੰਘ ਮੀਹਾਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਕਿਹਾ ਕਿ ਇਕ ਪਾਸੇ ਪੁਲਸ ਅਫਸਰ ਮਸਲੇ ਨੂੰ ਹੱਲ ਕਰਨ ਲਈ ਐਕਸ਼ਨ ਕਮੇਟੀ ਨਾਲ ਮੀਟਿੰਗਾਂ ਕਰ ਰਹੇ ਹਨ। ਐੱਸ ਐੱਸ ਪੀ ਮਾਨਸਾ ਐਕਸ਼ਨ ਕਮੇਟੀ ਦੀ ਸਟੇਜ ਤੋਂ ਜਨਤਕ ਤੌਰ ’ਤੇ ਮਸਲੇ ਦਾ ਪੰਜ-ਚਾਰ ਦਿਨਾਂ ਵਿੱਚ ਹਾਂ-ਪੱਖੀ ਹੱਲ ਕੱਢਣ ਦਾ ਐਲਾਨ ਵੀ ਕਰ ਚੁੱਕੇ ਹਨ, ਪਰ ਹੁਣ ਸਾਹਮਣੇ ਆਇਆ ਹੈ ਕਿ ਉਹ ਅੰਦਰਖਾਤੇ ਇਸ ਦੇ ਉਲਟ ਸਾਜ਼ਿਸ਼ਾਂ ਘੜ ਰਹੇ ਹਨ। ਹੁਣ ਜੇਲ੍ਹ ਵਿੱਚ ਬਿਨਾਂ ਕਿਸੇ ਝਗੜੇ ਜਾਂ ਸ਼ਿਕਾਇਤ ਤੋਂ ਝੋਟੇ ਦੀ ਜੇਲ੍ਹ ਬਦਲਣਾ, ਪ੍ਰਸ਼ਾਸਨ ਦੀ ਇਕ ਭੜਕਾਊ ਕਾਰਵਾਈ ਹੈ।

ਇਸ ਦਾ ਇਕ ਮੰਤਵ ਝੋਟੇ ਨਾਲ ਮੁਲਾਕਾਤਾਂ ਨੂੰ ਘਟਾਉਣਾ ਤੇ ਮੁਸ਼ਕਲ ਬਣਾਉਣਾ ਅਤੇ ਉਸ ’ਤੇ ਜ਼ਮਾਨਤ ਕਰਵਾਉਣ ਲਈ ਮਾਨਸਿਕ ਦਬਾਅ ਬਣਾਉਣਾ ਜਾਂ ਗੁੰਡਾ ਅਨਸਰਾਂ ਤੋਂ ਉਸ ਦਾ ਨੁਕਸਾਨ ਕਰਵਾਉਣਾ ਹੋ ਸਕਦਾ ਹੈ। ਇਸ ਨਾਲ ਝੋਟੇ ਦਾ ਤਾਂ ਕੁਝ ਨਹੀਂ ਵਿਗੜੇਗਾ, ਪਰ ਗੱਲਬਾਤ ’ਚ ਸ਼ਾਮਲ ਪੁਲਸ ਅਫਸਰਾਂ ਦੀ ਭਰੋਸੇ ਯੋਗਤਾ ’ਤੇ ਸੁਆਲੀਆ ਨਿਸ਼ਾਨ ਜ਼ਰੂਰ ਲੱਗ ਗਿਆ ਹੈ। ਬੁਲਾਰਿਆਂ ਨੇ ਕਿਹਾ ਕਿ ਪੁਲਸ ਦੀ ਇਸ ਕਾਰਵਾਈ ਬਾਰੇ 21 ਅਗਸਤ ਨੂੰ ਹੋਣ ਵਾਲੀ ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਕੇ ਅਗਲਾ ਫੈਸਲਾ ਲਿਆ ਜਾਵੇਗਾ।

# ਸੁਪੀਰੀਅਰ ਵਰਲਡ ਸਕੂਲ ’ਚ ਜ਼ੋਨਲ ਬੈਡਮਿੰਟਨ ਟੂਰਨਾਮੈਂਟ ਕਰਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦਾ ਸੁਪੀਰੀਅਰ ਵਰਲਡ ਸਕੂਲ ਗੜ੍ਹੀ ਤਰਖਾਣਾ ਵਿਖੇ ਜ਼ੋਨਲ ਬੈਡਮਿੰਟਨ ਵਰਗ-17 ਦਾ ਟੂਰਨਾਮੈਂਟ ਕਰਵਾਇਆ ਗਿਆ। ਬੈਡਮਿੰਟਨ ਮੈਚ ਸੁਪੀਰੀਅਰ ਵਰਲਡ ਸਕੂਲ ਤੇ ਕਿੰਡਰ ਗਾਰਡਨ ਸਕੂਲ ਦੇ ਖਿਡਾਰੀਆਂ ਵਿਚਕਾਰ ਖੇਡੇ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸੁਪੀਰੀਅਰ ਵਰਲਡ ਸਕੂਲ ਦੇ ਖਿਡਾਰੀਆਂ ਨੇ ਚੰਗਾ ਪ੍ਰਦਰਸ਼ਨ ਕਰਦਿਆਂ 11 ਪੁਆਇੰਟਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ। ਬੈਡਮਿੰਟਨ ਖਿਡਾਰੀ ਸਹਿਜਪ੍ਰੀਤ ਸਿੰਘ ਤੇ ਰਵਨੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕਰਕੇ 7 ਪੁਆਇੰਟਾਂ ਨਾਲ ਕਿੰਡਰ ਗਾਰਡਨ ਸਕੂਲ ਦੇ ਖਿਡਾਰੀਆਂ ਨੂੰ ਹਰਾ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਕੂਲ ਪ੍ਰਿੰਸੀਪਲ ਮੈਡਮ ਰਸ਼ਮੀ ਸ਼ਰਮਾ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਭਵਿੱਖ ਵਿੱਚ ਖੇਡਾਂ ਲਈ ਉਤਸ਼ਾਹਤ ਕੀਤਾ।

# ਸਰਬੱਤ ਦਾ ਭਲਾ ਟਰੱਸਟ ਨੇ ਹੜ੍ਹ ਪੀੜਤਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ



**ਮੱਖੂ (ਰਛਪਾਲ ਸਿੰਘ ਸੰਧੂ)**-ਦੁਨੀਆ ਦੀ ਸਭ ਤੋਂ ਵੱਡੀ ਤੇ ਸੈਲਫ ਫਾਇਨਾਂਸ ਸੰਸਥਾ ਸਰਬੱਤ ਦਾ ਭਲਾ ਟਰੱਸਟ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ। ਸੰਸਥਾ ਦੇ ਮੁਖੀ ਡਾ. ਐੱਸ ਪੀ ਸਿੰਘ ਓਬਰਾਏ ਵੱਲੋਂ ਹੜ੍ਹਾਂ ਦੇ ਸ਼ੁਰੂਆਤ ਤੋਂ ਹੁਣ ਤੱਕ ਲਗਾਤਾਰ ਪਸ਼ੂਆਂ ਲਈ ਹਰਾ ਚਾਰਾ, ਦਵਾਈਆਂ ਤੇ ਹੜ੍ਹਾਂ ਵਿੱਚ ਘਿਰੇ ਲੋਕਾਂ ਲਈ ਸੁੱਕਾ ਰਾਸ਼ਨ ਤੇ ਪੱਕਿਆਂ ਲੰਗਰ ਸਪਲਾਈ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਜ਼ਿਲ੍ਹਾ ਫਿਰੋਜ਼ਪੁਰ ਦੀ ਟੀਮ ਵੱਲੋਂ ਮਹਿਮੂਦ ਵਾਲਾ ਵਿੱਚ ਵੱਡੀ ਮਾਤਰਾ ਵਿੱਚ ਪਸ਼ੂ ਚਾਰਾ ਤੇ ਰਾਸ਼ਨ ਵੰਡਿਆ ਗਿਆ। ਜਾਣਕਾਰੀ ਦਿੰਦੇ ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ, ਬਹਾਦਰ ਸਿੰਘ ਭੁੱਲਰ ਤੇ ਦਵਿੰਦਰ ਸਿੰਘ ਛਾਬੜਾ ਨੇ ਦੱਸਿਆ ਕਿ ਪਿੰਡ ਦੇ ਮੋਹਤਬਾਰ ਵਿਅਕਤੀਆਂ ਵੱਲੋਂ ਸੰਸਥਾ ਨੂੰ ਬੇਨਤੀ ਕੀਤੀ ਗਈ ਸੀ ਕਿ ਉਨ੍ਹਾਂ ਦੇ ਪਿੰਡ ਦੀ ਫਸਲ ਹੜ੍ਹ ਦੇ ਪਾਣੀ ਨਾਲ ਖੁਰਾਬ ਹੋ ਚੁੱਕੀ ਹੈ ਤੇ ਇਸ ਵਕਤ ਉਨ੍ਹਾਂ ਦੀ ਮੱਦਦ ਕੀਤੀ ਜਾਵੇ। ਜਿਸ ’ਤੇ ਟਰੱਸਟ ਦੇ ਮੁੱਖੀ ਡਾ. ਓਬਰਾਏ ਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ ’ਤੇ ਪਿੰਡਾਂ ’ਚ ਪਹਿਲਾਂ ਪਸ਼ੂਆਂ ਦਾ ਚਾਰਾ ਤੇ ਹੁਣ ਸੁੱਕਾ ਰਾਸ਼ਨ ਵੰਡਿਆ ਜਾ ਰਿਹਾ ਹੈ।

# ਅਮਨਦੀਪ ਕੰਬੋਜ ਨੇ ਥਾਣਾ ਮੁਖੀ ਦਾ ਚਾਰਜ ਸੰਭਾਲਿਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਤੋਂ ਥਾਣਾ ਮੁਖੀ ਜਸਵਰਿੰਦਰ ਸਿੰਘ ਦਾ ਤਬਾਦਲਾ ਮੋਗਾ ਹੋ ਜਾਣ ਕਰਕੇ ਮੋਗਾ ਤੋਂ ਬਦਲ ਕੇ ਬਾਘਾ ਪੁਰਾਣਾ ਨਵੇਂ ਆਏ ਮੁੱਖ ਅਫਸਰ ਅਮਨਦੀਪ ਕੰਬੋਜ ਨੇ ਥਾਣਾ ਮੁਖੀ ਦਾ ਚਾਰਜ ਸੰਭਾਲ ਲਿਆ ਹੈ। ਥਾਣਾ ਮੁਖੀ ਅਮਨਦੀਪ ਕੰਬੋਜ ਨੇ ਕਿਹਾ ਕਿ ਪੁਲਸ ਪਬਲਿਕ ਦੀ ਜਾਣ ਮਾਲ ਦੀ ਰਾਖੀ ਕਰਨ ਲਈ ਵਚਨਬੱਧ ਹੈ। ਜੇਕਰ ਕਿਸੇ ਵਿਅਕਤੀ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਪ੍ਰੇਸ਼ਾਨੀ ਆਉਂਦੀ ਹੈ ਤਾਂ ਉਹ ਜਦੋਂ ਮਰਜ਼ੀ ਮੈਨੂੰ ਮਿਲ ਸਕਦਾ ਹੈ। ਥਾਣਾ ਮੁਖੀ ਨੇ ਕਿਹਾ ਕਿ ਇਲਾਕੇ ਅੰਦਰ ਕਿਸੇ ਨਸ਼ਾ ਕਾਰੋਬਾਰੀ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾ ਕਿਹਾ ਕਿ ਕੋਈ ਵੀ ਚਾਲਕ ਮੋਟਰਸਾਈਕਲ ’ਤੇ ਪਟਾਕੇ ਮਾਰਦਾ ਤੇ ਮੋਟਰਸਾਈਕਲਾਂ ’ਚੋਂ ਬਸਰੀਆ ਕੱਢਦਾ ਮਿਸਤਰੀ ਫੜਿਆ ਗਿਆ ਤਾਂ ਉਹ ਬਖਸ਼ਿਆ ਨਹੀਂ ਜਾਵੇਗਾ।

# ਬਾਬਾ ਫ਼ਰੀਦ ਸੁਸਾਇਟੀ ਨੇ ਮਨੁੱਖਤਾ ਦੀ ਸੇਵਾ ਲਈ ਐਵਾਰਡ ਵਾਸਤੇ ਅਰਜ਼ੀਆਂ ਮੰਗੀਆਂ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਗੁਰਦੁਆਰਾ ਗੋਦੜੀ ਸਾਹਿਬ ਬਾਬਾ ਫ਼ਰੀਦ ਸੁਸਾਇਟੀ ਅਤੇ ਟਿੱਲਾ ਬਾਬਾ ਫ਼ਰੀਦ ਰੀਲੀਜੀਅਸ ਅਤੇ ਚੈਰੀਟੇਬਲ ਸੁਸਾਇਟੀ ਵੱਲੋਂ ਹਰ ਸਾਲ ਦੋ ਐਵਾਰਡ- ਬਾਬਾ ਫ਼ਰੀਦ ਐਵਾਰਡ ਫਾਰ ਔਨੈਸਟੀ ਤੇ ਭਗਤ ਪੂਰਨ ਸਿੰਘ ਐਵਾਰਡ ਫਾਰ ਸਰਵਿਸ ਟੂ ਹਿਊਮੈਂਟੀ ਦਿੱਤੇ ਜਾਂਦੇ ਸਨ, ਪਰ ਹਰ ਸਾਲ ਸੁਸਾਇਟੀ ਨੂੰ ਅਜਿਹਾ ਇਮਾਨਦਾਰ ਇਨਸਾਨ ਲੱਭਣਾ ਵੀ ਬਹੁਤ ਔਖਾ ਸੀ, ਜਿਸ ਦੀ ਇਮਾਨਦਾਰੀ ’ਤੇ ਕੋਈ ਇਤਰਾਜ਼ ਨਾ ਕਰ ਸਕੇ। ਇਸ ਲਈ ਇਸ ਸਾਲ ਲੋਕਾਂ ਦੀ ਰਾਏ ਮੁਤਾਬਕ ਸੁਸਾਇਟੀ ਨੇ ਸਿਰਫ਼ ਬਾਬਾ ਫ਼ਰੀਦ ਐਵਾਰਡ ਫਾਰ ਸਰਵਿਸ ਟੂ ਹਿਊਮੈਨਿਟੀ ਦੇਣ ਦਾ ਫੈਸਲਾ ਕੀਤਾ ਹੈ ਤੇ ਇਸ ਐਵਾਰਡ ਲਈ ਅਰਜ਼ੀਆਂ ਦੀ ਮੰਗ ਕੀਤੀ ਹੈ।

ਸੁਸਾਇਟੀ ਦੇ ਪ੍ਰਧਾਨ ਇੰਦਰਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਚੁਣੀ ਗਈ ਸ਼ਖ਼ਸੀਅਤ ਨੂੰ ਇੱਕ ਲੱਖ ਰੁਪਏ ਦੀ ਨਕਦ ਰਾਸ਼ੀ, ਪ੍ਰਸ਼ੰਸਾ ਪੱਤਰ, ਦੁਸ਼ਾਲਾ ਅਤੇ ਸਿਰੋਪਾ ਦੇ ਕੇ 23 ਸਤੰਬਰ 2023 ਨੂੰ ਗੁਰਦੁਆਰਾ ਗੋਦੜੀ ਸਾਹਿਬ ਵਿਖੇ ਧਾਰਮਿਕ ਸਮਾਗਮ ਵਿੱਚ ਹਜ਼ਾਰਾਂ ਦੀ ਗਿਣਤੀ ’ਚ ਇੱਕਤਰ ਸੰਗਤਾਂ ਦੀ ਹਾਜ਼ਰੀ ’ਚ ਸਨਮਾਨਤ ਕੀਤਾ ਜਾਵੇਗਾ। ਉਪਰੋਕਤ ਐਵਾਰਡ ਲਈ ਸਨਮਾਨਤ ਹੋਣ ਵਾਲੀ ਪੰਜਾਬ ਦੀ ਕਿਸੇ ਵੀ ਸ਼ਖ਼ਸੀਅਤ ਜਾਂ ਸੰਸਥਾ ਨੂੰ ਪੰਜਾਬ ਦੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਵੱਲੋਂ ਨਾਮਜ਼ਦ ਕੀਤਾ ਜਾ ਸਕਦਾ ਹੈ। ਉਪਰੋਕਤ ਐਵਾਰਡ ਲਈ ਪੰਜਾਬ ’ਚ ਤਾਇਨਾਤ ਜਾਂ ਪੰਜਾਬ ਨਾਲ ਸੰਬੰਧਿਤ ਸ਼ਖ਼ਸੀਅਤਾਂ ਨੂੰ ਹੀ ਚੁਣਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੰਬੰਧੀ 8 ਸਤੰਬਰ ਤੱਕ ਯੋਗ ਉਮੀਦਵਾਰਾਂ ਦੇ ਨਾਂਅ ਤੇ ਉਨ੍ਹਾਂ ਦੇ ਯੋਗਦਾਨ ਬਾਰੇ ਬਾਬਾ ਫ਼ਰੀਦ ਸੁਸਾਇਟੀ ਦੇ ਬਾਬਾ ਫ਼ਰੀਦ ਪਬਲਿਕ ਸਕੂਲ ’ਚ ਸਥਿਤ ਦਫਤਰ ’ਚ ਪੱਤਰ ਭੇਜ ਸਕਦੇ ਹਨ। ਇਨਾਂ ਨਾਵਾਂ ਦੀ ਸੁਸਾਇਟੀ ਆਪਣੇ ਪੱਧਰ ’ਤੇ ਪੂਰੀ ਪੜਤਾਲ ਕਰਨ ਉਪਰੰਤ ਐਲਾਨ ਕਰੇਗੀ। ਹਰ ਉਹ ਵਿਅਕਤੀ ਜੋ ਮਨੁੱਖਤਾ ਦੀ ਸੇਵਾ ਕਰ ਰਿਹਾ ਹੋਵੇ ਤੇ ਇਮਾਨਦਾਰੀ ਨਾਲ ਆਪਣੀ ਸੇਵਾ ਨਿਭਾਅ ਰਿਹਾ ਹੋਵੇ, ਬਾਰੇ ਸਧਾਰਨ ਪੱਤਰ ’ਤੇ ਨੌਮੀਨੇਸ਼ਨ ਭੇਜੀ ਜਾ ਸਕਦੀ ਹੈ।

# ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਵੱਲੋਂ ਸੰਘਰਸ਼ ਤੇਜ਼ ਕਰਨ ਦਾ ਐਲਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਵੱਲੋਂ ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਅਗਵਾਈ ਹੇਠ ਮੀਟਿੰਗ ਕੀਤੀ ਗਈ ਤੇ ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੇ ਯੂਨੀਅਨ ਦੇ ਸੂਬਾ ਪ੍ਰਧਾਨ ਲਖਵਿੰਦਰ ਕੌਰ ਕੰਮੇਆਣਾ ਨੇ ਐਲਾਨ ਕੀਤਾ ਕਿ ਯੂਨੀਅਨ ਵੱਲੋਂ ਆਮ ਆਦਮੀ ਪਾਰਟੀ ਦੇ ਮਿੱਡ ਡੇ ਮੀਲ ਵਰਕਰਾਂ ਦੀ ਤਨਖਾਹ ਦੁੱਗਣੀ ਕਰਨ ਦੇ ਆਪਣੇ ਵਾਅਦਿਆਂ ਤੋਂ ਭੱਜ ਜਾਣ ਕਾਰਨ ਜਥੇਬੰਦੀ ਵੱਲੋਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਆਪ ਦੇ ਹਰਪਾਲ ਚੀਮਾ ਨੇ ਚੋਣਾਂ ਤੋਂ ਪਹਿਲਾਂ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਨਾਲ ਮੀਟਿੰਗ ਕਰਕੇ ਆਪ ਸਰਕਾਰ ਆਉਣ ’ਤੇ ਮਿੱਡ ਡੇ ਮੀਲ ਵਰਕਰਾਂ ਦੀ ਤਨਖਾਹ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਬਣਨ ਤੋਂ ਬਾਅਦ ਤਨਖਾਹ ਦੁੱਗਣੀ ਤਾਂ ਕੀ ਕਰਨੀ ਸੀ, ਸਗੋਂ ਸਰਕਾਰ ਮੀਟਿੰਗ ਕਰਨ ਤੋਂ ਵੀ ਮੁੱਕਰ ਰਹੀ ਹੈ। ਉਨ੍ਹਾਂ ਐਲਾਨ ਕੀਤਾ ਕਿ ਮਈ ਮਹੀਨੇ ’ਚ 4 ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਉਪਰੰਤ ਸਿੱਖਿਆ ਮੰਤਰੀ ਨੂੰ ਘੇਰਨ ਦੀਆਂ ਤਿਆਰੀਆਂ ਜੋਰਾਂ ਤੇ ਹਨ ਅਤੇ ਵਰਕਰਾਂ ਤਿੰਨ ਸਤੰਬਰ ਨੂੰ ਪਿੰਡ ਗੰਭੀਰਪੁਰ ਵੱਲ ਨੂੰ ਵਹੀਰਾਂ ਘੱਤਣਗੀਆਂ। ਇਸ ਮੌਕੇ ਸੰਬੋਧਨ ਜ਼ਿਲ੍ਹਾ ਜਨਰਲ ਸਕੱਤਰ ਰਾਜਵਿੰਦਰ ਕੌਰ ਨੇ ਕਿਹਾ ਕਿ ਪਜਾਬ ਸਰਕਾਰ ਮਿੱਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ। ਇਸ ਕਰਕੇ ਵਰਕਰਾਂ ’ਚ ਭਾਰੀ ਰੋਸ ਹੈ, ਜਿਸ ਦਾ ਪ੍ਰਗਟਾਵਾ ਤਿੰਨ ਸਤੰਬਰ ਨੂੰ ਸਿੱਖਿਆ ਮੰਤਰੀ ਦੇ ਪਿੰਡ ਵਿਖੇ ਕੀਤਾ ਜਾਵੇਗਾ। ਸੂਬਾ ਪ੍ਰਧਾਨ ਲਖਵਿੰਦਰ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਆਗੂਆਂ ਨੇ ਜ਼ਿਲ੍ਹੇ ਦੇ ਪਿੰਡ ਵੰਗਲ ’ਚ ਧੋਖੇ ਨਾਲ ਇੱਕ ਵਰਕਰ ਨੂੰ ਕੱਢੇ ਜਾਣ ਦਾ ਸਖਤ ਨੋਟਿਸ ਲੈਂਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਮੁਲਾਕਾਤ ਕੀਤੀ ਤੇ ਇਸ ਮਸਲੇ ਨੂੰ ਜਲਦੀ ਹੱਲ ਕਰਨ ਦਾ ਅਲਟੀਮੇਟਮ ਦਿੱਤਾ।

# ‘ਵੀਜ਼ਨ’ ਦੀ ਵਿਦਿਆਰਥਣ ਨੇ ਆਈਲਟਸ ’ਚੋਂ 6.5 ਬੈਂਡ ਲਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੇ ਨਾਮਵਰ ਸੈਂਟਰ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਤੇ ਇਕਬਾਲ ਸਿੰਘ ਢਿੱਲੋਂ, ਨੰਦ ਸਿੰਘ ਬਰਾੜ ਨੇ ਦੱਸਿਆ ਕਿ ਅੰਜਲੀ ਪੁੱਤਰੀ ਛਿੰਦਰਪਾਲ ਸਿੰਘ ਵਾਸੀ ਸਮਾਲਸਰ ਨੇ ਆਈਲਟਸ ਵਿੱਚੋਂ 6.5 ਬੈਂਡ ਪ੍ਰਾਪਤ ਕਰਕੇ ਆਪਣਾ ਤੇ ਸੈਂਟਰ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਯਾਦਵਿੰਦਰ ਸਿੰਘ ਬਰਾੜ ਤੇ ਇਕਬਾਲ ਸਿੰਘ ਢਿੱਲੋਂ, ਨੰਦ ਸਿੰਘ ਬਰਾੜ ਐੱਮ ਸੀ ਨੇ ਦੱਸਿਆ ਕਿ ਇੱਥੇ ਆਈਲਟਸ ਦੀ ਤਿਆਰੀ ਆਧੁਨਿਕ ਤੇ ਮਾਹਰ ਅਧਿਆਪਕਾਂ ਦੁਆਰਾ ਕਰਵਾਈ ਜਾਂਦੀ ਹੈ। ਇੱਥੇ ਵਿਦਿਆਰਥੀ ਨੂੰ ਕਲਾਸ ਉਸ ਦੇ ਲੈਵਲ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਹਰੇਕ ਕਮਜ਼ੋਰ ਵਿਦਿਆਰਥੀ ਨੂੰ ਸਪੈਸ਼ਲ ਕਲਾਸਾਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਉਹ ਵਧੀਆਂ ਬੈਂਡ ਸਕੋਰ ਹਾਸਲ ਕਰਕੇ ਆਪਣਾ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕਰ ਸਕਣ। ਸੰਸਥਾ ਵੱਲੋਂ ਪੀ ਟੀ ਈ ਦੀ ਕੋਚਿੰਗ ਵੀ ਦਿੱਤੀ ਜਾਂਦੀ ਹੈ ਤੇ ਇਥੇ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਤੇ ਉਪਨ ਵਰਕ ਪਰਮਿਟ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ। ਡਾਇਰੈਕਟਰ ਯਾਦਵਿੰਦਰ ਸਿੰਘ ਨੇ ਆਖਿਆ ਕਿ ਸੈਂਟਰ ਵੱਲੋਂ ਵੀਜ਼ਾ ਪਾਰਦਰਸ਼ੀ ਤੇ ਕਾਨੂੰਨੀ ਢੰਗ ਨਾਲ ਲਗਵਾਏ ਜਾਂਦੇ ਹਨ।

# ਗਾਰਡਨ ਵੈਲੀ ਸਕੂਲ ’ਚ ‘ਤੀਜ ਮੇਲਾ’ ਮਨਾਇਆ



ਜੇਤੂ ਵਿਦਿਆਰਥਣ ਨੂੰ ਸਨਮਾਨਤ ਕਰਦੇ ਹੋਏ ਪ੍ਰਬੰਧਕ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਵਿਖੇ ‘ਤੀਜ ਮੇਲਾ’ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ’ਚ ਨੌਵੀਂ ਤੋਂ ਲੈ ਕੇ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਸਕੂਲੀ ਵਿਦਿਆਰਥਣਾਂ ਪੁਰਾਤਨ ਸੱਭਿਆਚਾਰਕ ਪਹਿਰਾਵੇ ਅਨੁਸਾਰ ਸਜ-ਧਜ ਕੇ ਸ਼ਾਮਲ ਹੋਈਆਂ, ਜਿਨ੍ਹਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਗਿੱਧਾ, ਭੰਗੜਾ, ਮਾਡਲਿੰਗ ਤੇ ਡਾਂਸ ਵਿੱਚ ਬੜੇ ਜੋਸ਼ ਨਾਲ ਭਾਗ ਲਿਆ। ਸਮਾਗਮ ਦੌਰਾਨ ਜੱਜਾਂ ਦੀ ਭੂਮਿਕਾ ਮਿਸ ਕੋਮਲਪ੍ਰੀਤ ਕੌਰ, ਜਸਵਿੰਦਰ ਕੌਰ ਤੇ ਸੁਮਨਦੀਪ ਕੌਰ ਗਰੇਵਾਲ ਨੇ ਨਿਭਾਈ। ਇਸ ਮੌਕੇ +2 (ਮੈਡੀਕਲ) ਦੀ ਮੁਸਕਾਨ ‘ਮਿਸ ਤੀਜ’, +2 (ਹਿਊਮੈਨਟੀਜ਼) ਦੀ ਜੈਸਮੀਨ ‘ਮਿਸ ਪੰਜਾਬਣ’, ਨੌਵੀਂ (ਲੋਟਸ) ਦੀ ਪਵਨ ਨੂੰ ਵਧੀਆ ਮੁਸਕਾਨ, +2 (ਮੈਡੀਕਲ) ਦੀ ਮਨਪ੍ਰੀਤ ਕੌਰ ਨੂੰ ਵਧੀਆ ਪਹਿਰਾਵਾ, ਦਸਵੀਂ (ਲੋਟਸ) ਦੀ ਗੁਰਲੀਨ ਕੌਰ ਨੂੰ ਵਧੀਆ ਪ੍ਰਫੋਰਮੈਂਸ, +1 (ਮੈਡੀਕਲ) ਦੀ ਸੁਮਨ ਨੂੰ ਬੈਸਟ ਗਿੱਧਾ ਸਟੈੱਪ, ਦਸਵੀਂ (ਸਨਫਲਾਵਰ) ਦੀ ਅਨਮੋਲ ਨੂੰ ਗਿੱਧਿਆਂ ਦੀ ਰਾਣੀ, +2 (ਹਿਊਮੈਨਟੀਜ਼) ਦੀ ਪ੍ਰਭਜੋਤ ਕੌਰ ਨੂੰ ਵਧੀਆ ਟੈਲੇਂਟ, +1 (ਮੈਡੀਕਲ) ਦੀ ਪਵਨ ਨੂੰ ਲੰਬੀ ਗੁੱਤ, +2 (ਮੈਡੀਕਲ) ਦੀ ਰਮਨ ਨੂੰ ਸੁਰਾਹੀ ਧੌਣ, ਦਸਵੀਂ ਦੀ ਨਵਜੋਤ ਕੌਰ ਨੂੰ ਲੰਬਾ ਕੱਦ ਤੇ +1 (ਮੈਡੀਕਲ) ਦੀ ਹਰਮਨ ਨੂੰ ਬੈਸਟ ਐਕਸਪ੍ਰੇਸ਼ਨ ਦੇ ਖਿਤਾਬਾਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਤਨੇਜਾ ਤੇ ਸਕੂਲ ਦੇ ਹੈੱਡ ਮਿਸਟ੍ਰੈੱਸ ਹਰਜੀਤ ਕੌਰ ਨੇ ਵਿਦਿਆਰਥਣਾਂ ਨੂੰ ਤੀਆਂ ਦੀਆਂ ਮੁਬਾਰਕਬਾਦ ਦਿੰਦੇ ਹੋਏ ਜ਼ਿੰਦਗੀ ਵਿੱਚ ਅੱਗੇ ਵਧਣ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਨਾਮਧਾਰੀ, ਬਲਦੇਵ ਸਿੰਘ ਨਾਮਧਾਰੀ ਤੇ ਗੁਰਭਗਤ ਸਿੰਘ ਨਾਮਧਾਰੀ ਨੇ ਜੇਤੂ ਵਿਦਿਆਰਥਣਾਂ ਨੂੰ ਮੁਬਾਰਕਾਂ ਦਿੰਦੇ ਹੋਏ ਜ਼ਿੰਦਗੀ ਦੇ ਹਰ ਪੜਾਅ ’ਤੇ ਜਿੱਤ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

# ਸ਼੍ਰੋਮਣੀ ਕਮੇਟੀ ਵੱਲੋਂ 100 ਸਾਲਾ ‘ਨਾਭਾ ਦਿਵਸ’ ਨੂੰ ਸਮਰਪਤ ਸੈਮੀਨਾਰ



**ਨਾਭਾ (ਵਰਿੰਦਰ ਵਰਮਾ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ 100 ਸਾਲਾ ‘ਨਾਭਾ ਦਿਵਸ’ ਨੂੰ ਸਮਰਪਤ ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ ਦੀ ਯਾਦ ਵਿੱਚ ‘ਵਿਸ਼ੇਸ਼ ਸੈਮੀਨਾਰ’ ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਕਰਵਾਇਆ ਗਿਆ। ਸੈਮੀਨਾਰ ‘ਗੁਰਦੁਆਰਾ ਸੁਧਾਰ ਲਹਿਰ’ ਤੇ ‘ਮਹਾਰਾਜਾ ਰਿਪਦੁਮਨ ਸਿੰਘ ਨਾਭਾ’ ਦੀ ਸਿੱਖ ਰਿਆਸਤ ਨਾਭਾ ਪ੍ਰਤੀ ਪੰਥ ਪ੍ਰਸਤੀ ਵਿਸ਼ਿਆਂ ’ਤੇ ਅਧਾਰਤ ਰਿਹਾ। ਇਸ ਮੌਕੇ ਉਚੇਚੇ ਤੌਰ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਵੰਸ਼ਜ਼ ’ਚ ਮਹਾਰਾਣੀ ਪ੍ਰੀਤੀ ਸਿੰਘ ਤੇ ਯੁਵਰਾਜ ਅਭੈ ਉਦੈ ਪ੍ਰਤਾਪ ਸਿੰਘ, ਬਾਬਾ ਬਰਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਤੋਂ ਇਲਾਵਾ ਸਿੱਖ ਸਕਾਲਰ ਡਾ. ਸਰਬਜਿੰਦਰ ਸਿੰਘ ਤੇ ਡਾ. ਹਰਭਜਨ ਸਿੰਘ ਅਤੇ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਸੈਮੀਨਾਰ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸੁਧਾਰ ਲਹਿਰ ’ਚ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੀ ਪੰਥ ਪ੍ਰਸਤੀ ਪ੍ਰਤੀ ਨਿਭਾਈ ਨਿਰਣਾਇਕ ਭੂਮਿਕਾ ਨੂੰ ਅੱਖੋਂ ਪਰੋਖੇ ਕਰਕੇ ਨਹੀਂ ਕੀਤਾ ਜਾ ਸਕਦਾ। ਉਨ੍ਹਾ ਕਿਹਾ ਕਿ ਅਜੋਕੀ ਪੀੜ੍ਹੀ ਦੇ ਚੇਤਿਆਂ ’ਚੋਂ ਮਹਾਰਾਜਾ ਦੀ ਭੂਮਿਕਾ ਦਾ ਅਲੋਪ ਹੋਣਾ ਚਿੰਤਾ ਦਾ ਵਿਸ਼ਾ ਹੈ, ਇਸ ਕਰਕੇ ਸਿਰਮੌਰ ਸੰਸਥਾ ਫਰਜ਼ਾਂ ਦੀ ਪਹਿਰੇਦਾਰੀ ਕਰਦੀ ਹੋਈ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਇਤਿਹਾਸ ਨੂੰ ਜਿੱਥੇ ਰੁਪਮਾਨ ਕਰ ਰਹੀ ਹੈ, ਉਥੇ ਹੀ ਅਜਿਹੀ ਮਹਾਨ ਸ਼ਖਸੀਅਤ ਪ੍ਰਤੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਮੌਜੂਦਾ ਦੌਰ ਅੰਦਰ ਮਹਾਰਾਜਾ ਦੀ ਪੰਥਕ ਪ੍ਰਸਤੀ ਨੂੰ ਇਸ ਕਰਕੇ ਉਭਾਰਿਆ ਜਾਵੇ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਮਹਾਨ ਇਤਿਹਾਸ ਤੇ ਵਿਰਾਸਤ ਦੇ ਸ਼ਾਨਾਮੱਤੇ ਇਤਿਹਾਸ ਨਾਲ ਜੁੜੀਆਂ ਰਹਿ ਸਕਣ। ਐਡਵੋਕੇਟ ਧਾਮੀ ਨੇ ਸਿੰਘ ਸਭਾ ਲਹਿਰ ਦੌਰਾਨ ਸੰਤ ਅਤਰ ਸਿੰਘ ਮਸਤੂਆਣਾ ਵੱਲੋਂ ਨਿਭਾਈ ਕ੍ਰਾਂਤੀਕਾਰੀ ਭੂਮਿਕਾ ’ਤੇ ਵੀ ਚਾਨਣਾ ਪਾਇਆ।

ਸੈਮੀਨਾਰ ’ਚ ਸਿੱਖ ਸਕਾਲਰ ਡਾ. ਸਰਬਜਿੰਦਰ ਸਿੰਘ, ਡਾ. ਹਰਭਜਨ ਸਿੰਘ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸਤਵਿੰਦਰ ਸਿੰਘ ਟੌਹੜਾ ਨੇ ਵੀ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਸੈਮੀਨਾਰ ਦੇ ਅੰਤ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਹਾਰਾਜਾ ਪ੍ਰੀਤੀ ਸਿੰਘ ਤੇ ਯੁਵਰਾਜ ਅਭੈ ਉਦੇ ਪ੍ਰਤਾਪ ਸਿੰਘ ਸਮੇਤ ਪੁੱਜੀਆਂ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ। ਸਟੇਜ ਸੰਚਾਲਨ ਡਾਇਰੈਕਟਰ ਚਮਕੌਰ ਸਿੰਘ ਵੱਲੋਂ ਕੀਤਾ ਗਿਆ।

# ਸਰਕਾਰੀ ਕਾਲਜ ’ਚ ਤੀਆਂ ਦਾ ਤਿਉਹਾਰ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰਸੀਪਲ ਪ੍ਰੋ. ਦੀਪਕ ਚੋਪੜਾ ਦੀ ਯੋਗ ਅਗਵਾਈ ਤੇ ਸੱਭਿਆਚਾਰਕ ਗਤੀਵਿਧੀਆਂ ਦੇ ਕਨਵੀਰ ਡਾ. ਕਮਲਜੀਤ ਕੌਰ ਬਾਂਗਾ ਦੇ ਦਿਸ਼ਾ-ਨਿਰਦੇਸ਼ਾਂ ਵਿਚ ਤੀਆਂ ਦਾ ਤਿਉਹਾਰ ਵਿਦਿਆਰਥਣਾਂ ਵਲੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਬਾਂਗਾ ਨੇ ਦੱਸਿਆ ਕਿ ਸਮਾਗਮ ਵਿੱਚ ਪਿੰਦਰਜੀਤ ਕੌਰ ਦਿਆਲਪੁਰਾ, ਰੁਪਾਲੀ ਚੋਪੜਾ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਿੰਸੀਪਲ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਡਾ. ਬਾਂਗਾ ਨੇ ਤੀਆਂ ਦੇ ਤਿਉਹਾਰ ਦੀ ਇਤਿਹਾਸਕ ਤੇ ਸੱਭਿਆਚਰਕ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸੰਗੀਤ ਵਿਭਾਗ ਦੇ ਮੁਖੀ ਸਹਾਇਕ ਪ੍ਰੋ. ਪਰਦੀਪ ਸਿੰਘ ਦੀ ਰਹਿਨੁਮਾਈ ’ਚ ਵਿਦਿਆਰਥੀਆਂ ਨੇ ਗੀਤ ਸੰਗੀਤ ਤੇ ਪੰਜਾਬੀ ਲੋਕ ਨਾਚਾਂ ਦਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।

CMYK

21-August-PAGE-11-Majha.qxd 8/20/2023 10:12 PM Page 1



# ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਦੀਆਂ ਹੜ੍ਹ ਪ੍ਰਭਾਵਤ ਖੇਤਰਾਂ 'ਚ ਲਗਾਈਆਂ ਡਿਊਟੀਆਂ



ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ) - ਜ਼ਿਲ੍ਹਾ ਗੁਰਦਾਸਪੁਰ ਦੇ ਬਿਆਸ ਦਰਿਆ ਨਜ਼ਦੀਕ ਬੇਟ ਇਲਾਕੇ 'ਚ ਹੜ੍ਹ ਦਾ ਪਾਣੀ ਉਤਰ ਜਾਣ ਤੋਂ ਬਾਅਦ ਜਨ-ਜੀਵਨ ਆਮ ਵਾਂਗ ਹੋਣਾ ਸ਼ੁਰੂ ਹੋ ਗਿਆ ਹੈ। ਧੁੱਸੀ ਬੰਨ੍ਹ 'ਚ ਪਾੜ ਭਰ ਲਏ ਜਾਣ ਤੋਂ ਬਾਅਦ ਪਿੰਡਾਂ 'ਚ ਆਵਾਜਾਈ ਬਹਾਲ ਹੋ ਰਹੀ ਹੈ। ਇਸ ਸਭ ਤੋਂ ਬਾਅਦ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਵਸਨੀਕਾਂ ਨੂੰ ਸੁਵਿਧਾਵਾਂ ਦੇਣ ਲਈ ਪਿੰਡ ਪੱਧਰ 'ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਟੀਮਾਂ ਗਠਿਤ ਕੀਤੀਆਂ ਗਈਆਂ ਹਨ ਜੋ ਪ੍ਰਭਾਵਤ ਪਿੰਡਾਂ ਵਿੱਚ ਜਾ ਕੇ ਵਿਸ਼ੇਸ਼ ਕੈਂਪ ਲਗਾਉਣਗੀਆਂ ਅਤੇ ਹੜ੍ਹ ਪੀੜਤਾਂ ਦੀ ਮਦਦ ਕਰਨਗੀਆਂ। ਡਿਪਟੀ ਕਮਿਸ਼ਨਰ ਨੇ ਜਾਰੀ ਹੁਕਮਾਂ ਵਿੱਚ ਹਦਾਇਤ ਕੀਤੀ ਹੈ ਕਿ ਪੰਜਾਬ ਪੁਲਸ ਪਿੰਡਾਂ 'ਚ ਲੱਗਣ ਵਾਲੇ ਕੈਂਪਾਂ ਤੇ ਟ੍ਰੈਫਿਕ ਵਿਵਸਥਾ ਅਤੇ ਅਮਨ ਤੇ ਕਾਨੂੰਨ ਦੀ ਵਿਵਸਥਾ ਨੂੰ ਠੀਕ ਰੱਖਣਾ ਯਕੀਨੀ ਬਣਾਏਗੀ। ਮਾਲ ਵਿਭਾਗ ਵੱਲੋਂ ਵਿਸ਼ੇਸ਼ ਸਰਵੇ ਕਰਦਿਆਂ ਦੀ ਹਦਾਇਤਾਂ ਅਨੁਸਾਰ ਹੜ੍ਹ ਕਾਰਨ ਹੋਏ ਹਰ ਤਰ੍ਹਾਂ ਦੇ ਨੁਕਸਾਨ ਜਿਵੇਂ ਕਿ ਘਰਾਂ, ਪਸ਼ੂਆਂ ਅਤੇ ਪਾਣੀ ਘਟਣ 'ਤੇ ਫਸਲਾਂ ਦੇ ਨੁਕਸਾਨ ਦਾ ਅਨੁਮਾਨ ਲਗਾ ਕੇ ਰਿਪੋਰਟ ਤਿਆਰ ਕਰਨਗੇ। ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਮੈਡੀਕਲ ਕੈਂਪ ਲਗਾਏ ਜਾਣਗੇ ਅਤੇ ਪਿੰਡਾਂ ਵਿੱਚ ਫੌਗਿੰਗ ਕੀਤੀ ਜਾਵੇਗੀ। ਪਸ਼ੂ ਪਾਲਣ ਵਿਭਾਗ ਵੱਲੋਂ ਪ੍ਰਭਾਵਤ ਪਿੰਡਾਂ ਵਿੱਚ ਪਸ਼ੂਆਂ ਦੀ ਦੇਖਭਾਲ ਕਰਨਾ ਯਕੀਨੀ ਬਣਾਉਣ ਦੇ ਨਾਲ ਪਸ਼ੂਆਂ ਦੇ ਇਲਾਜ/ਚਾਰਾ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ। ਖੇਤੀਬਾੜੀ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਖੇਤੀਬਾੜੀ ਸੰਬੰਧੀ ਮੁਸ਼ਕਲਾਂ ਦਾ ਨਿਪਟਾਰਾ ਕਰਨਗੇ ਅਤੇ ਮਾਲ ਮਹਿਕਮੇ ਵੱਲੋਂ ਫਸਲਾਂ ਦੇ ਨੁਕਸਾਨ ਦੀ ਰਿਪੋਰਟ ਤਿਆਰ ਕਰਨ ਵਿੱਚ ਸਹਿਯੋਗ ਕਰਨਗੇ। ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਇਸਤਰੀਆਂ ਅਤੇ ਬੱਚਿਆਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਨਿਪਟਾਰਾ ਕੀਤਾ ਜਾਵੇਗਾ। ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਵੱਲੋਂ ਸੜਕਾਂ ਦੇ ਹੋਏ ਨੁਕਸਾਨ ਦਾ ਅਨੁਮਾਨ ਲਗਾ ਕੇ ਮੁਰੰਮਤ ਦੇ ਐਸਟੀਮੇਟ ਤਿਆਰ ਕੀਤੇ ਜਾਣਗੇ। ਸਿੱਖਿਆ ਵਿਭਾਗ ਵੱਲੋਂ ਸਕੂਲਾਂ ਦੀਆਂ ਇਮਾਰਤਾਂ ਦੀ ਸੁਰੱਖਿਆ ਦੀ ਰਿਪੋਰਟ ਤਿਆਰ ਕਰਨ ਦੇ ਨਾਲ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਦਾ ਨਿਪਟਾਰਾ ਕੀਤਾ ਜਾਵੇਗਾ। ਟੈਲੀਫੋਨ ਵਿਭਾਗ ਟੈਲੀਫੋਨ ਸੇਵਾਵਾਂ ਤੁਰੰਤ ਬਹਾਲ ਕਰੇਗਾ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਪਿੰਡਾਂ ਵਿੱਚ ਲੋੜਵੰਦਾਂ ਦੀ ਮਦਦ ਕੀਤੀ ਜਾਵੇਗੀ। ਇਸ ਤੋਂ ਇਲਾਵਾ ਹੋਰ ਵਿਭਾਗਾਂ ਦੀਆਂ ਡਿਊਟੀਆਂ ਵੀ ਹੜ੍ਹ ਪ੍ਰਭਾਵਤ ਖੇਤਰਾਂ 'ਚ ਲਗਾਈਆਂ ਗਈਆਂ ਹਨ।

# ਹਰਜਿੰਦਰ ਕੌਰ ਦੀ ਅਗਵਾਈ ਹੇਠ ਦਿੱਤਾ ਮੰਗ ਪੱਤਰ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ) -ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ 'ਤੇ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੇ ਨਿਰਦੇਸ਼ਾਂ 'ਤੇ ਬਲਾਕ ਅਜਨਾਲਾ ਦੇ ਪ੍ਰਧਾਨ ਹਰਜਿੰਦਰ ਕੌਰ ਹਰਦੋ ਪੁਤਲੀ ਦੀ ਅਗਵਾਈ ਹੇਠ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਪੰਜਾਬ ਸਰਕਾਰ ਵਿਰੁੱਧ ਰੋਸ ਮੁਜ਼ਾਹਰਾ ਕਾਲੀਆਂ ਚੁੰਨੀਆਂ ਲੈ ਕੇ ਕੀਤਾ ਅਤੇ ਇਕ ਮੰਗ ਪੱਤਰ ਅਜਨਾਲਾ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਨਾਮ 'ਤੇ ਇਕ ਵਫਦ ਦੇ ਰੂਪ ਵਿਚ ਮੁੱਖ ਦਫਤਰ ਦੇ ਸਕੱਤਰ ਗੁਰਜੰਟ ਸਿੰਘ ਸੋਹੀ ਅਤੇ ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬੱਬੂ ਚੇਤਨਪੁਰੀਆ ਨੂੰ ਦਿੱਤਾ ਅਤੇ ਵਰਕਰਾਂ ਵੱਲੋਂ ਚੇਤਾਵਨੀ ਦਿੱਤੀ ਗਈ ਤਾਂ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾਣਗੇ।

ਇਸ ਮੌਕੇ ਉਨ੍ਹਾਂ ਨਾਲ ਹਰਦੀਪ ਕੌਰ, ਪਰਮਜੀਤ ਕੌਰ, ਜੋਗਿੰਦਰ ਕੌਰ, ਰਮਨਜੀਤ ਕੌਰ, ਹਰਿੰਦਰ ਕੌਰ, ਜਰਮਨਜੀਤ ਕੌਰ, ਰਾਜਬੀਰ ਕੌਰ, ਲਖਵਿੰਦਰ ਕੌਰ, ਸਖਵਿੰਦਰ ਕੌਰ, ਦਵਿੰਦਰ ਕੌਰ ਆਦਿ ਹਾਜ਼ਰ ਸਨ।

# ਸਰਕਾਰ ਦੀਆਂ ਨੀਤੀਆਂ ਵਿਰੁੱਧ ਜ਼ਿਲ੍ਹੇ ਤੋਂ ਵੱਡੀ ਗਿਣਤੀ 'ਚ ਮਿਡ-ਡੇ-ਮੀਲ ਵਰਕਰ ਹੋਣਗੇ ਸ਼ਾਮਲ : ਰਾਜਵੰਤ ਕੌਰ



ਤਰਨ ਤਾਰਨ (ਪ੍ਰਿਤਪਾਲ ਸਿੰਘ) -ਜ਼ਿਲ੍ਹੇ ਦੀਆਂ ਮਿਡ-ਡੇ-ਮੀਲ ਵਰਕਰਾਂ ਵੱਲੋਂ ਸਥਾਨਕ ਗਾਂਧੀ ਪਾਰਕ ਵਿਖੇ ਸਰਕਾਰ ਦੀਆਂ ਨੀਤੀਆਂ ਵਿਰੁੱਧ ਵਿਸ਼ਾਲ ਇਕੱਠ ਕੀਤਾ ਗਿਆ। ਜ਼ਿਲ੍ਹੇ ਭਰ ਤੋਂ ਵੱਡੀ ਗਿਣਤੀ ਵਿੱਚ ਮਿਡ-ਡੇ-ਮੀਲ ਆਗੂ ਅਤੇ ਵਰਕਰਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮਿਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ। ਵਰਕਰਾਂ ਨੂੰ ਬਹੁਤ ਘੱਟ ਮਾਣ ਭੱਤਾ ਦਿੱਤਾ ਜਾ ਰਿਹਾ ਹੈ। ਵਰਕਰਾਂ ਦੀਆਂ ਮੰਗਾਂ ਲੰਮੇ ਸਮੇਂ ਤੋਂ ਜਿਉਂ ਦੀਆਂ ਤਿਉਂ ਹਨ। ਇਸ ਮਾਣ ਭੱਤੇ ਨਾਲ ਘਰ ਚਲਾਉਣਾ ਬਹੁਤ ਮੁਸ਼ਕਲ ਹੈ। ਇਸ ਮੌਕੇ ਮੀਟਿੰਗ ਦੀ ਪ੍ਰਧਾਨਗੀ ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਸਾਬਕਾ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਅਤੇ ਡੈਮੋਕਰੇਟਿਕ ਟੀਚਰ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਨੇ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਰਾਜਵੰਤ ਕੌਰ ਰਾਜ ਨੇ ਕਿਹਾ ਕਿ 3 ਸਤੰਬਰ ਨੂੰ ਮਿਡ-ਡੇ-ਮੀਲ ਵਰਕਰਾਂ ਪੂਰੇ ਪੰਜਾਬ ਤੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕੇ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਰੋਸ ਰੈਲੀ ਕਰਨਗੀਆਂ ਅਤੇ ਤਰਨ ਤਾਰਨ ਜ਼ਿਲ੍ਹੇ ਭਰ ਦੇ ਵੱਖ-ਵੱਖ ਸਕੂਲਾਂ ਤੋਂ ਵੱਡੀ ਗਿਣਤੀ ਵਿਚ ਕੁੱਕ ਸ਼ਾਮਲ ਹੋਣਗੇ । ਜ਼ਿਲ੍ਹਾ ਜਨਰਲ ਸਕੱਤਰ ਪਰਮਜੀਤ ਕੌਰ ਵੈਰੋਵਾਲ ਨੇ ਕਿਹਾ ਕਿ ਸੂਬਾ ਕਮੇਟੀ ਵੱਲੋਂ ਲਏ ਗਏ ਫੈਸਲੇ ਮੁਤਾਬਕ 21 ਅਗਸਤ ਤੋਂ ਬਲਾਕ ਸਿੱਖਿਆ ਦਫਤਰ ਰਾਹੀਂ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮੰਗਾਂ ਮੰਨਣ ਲਈ ਮੰਗ ਪੱਤਰ ਭੇਜਣਗੇ ਅਤੇ ਮੰਗਾਂ ਜਲਦੀ ਨਾ ਮੰਨਣ ਦੇ ਰੋਸ ਵਜੋਂ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ। ਜ਼ਿਲ੍ਹੇ ਦੀਆਂ ਮਿਡ ਡੇ ਮੀਲ ਵਰਕਰਾਂ ਨੇ ਵਿਸ਼ਵਾਸ ਦਿਵਾਇਆ ਕਿ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਰੋਸ ਪ੍ਰਦਰਸ਼ਨ ਲਈ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੀਆਂ।

ਅੱਜ ਦੀ ਮੀਟਿੰਗ ਮੌਕੇ ਡੀ.ਟੀ. ਐਫ . ਜ਼ਿਲ੍ਹਾ ਤਰਨ ਤਾਰਨ ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਢਿੱਲੋਂ, ਮੀਤ ਪ੍ਰਧਾਨ ਸਰਬਜੀਤ ਸਿੰਘ ਕਾਜ਼ੀਕੋਟ, ਡੀ.ਐਮ.ਐਫ ਜ਼ਿਲ੍ਹਾ ਆਗੂ ਜਸਕੀਰਤ ਸਿੰਘ ਪ੍ਰਹਿੰਦ ਤੋਂ ਇਲਾਵਾ ਮਿਡ-ਡੇ-ਮੀਲ ਵਰਕਰਾਂ ਰਜਿੰਦਰ ਕੌਰ, ਗੁਰਮੀਤ ਕੌਰ, ਸਤਨਾਮ ਕੌਰ ਬਾਗੜੀਆਂ, ਕਸ਼ਮੀਰ ਕੌਰ ਐਮਾ, ਮਨਜੀਤ ਕੌਰ ਜੋਹਲ, ਗੁਰਮੀਤ ਕੌਰ, ਰਾਣੋ, ਹਰਜਿੰਦਰ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਹਰਦੀਪ ਕੌਰ, ਰਾਣੀ, ਵੀਰ ਕੌਰ, ਸਰਬਜੀਤ ਕੌਰ ਖੇਲਾ, ਬਲਬੀਰ ਕੌਰ, ਹਰਜੀਤ ਕੌਰ, ਨਿੰਦਰ ਕੌਰ, ਪਰਮਜੀਤ ਕੌਰ , ਸਰਬਜੀਤ ਕੌਰ ਪੰਜਵੜ, ਸਿਰਮਨ ਕੌਰ ਆਦਿ ਆਗੂ ਹਾਜ਼ਰ ਹੋਏ।

# ਮੀਂਹ ਕਾਰਨ ਗਰੀਬ ਪਰਵਾਰ ਦੇ ਘਰ ਦੀ ਛੱਤ ਡਿੱਗੀ

**ਪਰਵਾਰ ਵਾਲ-ਵਾਲ ਬਚਿਆ**



ਬਹਿਰਾਮਪੁਰ, (ਗੁਰਦਾਸਪੁਰ) (ਦਿਨੇਸ਼ ਕੁਮਾਰ)- ਬਹਿਰਾਮਪੁਰ ਖੇਤਰ ਅਧੀਨ ਪੈਂਦੇ ਪਿੰਡ ਨਾਡਾ ਦਾਸ ਕਲੋਨੀ ਝਬਕਰਾ ਵਿੱਚ ਬੀਤੀ ਰਾਤ ਪਏ ਮੀਂਹ ਕਾਰਨ ਇੱਕ ਗਰੀਬ ਪਰਵਾਰ ਦੇ ਮਕਾਨ ਦੇ ਕਮਰੇ ਦੀ ਛੱਤ ਡਿਗ ਗਈ। ਹਾਦਸੇ ਚ ਪਰਵਾਰਕ ਮੈਂਬਰ ਵਾਲ-ਵਾਲ ਬਚ ਗਏ। ਪਰਵਾਰ ਦੇ ਮੁਖੀ ਬੂਟਾ ਰਾਮ ਪੁੱਤਰ ਹੰਸ ਰਾਜ ਨੇ ਦੱਸਿਆ ਕਿ ਰਾਤ ਨੂੰ ਜਦੋਂ ਉਹ ਆਪਣੇ ਪਰਵਾਰ ਨਾਲ ਕਮਰੇ ਵਿੱਚ ਸੌਣ ਦੀ ਤਿਆਰੀ ਕਰ ਰਿਹਾ ਸੀ ਤਾਂ ਅਚਾਨਕ ਬਰਸਾਤ ਕਾਰਨ ਕਮਰੇ ਦੀ ਛੱਤ ਡਿਗ ਗਈ ਪਰ ਅਸੀਂ ਬਾਹਰ ਹੋਣ ਕਾਰਨ ਵਾਲ-ਵਾਲ ਬਚ ਗਏ। ਬੂਟਾ ਰਾਮ ਨੇ ਦੱਸਿਆ ਕਿ ਹੁਣ ਪਰਵਾਰ ਤਰਪਾਲ ਹੇਠਾਂ ਰਹਿਣ ਲਈ ਮਜਬੂਰ ਹੈ। ਪੀੜਤ ਪਰਵਾਰ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਮੁਆਵਜ਼ੇ ਦੀ ਮੰਗ ਕੀਤੀ ਹੈ।

# ਕੈਬਨਿਟ ਮੰਤਰੀ ਧਾਲੀਵਾਲ ਨੇ ਹੜ੍ਹ ਪੀੜਤਾਂ ਦਾ ਹਾਲ ਜਾਣਿਆ



**ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)** - ਸੂਬੇ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਇੱਕ ਵਾਰ ਫਿਰ ਜ਼ਿਲ੍ਹਾ ਗੁਰਦਾਸਪੁਰ ਦੇ ਬਿਆਸ ਦਰਿਆ ਦੇ ਨਜ਼ਦੀਕ ਹੜ੍ਹ ਪ੍ਰਭਾਵਤ ਬੇਟ ਇਲਾਕੇ ਦਾ ਦੌਰਾ ਕਰਕੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐੱਸ.ਐੱਸ.ਪੀ. ਗੁਰਦਾਸਪੁਰ ਹਰੀਸ਼ ਦਾਯਮਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਸ਼ਮਸ਼ੇਰ ਸਿੰਘ ਦੀਨਾਨਗਰ, ਵਧੀਕ ਡਿਪਟੀ ਕਮਿਸ਼ਨਰ ਸੁਭਾਸ਼ ਚੰਦਰ, ਐੱਸ.ਡੀ.ਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਤੋਂ ਇਲਾਵਾ ਹੋਰ ਵੀ ਅਧਿਕਾਰੀ ਹਾਜ਼ਰ ਸਨ।

ਪਿੰਡ ਭੈਣੀ ਪਸਵਾਲ ਦੇ ਦੌਰੇ ਦੌਰਾਨ ਕੈਬਨਿਟ ਮੰਤਰੀ ਧਾਲੀਵਾਲ ਨੇ ਓਥੇ ਸਿਹਤ ਵਿਭਾਗ ਵੱਲੋਂ ਲਗਾਏ ਗਏ ਵਿਸ਼ੇਸ਼ ਮੈਡੀਕਲ ਕੈਂਪ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਓਥੇ ਮੌਜੂਦ ਇਲਾਕਾ ਨਿਵਾਸੀਆਂ ਦਾ ਹਾਲ-ਚਾਲ ਜਾਣਿਆ ਅਤੇ ਲੋੜਵੰਦ ਪਰਵਾਰਾਂ ਨੂੰ ਰਾਹਤ ਸਮੱਗਰੀ ਤਕਸੀਮ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੇ ਨਾਲ ਹੈ ਅਤੇ ਸਰਕਾਰ ਦੀ ਪੂਰੀ ਮਸ਼ੀਨਰੀ ਹੜ੍ਹ ਪ੍ਰਭਾਵਤ ਖੇਤਰਾਂ ਵਿੱਚ ਰਾਹਤ ਕਾਰਜਾਂ 'ਚ ਲੱਗੀ ਹੋਈ ਹੈ। ਧਾਲੀਵਾਲ ਨੇ ਕਿਹਾ ਕਿ ਬੇਟ ਇਲਾਕੇ ਵਿੱਚ ਪਾਣੀ ਹੁਣ ਉਤਰ ਚੁੱਕਾ ਹੈ ਅਤੇ ਧੁੱਸੀ ਬੰਨ੍ਹ ਵਿੱਚ ਪਏ ਪਾੜ ਨੂੰ ਵੀ ਕੱਲ੍ਹ ਤੱਕ ਭਰ ਲਿਆ ਜਾਵੇਗਾ। ਜਲਦੀ ਹੀ ਹਾਲਾਤ ਆਮ ਵਾਂਗ ਹੋ ਜਾਣਗੇ। ਉਨ੍ਹਾਂ ਕਿਹਾ ਰਾਜ ਸਰਕਾਰ ਵੱਲੋਂ ਵਿਸ਼ੇਸ਼ ਸਰਵੇ ਕਰਾ ਕੇ ਲੋਕਾਂ ਦੇ ਹੜ੍ਹ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਰਾਹਤ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪਾਣੀ ਘਟਣ ਤੋਂ ਬਾਅਦ ਸਿਹਤ ਵਿਭਾਗ ਵੱਲੋਂ ਪ੍ਰਭਾਵਤ ਖੇਤਰ ਵਿੱਚ ਮੈਡੀਕਲ ਕੈਂਪ ਅਤੇ ਪਸ਼ੂ ਪਾਲਣ ਵਿਭਾਗ ਵੱਲੋਂ ਵੈਟਨਰੀ ਕੈਂਪ ਲਗਾਏ ਜਾ ਰਹੇ ਹਨ।

# ਸ੍ਰੀ ਗੁਰੂ ਰਾਮਦਾਸ ਯੂਨੀਵਰਸਿਟੀ ਨੇ ਆਈ ਸੀ ਯੂ ਬਰੌਂਕੋਸਕੋਪੀ ਦੀ ਵਰਕਸ਼ਾਪ ਕਰਵਾਈ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )- ਮੈਡੀਕਲ ਦੇ ਖੇਤਰ 'ਚ ਵਿਸ਼ਵ ਪ੍ਰਸਿੱਧ ਅਤੇ ਨਾਮਵਰ ਸੰਸਥਾਵਾਂ ਸ੍ਰੀ ਗੁਰੂ ਰਾਮ ਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਸ੍ਰੀ ਅੰਮ੍ਰਿਤਸਰ ਨੇ ਟੈਕਨੋਲੋਜੀ ਦੇ ਖੇਤਰ ਦੀ ਇੱਕ ਮੰਨੀ-ਪ੍ਰਮੰਨੀ ਕੰਪਨੀ ਪ੍ਰਾਈਮਾ ਵਿਸਟਾ-ਰਿਚਰਡ ਵੂਲਫ ਅਕੈਡਮੀ ਅਤੇ ਸ਼ਾਰਦਾ ਯੂਨੀਵਰਸਿਟੀ, ਨਵੀਂ ਦਿੱਲੀ ਨਾਲ ਮਿਲ ਕੇ ਉੱਤਰ ਭਾਰਤ ਵਿੱਚ ਪਹਿਲੀ ਵਾਰ ਆਈ.ਸੀ.ਯੂ. ਬੌਂਕੋਸਕੋਪੀ ਵਰਕਸ਼ਾਪ ਕਰਵਾਈ। ਸਮਾਰੋਹ ਦਾ ਉਦਘਾਟਨ ਮੁੱਖ ਮਹਿਮਾਨ ਡਾ. ਮਨਜੀਤ ਸਿੰਘ ਉੱਪਲ, ਵਾਈਸ ਚਾਂਸਲਰ, ਸ੍ਰੀ ਗੁਰੂ ਰਾਮ ਦਾਸ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਸ੍ਰੀ ਅੰਮ੍ਰਿਤਸਰ ਨੇ ਸ਼ਮ੍ਹਾਂ ਰੌਸ਼ਨ ਕਰਕੇ ਕੀਤਾ। ਉਨ੍ਹਾਂ ਦੇ ਨਾਲ ਡਾ. ਮੇਡ. ਬੁਸ਼ੀਰਾ ਵੀਰਾਵਰਨਾ, ਡਾ. ਰਾਜੇਸ਼ ਚੰਦਰ ਮਿਸ਼ਰਾ, ਡਾ. ਮਨੀਸ਼ ਭਾਰਤੀ ਅਤੇ ਡਾ. ਅਸ਼ੋਕ ਉੱਪਲ ਨੇ ਗੈਸਟ ਆਫ ਆਨਰ ਵਜੋਂ ਸ਼ਿਰਕਤ ਕੀਤੀ। ਡਾ. ਮੇਡ. ਬੁਸ਼ੀਰਾ ਵੀਰਾਵਰਨਾ - ਮਾਹਰ, ਮੋਢੀ ਅਤੇ ਗਿਆਨ ਦੇ ਤਬਾਦਲੇ ਲਈ ਜ਼ਿੰਮੇਵਾਰ, ਜੋ ਸਿਲੋਹ ਸੇਂਟ ਟਰੂਡਪਰਟ ਹਸਪਤਾਲ ਅਤੇ ਫੇਫੜੇ ਕੇਂਦਰ, ਪੋਫੋਰਜ਼ਾਈਮ ਜਰਮਨੀ ਦੇ ਡਾਇਰੈਕਟਰ ਵੀ ਹਨ, ਨੇ ਕਿਹਾ ਕਿ ਬ੍ਰੌਂਨਕੋਸਕੋਪੀ, ਆਈ.ਸੀ.ਯੂ. ਵਿੱਚ ਦਾਖਲ ਗੰਭੀਰ ਬਿਮਾਰ ਮਰੀਜ਼ਾਂ ਦੇ ਇਲਾਜ ਵਿੱਚ ਇੱਕ ਮਹੱਤਵਪੂਰਨ ਡਾਇਗਨੌਸਟਿਕ ਅਤੇ ਉਪਚਾਰਕ ਭੂਮਿਕਾ ਨਿਭਾਉਂਦੀ। ਇਸ ਮੌਕੇ ਡਾ. ਮਨੀਸ਼ ਭਾਰਤੀ, ਸੀਨੀਅਰ ਸਲਾਹਕਾਰ ਅਤੇ ਇੰਟਰਵੇਸ਼ਨਲ ਇੰਟੈਂਸਿਵਿਸਟ, ਕ੍ਰਿਟੀਕਲ ਕੇਅਰ ਮੈਡੀਸਨ ਵਿਭਾਗ, ਸ਼ਾਰਦਾ ਹਸਪਤਾਲ ਨੇ ਕਿਹਾ ਕਿ ਇਹ ਵਿਲੱਖਣ ਸਹਿਯੋਗ ਬ੍ਰੌਂਨਕੋਸਕੋਪੀ ਦੇ ਮਾਹਰਾਂ ਅਤੇ ਮੈਡੀਕਲ ਖੇਤਰ ਦੇ ਹੋਰ ਮਾਹਰਾਂ ਨੂੰ ਬਿਲਕੁੱਲ ਨਵੇਂ ਢੰਗਾਂ ਨਾਲ ਇਕੱਠੇ ਕੰਮ ਕਰਨ ਅਤੇ ਆਈ.ਸੀ.ਯੂ. ਕੇਅਰ ਨੂੰ ਹੋਰ ਜ਼ਿਆਦਾ ਬਿਹਤਰ ਅਤੇ ਕਿਫਾਇਤੀ ਬਣਾਉਣ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰੇਗਾ। ਇਸ ਮੌਕੇ ਇੰਡੀਅਨ ਸੁਸਾਇਟੀ ਆਫ਼ ਕ੍ਰਿਟੀਕਲ ਕੇਅਰ ਮੈਡੀਸਨ (ਆਈ.ਐਸ.ਸੀ.ਸੀ.ਐਮ.) ਦੇ ਸਾਬਕਾ ਪ੍ਰਧਾਨ/ ਚਾਂਸਲਰ ਆਈ.ਸੀ.ਸੀ.ਐਮ. ਨੇ ਕਿਹਾ ਕਿ ਆਈ.ਸੀ.ਯੂ. ਵਿੱਚ ਦਾਖਲ ਮਰੀਜ਼ਾਂ ਦੀ ਦੇਖਭਾਲ ਨੂੰ ਉੱਚ ਪੱਧਰੀ ਬਣਾਉਣ ਲਈ ਸਹਾਇਕ ਹਨ।

ਇਸ ਮੌਕੇ ਡਾ. ਅਨੁਪਮਾ ਮਹਾਜਨ, ਡਾਇਰੈਕਟਰ ਪ੍ਰਿੰਸੀਪਲ, ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਸ੍ਰੀ ਅੰਮ੍ਰਿਤਸਰ, ਡਾ. ਰੁਚੀ ਗੁਪਤਾ, ਪ੍ਰੋਫੈਸਰ ਤੇ ਮੁੱਖ ਐਨਸਥੀਸੀਆ ਵਿਭਾਗ, ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਸ੍ਰੀ ਅੰਮ੍ਰਿਤਸਰ, ਡਾ. ਜੋਨੀ ਧਵਨ, ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਸ੍ਰੀ ਅੰਮ੍ਰਿਤਸਰ, ਡਾ. ਸਚਰੀਤ ਕੌਰ, ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਸ੍ਰੀ ਅੰਮ੍ਰਿਤਸਰ, ਡਾ. ਅਭਿਸ਼ੇਕ ਸ਼ਰਮਾ, ਸ੍ਰੀ ਗੁਰੂ ਰਾਮਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ, ਸ੍ਰੀ ਅੰਮ੍ਰਿਤਸਰ ਦੇ ਐਨਸਥੀਸੀਆ ਵਿਭਾਗ ਵਿੱਚ ਕਾਰਡੀਅਕ ਐਨਸਥੀਸੀਆ ਯੂਨਿਟ ਦੇ ਮੁੱਖੀ, ਡਾ. ਸੁਮਾਰੀਆ ਤਾਂਤਰੇ, ਸੀਨੀਅਰ ਸਲਾਹਕਾਰ ਪੁਲਮਨਰੀ ਮੈਡੀਸਨ, ਇੰਦਰਾਪਰਸਤ ਅਪੋਲੋ ਹਸਪਤਾਲ, ਨਵੀਂ ਦਿੱਲੀ, ਭਾਰਤ ਭਰ 'ਤੋਂ ਆਏ ਡਾਕਟਰ ਸਾਹਿਬਾਨ, ਡੈਲੀਗੇਟਸ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ।

# ਕਲਾਨੌਰ-ਡੇਰਾ ਬਾਬਾ ਨਾਨਕ ਕੌਮੀ ਮਾਰਗ 'ਤੇ ਖੁੱਲ੍ਹੇਆਮ ਘੁੰਮਦੇ ਹਨ ਪਸ਼ੂ



ਕਲਾਨੌਰ (ਮਨਦੀਪ ਕੁਮਾਰ)-ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਦੇ ਹੁਕਮਾਂ ਦੀ ਅਣਦੇਖੀ ਕਰਦਿਆਂ ਕਲਾਨੌਰ-ਡੇਰਾ ਬਾਬਾ ਨਾਨਕ ਕੌਮੀ ਮਾਰਗ 'ਤੇ ਗੁੱਜਰਾਂ ਦੇ ਪਸ਼ੂ ਖੁੱਲ੍ਹੇਆਮ ਆਮ ਦੇਖੇ ਜਾ ਰਹੇ ਹਨ ਪਰ ਸਬੰਧਤ ਵਿਭਾਗ ਚੁੱਪ ਧਾਰੀ ਬੈਠਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਖਾਲਸਾ ਪੰਚਾਇਤ ਕਲਾਨੌਰ ਭਾਈ ਰਜਿੰਦਰ ਸਿੰਘ ਭੰਗੂ, ਗੁਰਮੇਜ ਸਿੰਘ ਪੱਡਾ, ਬਿਕਰਮਜੀਤ ਸਿੰਘ ਭੱਟੀ, ਭਾਈ ਰਣਜੀਤ ਸਿੰਘ ਖਾਲਸਾ, ਭਾਈ ਦਲਵਿੰਦਰ ਸਿੰਘ ਬਿੱਟੂ, ਰਾਜ ਕੁਮਾਰ, ਮਹਿੰਦਰ ਸਿੰਘ ਲਾਲੀ, ਨਿਰਮਲ ਸਿੰਘ, ਜਤਿੰਦਰ ਸਿੰਘ ਆਦਿ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਕਲਾਨੌਰ-ਡੇਰਾ ਬਾਬਾ ਨਾਨਕ ਕੌਮੀ ਮਾਰਗ 'ਤੇ ਗੁੱਜਰਾਂ ਵੱਲੋਂ ਸਰੇਆਮ ਆਪਣੇ ਪਸ਼ੂਆਂ ਨੂੰ ਘੁੰਮਾਇਆ ਜਾ ਰਿਹਾ ਹੈ, ਜਿਸ ਕਾਰਨ ਨਾ ਸਿਰਫ ਹਾਦਸੇ ਦਾ ਡਰ ਬਣਿਆ ਹੋਇਆ ਹੈ, ਸਗੋਂ ਜੰਗਲਾਤ ਵਿਭਾਗ ਵੱਲੋਂ ਸੜਕ ਕਿਨਾਰੇ ਲਗਾਏ ਗਏ ਦਰੱਖਤਾਂ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਲੋਕਾਂ ਨੇ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਅਤੇ ਸੰਬੰਧਤ ਵਿਭਾਗ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

# 1947 ਦੀ ਵੰਡ ਮੌਕੇ ਮਾਰੇ ਗਏ 10 ਲੱਖ ਪੰਜਾਬੀਆਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ



ਡੇਰਾ ਬਾਬਾ ਨਾਨਕ ( ਰਮੇਸ਼ ਸ਼ਰਮਾ)- ਅੱਜ ਡੇਰਾ ਬਾਬਾ ਨਾਨਕ ਵਿਖੇ 1947 ਦੀ ਵੰਡ ਮੌਕੇ ਮਾਰੇ ਗਏ 10 ਲੱਖ ਪੰਜਾਬੀਆਂ ਦੀ ਆਤਮਿਕ ਸ਼ਾਂਤੀ ਲਈ ਗੁਰਦੁਆਰਾ ਬਾਬਾ ਸਿੱਧ ਸੋਹ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਅਰਦਾਸ ਬੇਨਤੀ ਵਿੱਚ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ, ਸਿੱਖ ਜਥੇਬੰਦੀਆਂ ਤੋਂ ਇਲਾਵਾ ਵੱਖ ਵੱਖ ਧਰਮਾਂ ਦੇ ਨੁਮਾਇੰਦੇ, ਸਮਾਜਕ ਸੰਸਥਾਵਾਂ, ਰਾਜਨੀਤਕ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਪੰਜਾਬ ਸਰਕਾਰ ਦੇ ਅਹੁਦੇਦਾਰ ਸ਼ਾਮਲ ਹੋਏ। ਸ੍ਰੀ ਕਰਤਾਰਪੁਰ ਕਾਰੀਡੋਰ ਡੇਰਾ ਬਾਬਾ ਨਾਨਕ ਦਰਸ਼ਨ ਸਥੱਲ ਤੋਂ 47 ਦੀ ਵੰਡ ਮੌਕੇ ਮਾਰੇ ਗਏ ਪੰਜਾਬੀਆਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ।

ਸਿੰਘ ਸਾਹਿਬ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੀ ਅਜ਼ਾਦੀ ਮੌਕੇ ਮਨਾਏ ਜਾਂਦੇ ਜਸ਼ਨਾਂ ਦੌਰਾਨ 10 ਲੱਖ ਮਾਰੇ ਗਏ ਤੇ ਲੱਖਾਂ ਦੀ ਤਾਦਾਦ ਵਿਚ ਉੱਜੜ ਗਏ ਪੰਜਾਬੀਆਂ ਦੀ ਵੀ ਯਾਦ ਮਨਾਈ ਜਾਵੇ ਤੇ ਚੇਤਾ ਰੱਖਿਆ ਜਾਵੇ ਕਿ 1947 ਦੀ ਅਜ਼ਾਦੀ ਮੌਕੇ ਪੰਜਾਬ ਨੂੰ ਟੋਟੇ ਕਰਕੇ ਬੁਰੀ ਤਰ੍ਹਾਂ ਉਜਾੜ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਅਰਦਾਸ ਜਿਥੇ ਅਕਾਲ ਪੁਰਖ ਅੱਗੇ ਦੋਵਾਂ ਪੰਜਾਬਾਂ ਦੀ ਹੱਕ ਵਿੱਚ ਕੀਤੀ ਗਈ ਹੈ ਤੇ ਉਥੇ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੂੰ ਆਪਦੀਆਂ ਪਾਰਲੀਮੈਂਟਾਂ ਵਿਚ 1947 ਦੀ ਹਿੰਸਾ ਅਤੇ ਪੰਜਾਬ ਦੇ ਉਜਾੜੇ ਲਈ ਸ਼ੋਕ ਮਤਾ ਪਾਉਣ ਦੀ ਮੰਗ ਕੀਤੀ ਗਈ ਹੈ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਹਿੰਦੁਸਤਾਨ ਅਤੇ ਪਾਕਿਸਤਾਨ ਸਰਕਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੋ ਵੀ ਲਾਂਘੇ ਅਤੇ ਕਠਿਨ ਸ਼ਰਤਾਂ ਲਗਾਈਆਂ ਹਨ ਉਨ੍ਹਾਂ ਨੂੰ ਹਟਾ ਕੇ ਆਧਾਰ ਕਾਰਡ ਵਿਧੀ ਰਾਹੀਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤੇ ਜਿਸ ਤਰ੍ਹਾਂ ਸਾਡੇ ਹਿੰਦੁਸਤਾਨ ਦੇ ਸ਼ਰਧਾਲੂ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਰਸ਼ਨ ਕਰਨ ਜਾਂਦੇ ਹਨ ਉਸੇ ਤਰ੍ਹਾਂ ਹਿੰਦੋਸਤਾਨ ਦੀ ਗੌਰਮੈਂਟ ਨੂੰ ਵੀ ਚਾਹੀਦਾ ਹੈ ਕਿ ਜੋ ਪਾਕਿਸਤਾਨੀ ਸਿੱਖ ਸ਼ਰਧਾਲੂ ਡੇਰਾ ਬਾਬਾ ਨਾਨਕ ਵਿੱਚ ਬਣੇ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਇਜਾਜ਼ਤ ਦਿੱਤੀ ਜਾਵੇ।

ਇਸ ਮੌਕੇ ਗੁਰਚਰਨ ਸਿੰਘ ਜਰਨਲ ਸਕੱਤਰ ਐਸ ਜੀ ਪੀ ਸੀ, ਮੈਨੇਜਰ ਬਲਜੀਤ ਸਿੰਘ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ, ਜਥੇ. ਗੁਰਪ੍ਰਤਾਪ ਸਿੰਘ ਵਡਾਲਾ, ਸਰਵਨ ਸਿੰਘ ਧੁੰਨ, ਸੁਖਦੇਵ ਸਿੰਘ ਹਵਾਰਾ, ਬਲਦੇਵ ਸਿੰਘ, ਅਜੈਬ ਸਿੰਘ ਦੀਨਪੁਰ, ਤਰਸੇਮ ਸਿੰਘ ਪ੍ਰਧਾਨ ਤਰਨ ਤਾਰਨ, ਰਸ਼ਪਾਲ ਸਿੰਘ ਬੱਲ, ਜਗਤਾਰ ਸਿੰਘ ਬੱਲ, ਮੱਖਣ ਸਿੰਘ ਸਰਪੰਚ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਅਰਦਾਸ ਵਿੱਚ ਹਾਜ਼ਰੀ ਭਰੀ।

# ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੋਹਾਵਾ ਕਬੱਡੀ ਟੂਰਨਾਮੈਂਟ ਅੰਡਰ-19 ਜੇਤੂ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸੀ ਆਈ ਐਸ ਸੀ ਈ ਵੱਲੋਂ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਜ਼ਿਲ੍ਹਾ ਬਰਨਾਲਾ ਵਿਖੇ ਕਰਵਾਏ ਖੇਤਰੀ ਕਬੱਡੀ ਟੂਰਨਾਮੈਂਟ ਅੰਡਰ-19 ਵਰਗ ਵਿੱਚ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੋਹਾਵਾ ਦੇ ਵਿਦਿਆਰਥੀ ਉਪ ਜੇਤੂ ਰਹੇ। ਟੀਮ ਦੀ ਅਗਵਾਈ ਸੰਦੀਪ ਸਿੰਘ ਡੀ.ਪੀ.ਈ. ਇਸ ਵਿੱਚ 10ਵੀਂ ਦੇ ਕਪੂਰ ਸਿੰਘ, 10ਵੀਂ ਦੇ ਮਨਤੇਜ ਸਿੰਘ, 10ਵੀਂ ਦੇ ਪ੍ਰਭਜੀਤ ਸਿੰਘ ਅਤੇ +1 ਕਲਾਸ ਦੇ ਜਸ਼ਨਪ੍ਰੀਤ ਸਿੰਘ ਨੇ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਦਾ ਨਾਂਅ ਰੌਸ਼ਨ ਕੀਤਾ। ਡਾ. ਰਿਤੂ ਅਤੇ ਸਕੂਲ ਡਾਇਰੈਕਟਰ ਸਤੀਸ਼ ਕੁਮਾਰ ਦੁੱਗਲ ਨੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸੰਦੀਪ ਸਿੰਘ (ਡੀ.ਪੀ.ਈ.), ਜਸਪਾਲ ਸਿੰਘ, ਹਰਜਿੰਦਰ ਸਿੰਘ, ਮੈਡਮ ਮਨਜੀਤ ਕੌਰ, ਰਾਜਵਿੰਦਰ ਕੌਰ, ਗੁਰਕਮਲਪ੍ਰੀਤ ਕੌਰ, ਮਨਦੀਪ ਕੌਰ, ਮੈਡਮ ਗੁਰਪ੍ਰੀਤ ਕੌਰ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਰੋਟਰੀ ਨਾਰਥ ਵੱਲੋਂ ਚਿਕਨਗੁਨੀਆ ਤੇ ਡੇਂਗੂ ਦੀ ਜਾਣਕਾਰੀ ਲਈ ਸੈਮੀਨਾਰ



ਅੰਮ੍ਰਿਤਸਰ (ਅਰੋੜਾ): ਮਹਾਨਗਰ ਵਿੱਚ ਦਿਨ ਬ ਦਿਨ ਵਧ ਰਹੇ ਚਿਕਨਗੁਨੀਆ ਅਤੇ ਡੇਂਗੂ ਦੇ ਪ੍ਰਕੋਪ ਨੂੰ ਦੇਖਦੇ ਹੋਏ ਰੋਟਰੀ ਕਲੱਬ ਅੰਮ੍ਰਿਤਸਰ ਨਾਰਥ ਵੱਲੋਂ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਹੀਰਾ, ਸਕੱਤਰ ਵਰੁਣ ਕੱਕੜ ਡਾ. ਸੁਖਮਨਪ੍ਰੀਤ ਕੌਰ ਅਤੇ ਐਮ.ਓ.ਸੀ ਆਰ.ਐਸ.ਚੱਠਾ ਦੀ ਦੇਖ ਰੇਖ ਵਿੱਚ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਵਿੱਚ ਬੱਚਿਆਂ ਦੇ ਮਾਹਰ ਡਾ. ਸੰਜੇ ਖੇਤਰਪਾਲ ਅਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਕੇ.ਡੀ. ਹਸਪਤਾਲ ਦੇ ਪ੍ਰਮੁੱਖ ਡਾ. ਕੁਲਦੀਪ ਸਿੰਘ ਅਰੋੜਾ ਮੁੱਖ ਸਪੀਕਰ ਦੇ ਰੂਪ ਵਜੋਂ ਸ਼ਾਮਲ ਹੋਏ। ਡਾ. ਸੰਜੇ ਖੇਤਰਪਾਲ ਨੇ ਰੋਟਰੀ ਮੈਂਬਰਾਂ ਨੂੰ ਨਿਵੇਦਨ ਕੀਤਾ ਕਿ ਬੁਖਾਰ ਅਤੇ ਜੋੜਾਂ ਦਾ ਦਰਦ, ਸਰੀਰ ਵਿੱਚ ਥਕਾਵਟ ਮਹਿਸੂਸ ਕਰਨਾ ਚਿਕਨਗੁਨੀਆ ਰੋਗ ਦੇ ਚਿੰਨ੍ਹ ਹੁੰਦੇ ਹਨ। ਅਜਿਹੀ ਸਥਿਤੀ ਵਿੱਚ ਤੁਰੰਤ ਕਿਸੇ ਮਾਹਰ ਡਾਕਟਰ ਦੇ ਕੋਲ ਜਾ ਕੇ ਇਲਾਜ ਸ਼ੁਰੂ ਕਰਵਾਉਣਾ ਚਾਹੀਦਾ ਹੈ। ਡਾ. ਕੁਲਦੀਪ ਸਿੰਘ ਅਰੋੜਾ ਨੇ ਕਿਹਾ ਕਿ ਡੇਂਗੂ ਦੇ ਰੋਗੀ ਨੂੰ ਕੱਟਣ ਵਾਲਾ ਮੱਛਰ ਜਦੋਂ ਕਿਸੇ ਦੂਸਰੇ ਵਿਅਕਤੀ ਨੂੰ ਕੱਟਦਾ ਹੈ ਤਾਂ ਉਸ ਨੂੰ ਵੀ ਆਪਣੀ ਚਪੇਟ ਵਿੱਚ ਲੈ ਲੈਂਦਾ ਹੈ। ਸੈਮੀਨਾਰ ਦੇ ਅੰਤ ਵਿੱਚ ਮੁੱਖ ਸਪੀਕਰ ਡਾ. ਸੰਜੇ ਖੇਤਰਪਾਲ ਨੂੰ ਰੋਟਰੀ ਅਵਾਰਡ ਦੇ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਮੇਜਰ ਡੋਨਰ ਡਾ. ਜੀ.ਐਸ. ਮਦਾਨ, ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ, ਸਾਬਕਾ ਪ੍ਰਧਾਨ ਵਿਜੇ ਭਸੀਨ, ਡਾ. ਮਨਜੀਤਪਾਲ ਕੌਰ, ਰੋਟੇਰੀਅਨ ਨਿਰਮਲ ਸਿੰਘ, ਸੁਰਿੰਦਰ ਕੱਕੜ, ਅਤੁਲ ਮਹਿਰਾ, ਮਿਨਾਕਸ਼ੀ ਮੇਹਰਾ, ਸਹਾਇਕ ਗਵਰਨਰ ਮਨਦੀਪ ਸਿੰਘ ਮੋਹਾਰ, ਐਡਵੋਕੇਟ ਸੁਖਨਦੀਪ ਸਿੰਘ, ਅਕਵਿੰਦਰ ਕੌਰ ਖੇੜਾ ਸਹਿਤ ਸਮੂਹ ਰੋਟਰੀ ਮੈਂਬਰ ਮੌਜੂਦ ਸਨ।

# ਬੰਦ ਪਏ ਸੀਵਰੇਜ ਨੂੰ ਸਹੀ ਕਰਵਾ ਕੇ ਵਿਧਾਇਕ ਸੋਹਲ ਨੇ ਮੁਰਾਦਪੁਰ ਦੇ ਲੋਕਾਂ ਨੂੰ ਦਿੱਤਾ ਵੱਡਾ ਤੋਹਫਾ : ਗਗਨਦੀਪ ਕੌਰ



ਤਰਨ ਤਾਰਨ (ਸਾਗਰ ਅਰੋੜਾ)- ਵਾਰਡ ਨੰਬਰ 10 ਮੁਰਾਦਪੁਰ ਤੋਂ ਵਾਰਡ ਇੰਚਾਰਜ ਗਗਨਦੀਪ ਕੌਰ ਨੇ ਦੱਸਿਆ ਕਿ ਮਰਾਦਪੁਰ ਵਿੱਚ ਪਿਛਲੇ ਕਈ ਸਾਲਾਂ ਤੋਂ ਸੀਵਰੇਜ ਸਿਸਟਮ ਖਰਾਬ ਹੋਣ ਦੇ ਕਾਰਨ ਇਲਾਕੇ ਦੇ ਲੋਕ ਨਰਕ ਭਰਿਆ ਜੀਵਨ ਬਸਰ ਕਰ ਰਹੇ ਸਨ ਅਤੇ ਮੀਂਹ ਦੇ ਦਿਨਾਂ ਵਿੱਚ ਮਰਾਦਪੁਰ ਦਾ ਇਲਾਕਾ ਛੱਪੜ ਦਾ ਰੂਪ ਧਾਰਨ ਕਰ ਜਾਂਦਾ ਸੀ। ਕਈ ਕਈ ਦਿਨ ਸੜਕਾਂ 'ਤੇ ਪਾਣੀ ਖੜ੍ਹਾ ਰਹਿੰਦਾ ਸੀ। ਜਿਸ ਕਾਰਨ ਕਈ ਤਰ੍ਹਾਂ ਦੀਆਂ ਬਿਮਾਰੀਆਂ ਵੀ ਫੈਲ ਜਾਂਦੀਆਂ ਸੀ। ਪਰ ਤਰਨ ਤਾਰਨ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਤਕਰੀਬਨ 25 ਲੱਖ ਰੁਪਏ ਦਾ ਟੈਂਡਰ ਭਰ ਕੇ ਮੁਰਾਦਪੁਰ ਤੇ ਹੋਰਨਾਂ ਇਲਾਕਿਆਂ ਦੇ ਸੀਵਰੇਜ ਦੀ ਸਫਾਈ ਕਰਵਾਈ ਜੋ ਕਿ ਪੂਰੀ ਤਰ੍ਹਾਂ ਬੰਦ ਸਨ ਅਤੇ ਕਈ ਸਾਲਾਂ ਤੋਂ ਚਲਦੀ ਆ ਰਹੀ ਸੀਵਰੇਜ ਦੀ ਮੁਸ਼ਕਲ ਤੋਂ ਇਲਾਕੇ ਦੇ ਲੋਕਾਂ ਨੂੰ ਰਾਹਤ ਦਿਵਾਈ। ਵਾਰਡ ਇੰਚਾਰਜ ਗਗਨਦੀਪ ਕੌਰ ਨੇ ਵਿਧਾਇਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਲਾਕੇ ਦੇ ਲੋਕ ਉਨ੍ਹਾਂ ਦੇ ਤਹਿ ਦਿਲੋਂ ਧੰਨਵਾਦੀ ਹਨ ।

# ਅਜੇ ਕੁਮਾਰ ਤੇ ਗੁਰਿੰਦਰ ਸਿੰਘ ਵੱਖ-ਵੱਖ ਵਾਰਡਾਂ ਦੇ ਇੰਚਾਰਜ ਨਿਯੁਕਤ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ ) -ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਆਮ ਆਦਮੀ ਪਾਰਟੀ ਦੀ ਅਜਨਾਲਾ ਸ਼ਹਿਰੀ ਜਥੇਬੰਦੀ ਦੇ ਢਾਂਚੇ ਨੂੰ ਮਜ਼ਬੂਤੀ ਦੇਣ ਤੇ ਲੋਕ ਦੀਆਂ ਮੁਸ਼ਕਲਾਂ ਨੂੰ ਧਰਾਤਲ ਪੱਧਰ ਤੋਂ ਜਾਣਨ ਉਪਰੰਤ ਉਨ੍ਹਾਂ ਦੇ ਫੌਰੀ ਹੱਲ ਲਈ ਪਾਰਟੀ ਦੇ ਸਰਗਰਮ ਨੌਜਵਾਨ ਆਗੂ ਅਜੇ ਕੁਮਾਰ ਨੂੰ ਆਪ ਦੀ ਅਜਨਾਲਾ ਸ਼ਹਿਰੀ ਜਥੇਬੰਦੀ ਦੇ ਵਾਰਡ ਨੰਬਰ 3 ਦਾ ਇੰਚਾਰਜ ਥਾਪਣ ਤੋਂ ਇਲਾਵਾ ਨੌਜਵਾਨ ਗੁਰਿੰਦਰ ਸਿੰਘ ਨੂੰ ਵਾਰਡ ਨੰਬਰ 8 ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਦੌਰਾਨ 'ਆਪ' ਦੇ ਅਜਨਾਲਾ ਸਹਿਰੀ ਦੇ ਪ੍ਰਧਾਨ ਦੀਪਕ ਚੈਨਪੁਰੀਆ ਦੀ ਹਾਜ਼ਰੀ 'ਚ ਕੈਬਨਿਟ ਮੰਤਰੀ ਧਾਲੀਵਾਲ ਦੇ ਓ.ਐਸ.ਡੀ. ਚਰਨਜੀਤ ਸਿੰਘ ਸਿੱਧੂ ਵੱਲੋਂ ਉਕਤ ਦੋਹਾਂ ਨਵ-ਨਿਯੁਕਤ ਵਾਰਡ ਇੰਚਾਰਜਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ । ਇਸ ਮੌਕੇ ਨਵ-ਨਿਯੁਕਤ ਵਾਰਡ ਇੰਚਾਰਜ ਅਜੇ ਕੁਮਾਰ ਤੇ ਗੁਰਿੰਦਰ ਸਿੰਘ ਨੇ ਕੈਬਨਿਟ ਮੰਤਰੀ ਧਾਲੀਵਾਲ ਧੰਨਵਾਦ ਕਰਦਿਆਂ ਕਿਹਾ ਕਿ ਉਹ ਪ੍ਰਧਾਨ ਦੀਪਕ ਚੈਨਪੁਰੀਆ ਦੀ ਅਗਵਾਈ 'ਚ ਵੱਧ ਤੋਂ ਵੱਧ ਲੋਕਾਂ ਨੂੰ 'ਆਪ' ਨਾਲ ਜੋੜਨਗੇ ਤੇ ਪਾਰਟੀ ਅਤੇ ਪੰਜਾਬ ਸਰਕਾਰ ਦੀਆਂ ਲੋਕ ਹਿਤੈਸ਼ੀ ਨੀਤੀਆਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਘਰ-ਘਰ ਪਹੁੰਚ ਕਰਨਗੇ। ਇਸ ਮੌਕੇ ਵਾਰਡ ਇੰਚਾਰਜ ਪਵਿੱਤਰ ਸਿੰਘ ਫੈਂਸੀ, ਵਾਰਡ ਇੰਚਾਰਜ ਅਮਰਦੀਪ ਸਿੰਘ ਰਿੰਕੂ, ਗੋਰਾ ਸੱਗੂ, ਦੀਪਕ ਭੱਟੀ, 'ਆਪ' ਦੇ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਸ਼ਮਸ਼ੇਰ ਸਿੰਘ ਅਜਨਾਲਾ, ਵਿੱਕੀ ਅੱਡਾ ਇੰਚਾਰਜ ਆਦਿ ਹਾਜ਼ਰ ਸਨ ।

# ਕਾਂਗਰਸ ਹਾਈਕਮਾਂਡ ਵੱਲੋਂ ਅੰਗਰੇਜ਼ ਸਿੰਘ ਹੁੰਦਲ ਤਰਨ ਤਾਰਨ ਤੋਂ ਜ਼ਿਲ੍ਹਾ ਸੈਕਟਰੀ ਨਿਯੁਕਤ



ਭਿੱਖੀਵਿੰਡ/ ਖਾਲੜਾ **(ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)**-ਬੀਤੇ ਦਿਨੀਂ ਕਾਂਗਰਸ ਹਾਈਕਮਾਂਡ ਵੱਲੋਂ ਪਾਰਟੀ ਲਈ ਲੰਮੇ ਸਮੇਂ ਤੋਂ ਤਨਦੇਹੀ ਨਾਲ ਕੰਮ ਕਰਦੇ ਆ ਰਹੇ ਜੁਝਾਰੂ ਆਗੂਆਂ ਨੂੰ ਵੱਖ-ਵੱਖ ਅਹੁਦਿਆਂ 'ਤੇ ਤਾਇਨਾਤ ਕਰਕੇ ਬਣਦਾ ਮਾਣ-ਸਤਿਕਾਰ ਦਿੱਤਾ ਗਿਆ ਹੈ। ਹਾਈਕਮਾਂਡ ਵੱਲੋਂ ਨਵੀਆਂ ਨਿਯੁਕਤੀਆਂ ਦੀ ਜਾਰੀ ਕੀਤੀ ਗਈ ਸੂਚੀ 'ਚ ਹਲਕਾ ਖੇਮਕਰਨ ਤੋਂ ਇਮਾਨਦਾਰ ਅਤੇ ਜੁਝਾਰੂ ਆਗੂ ਅੰਗਰੇਜ਼ ਸਿੰਘ ਹੁੰਦਲ ਦਾ ਨਾਂਅ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਅੱਜ ਕਾਂਗਰਸ ਦੇ ਹਲਕਾ ਪੱਟੀ ਤੋਂ ਸਾਬਕਾ ਵਿਧਾਇਕ ਅਤੇ ਤਰਨ ਤਾਰਨ ਤੋਂ ਜ਼ਿਲ੍ਹਾ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਅਤੇ ਹਲਕਾ ਖੇਮਕਰਨ ਤੋਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਆਪਣੇ ਗ੍ਰਹਿ ਪਿੰਡ ਮਹਿਮੂਦਪੁਰ ਵਿਖੇ ਨਿਯੁਕਤੀ ਪੱਤਰ ਸੌਂਪਿਆ। ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਸੈਕਟਰੀ ਅੰਗਰੇਜ਼ ਸਿੰਘ ਹੁੰਦਲ ਨੇ ਪਾਰਟੀ ਹਾਈਕਮਾਂਡ, ਹਲਕਾ ਖੇਮਕਰਨ ਤੋਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਅਤੇ ਹਲਕਾ ਪੱਟੀ ਤੋਂ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਨੂੰ ਜ਼ਿਲ੍ਹਾ ਪੱਧਰ 'ਤੇ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਮੌਕੇ ਬਲਾਕ ਭਿੱਖੀਵਿੰਡ ਤੋਂ ਪ੍ਰਧਾਨ ਗੁਰਮੁਖ ਸਿੰਘ ਸਾਂਡਪੁਰਾ, ਵਾਈਸ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ, ਜਨਰਲ ਸਕੱਤਰ ਬਲਬੀਰ ਸਿੰਘ ਭੋਲਾ, ਜ਼ਿਲ੍ਹਾ ਜਨਰਲ ਸੈਕਟਰੀ ਦਿਲਬਾਗ ਸਿੰਘ ਕੱਚਾਪੱਕਾ, ਸਰਪੰਚ ਮਨਦੀਪ ਸਿੰਘ ਗੋਰਾ, ਚੇਅਰਮੈਨ ਸਿਮਰਜੀਤ ਸਿੰਘ ਭੈਣੀ, ਜ਼ਿਲ੍ਹਾ ਵਾਈਸ ਪ੍ਰਧਾਨ ਸੁੱਖ ਨਿਰੰਜਣ ਲਾਖਣਾ ਆਦਿ ਆਗੂ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸੰਗਤ, ਕਾਰ ਸੇਵਕਾਂ, ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਹੌਸਲਾ ਅਫਜ਼ਾਈ

**ਗੁਰਦਾਸਪੁਰ (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਬੀਤੀ ਰਾਤ 2:00 ਵਜੇ ਪਿੰਡ ਜਗਤਪੁਰ ਟਾਂਡਾ ਦੇ ਨਜ਼ਦੀਕ ਧੁੱਸੀ ਬੰਨ੍ਹ ਵਿਖੇ ਪਹੁੰਚ ਕੇ ਬੰਨ੍ਹ ਦੇ ਪਾੜ ਨੂੰ ਭਰਨ ਵਿੱਚ ਲੱਗੀ ਸੰਗਤ, ਕਾਰ ਸੇਵਕਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦੀ ਹੌਸਲਾ ਅਫਜ਼ਾਈ ਕੀਤੀ। ਇਹ ਸੰਗਤ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਮੁਲਾਜ਼ਮਾਂ ਦਾ ਦ੍ਰਿੜ੍ਹ ਹੌਸਲਾ ਤੇ ਹਿੰਮਤ ਹੀ ਸੀ ਜੋ ਰਾਤ ਭਰ ਵੀ ਪਾੜ ਨੂੰ ਭਰਨ ਦਾ ਕੰਮ ਜਾਰੀ ਸੀ। ਇਸ ਮੌਕੇ ਬੰਨ੍ਹ ਦੇ ਪਾੜ ਨੂੰ ਭਰਨ ਵਿੱਚ ਲੱਗੇ ਸੇਵਾਦਾਰਾਂ ਅਤੇ ਮੁਲਾਜ਼ਮਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਆਪਣੇ ਦ੍ਰਿੜ੍ਹ ਹੌਸਲੇ ਤੇ ਹਿੰਮਤ ਸਦਕਾ ਪੰਜਾਬੀਆਂ ਨੇ ਦਰਿਆਵਾਂ ਨੂੰ ਬੰਨ੍ਹ ਮਾਰਨ ਦੀ ਅਦੁੱਤੀ ਮਿਸਾਲ ਪੇਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਗਤ ਦੀ ਅਣਥੱਕ ਸੇਵਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਮੁਲਾਜ਼ਮਾਂ ਦੇ ਹਾਰ ਨਾ ਮੰਨਣ ਵਾਲੇ ਹੌਸਲੇ ਨੇ ਨਾਮੁਮਕਿਨ ਨੂੰ ਮੁਮਕਿਨ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਾੜ ਨੂੰ ਭਰਨ ਦਾ ਕੰਮ ਬਹੁਤ ਥੋੜ੍ਹਾ ਰਹਿ ਗਿਆ ਹੈ ਅਤੇ ਪੂਰੀ ਉਮੀਦ ਹੈ ਕਿ ਅੱਜ ਸ਼ਾਮ ਤੱਕ ਇਸ ਮੋਰਚੇ ਨੂੰ ਫਤਹਿ ਕਰ ਲਿਆ ਜਾਵੇਗਾ।

# ਹੜ੍ਹ ਪੀੜਤਾਂ ਨਾਲ ਪੰਜਾਬ ਸਰਕਾਰ ਹਰ ਔਖੀ ਘੜੀ 'ਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ: ਸੰਧੂ



ਤਰਨ ਤਾਰਨ (ਸਾਗਰ ਅਰੋੜਾ)- ਬੇਮੌਸਮੀ ਹੋਈ ਬਰਸਾਤ ਕਾਰਨ ਪੰਜਾਬ ਵਿੱਚ ਹੜ੍ਹਾਂ ਦਾ ਕਹਿਰ ਮੱਚਿਆ ਹੋਇਆ ਹੈ ਤੇ ਹੱਦ ਤੋਂ ਜ਼ਿਆਦਾ ਪਾਣੀ ਹੋਣ ਕਾਰਨ ਪੰਜਾਬ ਦੇ ਕਿਸਾਨਾਂ ਦੀਆਂ ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਗਈਆਂ ਹੋ ਗਈਆਂ। ਕਈਆਂ ਦੇ ਮਕਾਨ ਡਿਗ ਪਏ ਅਤੇ ਪਸ਼ੂਆਂ ਦਾ ਵੀ ਕਾਫੀ ਨੁਕਸਾਨ ਹੋਇਆ। ਇਸ ਔਖੀ ਘੜੀ ਵਿੱਚ ਪੰਜਾਬ ਦੇ ਲੋਕਾਂ ਨੇ ਜਿੱਥੇ ਆਪ ਮੁਹਾਰੇ ਹੋ ਕੇ ਇਕ ਦੂਜੇ ਦਾ ਸਾਥ ਦਿੱਤਾ ਤੇ ਇਸ ਕੁਦਰਤੀ ਆਫਤ ਦਾ ਸਾਹਮਣਾ ਵੀ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਇਸ ਔਖੀ ਘੜੀ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਤਰਨ ਤਾਰਨ ਤੋਂ ਆਮ ਆਦਮੀ ਪਾਰਟੀ ਦੀ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਰੁਪਿੰਦਰ ਕੌਰ ਸੰਧੂ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕੀਤਾ। ਰੁਪਿੰਦਰ ਕੌਰ ਸੰਧੂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਅਫਸਰਾਂ ਨੂੰ ਵਿਸ਼ੇਸ਼ ਗਿਰਦਾਵਰੀਆਂ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ ਅਤੇ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਕਾਰਨ ਫਸਲਾਂ, ਮਕਾਨਾਂ ਤੇ ਪਸ਼ੂਆਂ ਤੱਕ ਦਾ ਮੁਆਵਜ਼ਾ ਪੰਜਾਬ ਸਰਕਾਰ ਨੇ ਦੇਣ ਦਾ ਐਲਾਨ ਕੀਤਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਕੁਲਜੀਤ ਕੌਰ, ਅੰਜੂ ਅਰੋੜਾ, ਨਵਨੀਤ ਕੌਰ, ਹਰਪ੍ਰੀਤ ਕੌਰ , ਹਰਜੀਤ ਸਿੰਘ ਜੌਹਲ, ਮਨਪ੍ਰੀਤ ਸਿੰਘ ਸੰਧੂ, ਬਲਵਿੰਦਰ ਸਿੰਘ, ਮਹਿਕ ਪ੍ਰੀਤ ਕੌਰ, ਸਰਬਜੀਤ ਕੌਰ ਆਦਿ ਤੋਂ ਇਲਾਵਾ ਹੋਰ ਵੀ ਇਲਾਕਾ ਵਾਸੀ ਹਾਜ਼ਰ ਸਨ।

# ਦਲਬੀਰ ਚੇਤਨ ਕਥਾ ਪੁਰਸਕਾਰ ਸਮਾਗਮ ਭਲਕੇ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬੀ ਕਹਾਣੀ 'ਚ ਨਿਵੇਕਲਾ ਸਥਾਨ ਹਾਸਲ ਕਰਨ ਵਾਲੇ ਕਥਾਕਾਰ ਦਲਬੀਰ ਚੇਤਨ ਦੀ ਯਾਦ ਵਿੱਚ ਚੇਤਨ ਪਰਵਾਰ ਵੱਲੋਂ ਹਰ ਵਰ੍ਹੇ ਦਿੱਤਾ ਜਾਣ ਬਹੁ-ਵਕਾਰੀ ਪੁਰਸਕਾਰ "ਦਲਬੀਰ ਚੇਤਨ ਕਥਾ ਪੁਰਸਕਾਰ 2023" ਦਾ ਸਨਮਾਨ ਸਮਾਗਮ 22 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ। ਪਰਵਾਸੀ ਸਾਹਿਤਕਾਰ ਅਜੈ ਤਨਵੀਰ, ਨਵਚੇਤਨ ਅਤੇ ਡਾ. ਸਰਘੀ ਨੇ ਪ੍ਰੈਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਥਾਨਕ ਪੰਜਾਬ ਨਾਟਸ਼ਾਲਾ ਵਿਖੇ ਮੰਗਲਵਾਰ ਸਵੇਰੇ 11 ਵਜੇ ਵਜੇ ਹੋਣ ਵਾਲੇ ਇਸ ਸਾਹਿਤਕ ਸਮਾਗਮ ਵਿੱਚ ਇਸ ਵਰ੍ਹੇ ਪਰਵੇਜ਼ ਸੰਧੂ ਦੇ ਕਹਾਣੀ ਸੰਗ੍ਰਹਿ "ਬਲੌਰੀ ਅੱਖ ਵਾਲਾ ਮੁੰਡਾ", ਦੀਪ ਦੇਵਿੰਦਰ ਸਿੰਘ ਦੀ "ਤਿਰਕਾਲ-ਸੰਧਿਆ" ਅਤੇ ਦੀਪਤੀ ਬਬੂਟਾ ਦੀ "ਭੁੱਖ ਇਉਂ ਸਾਹ ਵੀ ਲੈਂਦੀ ਹੈ" ਦੇ ਪੁਸਤਕ ਲੇਖਕਾਂ ਨੂੰ ਦਲਬੀਰ ਚੇਤਨ ਕਥਾ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਵੇਗਾ। ਜਿਸ ਵਿੱਚ ਨਗਦ ਰਾਸ਼ੀ ਸਨਮਾਨ ਪੱਤਰ ਅਤੇ ਦੁਸ਼ਾਲਾ ਸ਼ਾਮਲ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਐਤਕੀਂ ਬਲੌਰੀ ਅੱਖ ਵਾਲਾ ਮੁੰਡਾ, ਤਿਰਕਾਲ-ਸੰਧਿਆ ਅਤੇ ਭੁੱਖ ਇਉਂ ਸਾਹ ਵੀ ਲੈਂਦੀ ਹੈ ਜੇਤੂ ਰਹੀਆਂ।

# ਅਮਰੀਕਾ ਦੇ ਸ਼ਾਰਲੈਟ ਵਿਖੇ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵੱਲੋਂ ਕਰਵਾਏ ਜਾਂਦੇ ਸਲਾਨਾ ਤਿੰਨ ਰੋਜ਼ਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਨੌਰਥ ਕੈਰੋਲੀਨਾ ਦੇ ਸ਼ਹਿਰ ਸ਼ਾਰਲੈਟ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਸਾਹਿਬ ਸ਼ਾਰਲੈਟ ਵਿਖੇ ਹੋਏ ਪ੍ਰੋਗਰਾਮਾਂ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 60 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸਿਆਨਾ ਸੰਸਥਾ ਵੱਲੋਂ ਇਹ ਸਮਾਗਮ ਸਾਲ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿੱਚ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ, ਫਿਰ ਰਾਜ ਪੱਧਰੀ ਤੇ ਅੰਤ ਵਿੱਚ ਅਗਸਤ ਦੇ ਮਹੀਨੇ ਵਿਚ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਜਿਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ 'ਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ। ਉਨ੍ਹਾ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ 'ਚ ਵੰਡਿਆ ਗਿਆ ਹੈ। ਹਰੇਕ ਗਰੁੱਪ ਨੂੰ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਬੱਚਿਆਂ ਨੇ ਉਸ ਦੇ ਵਿਚੋਂ ਤਿੰਨ ਸਵਾਲਾਂ ਦੇ ਜਵਾਬ 6 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ 'ਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ "ਬੇਸਿਕ ਨੌਲੇਜ ਆਫ ਸਿੱਖਇਜ਼ਮ", ਦੂਜੇ ਨੂੰ "ਸਿੱਖ ਸਾਖੀਜ਼ ਫਾਰ ਯੂਥ", ਤੀਜੇ ਨੂੰ "ਦੀ ਟਰਬਨ", ਅਤੇ ਚੌਥੇ ਨੂੰ "ਗੁਰੂ ਗ੍ਰੰਥ ਸਾਹਿਬ ਸੁਪਰੀਮ ਟਰੇਜ਼ਰ" ਕਿਤਾਬ ਦਿੱਤੀ ਗਈ ਜਿਸ ਵਿੱਚੋਂ ਉਨ੍ਹਾਂ ਦਿੱਤੇ ਗਏ ਸਵਾਲਾਂ ਦੇ ਜਵਾਬ ਵਿੱਚ ਭਾਸ਼ਨ ਦਿੱਤੇ। ਗਰੁੱਪ 5 ਨੂੰ "ਸਿੱਖ ਜੀਵਨ ਜਾਚ / ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ" ਦਾ ਵਿਸ਼ਾ ਦਿੱਤਾ ਗਿਆ ਸੀ। ਡਿਬੇਟ ਦੇ ਸੰਚਾਲਕ ਨਿਊਯਾਰਕ ਤੋਂ ਡਾ. ਸਤਪਾਲ ਸਿੰਘ ਸਨ। ਇਸ ਸਾਲ ਇਹ ਵਿਸ਼ੇਸ਼ ਪ੍ਰੋਗਰਾਮ ਸ਼ਾਰਲੈਟ ਡਾਊਨਟਾਊਨ ਸਥਿਤ ਡਿਸਕਵਰੀ ਸਾਇੰਸ ਮਿਊਜ਼ੀਅਮ ਦੇ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ ਜਿੱਥੇ ਬੱਚਿਆਂ ਨੇ ਪਰਵਾਰਾਂ ਸਮੇਤ ਮਿਊਜ਼ੀਅਮ ਵਿੱਚ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਖੇਡਾਂ ਦਾ ਵੀ ਆਨੰਦ ਮਾਣਿਆ। ਗੁਰਮੀਤ ਕੌਰ ਦੁਆਰਾ ਲਿਖੀਆਂ ਕਹਾਣੀਆਂ ਦੀਆਂ ਪੁਸਤਕਾਂ ਵਿੱਚੋਂ "ਚਿੜੀ ਤੇ ਪਿੱਪਲ" ਕਹਾਣੀ 'ਤੇ ਆਧਾਰਿਤ ਸ਼ਾਰਲੈਂਪ ਦੇ ਬੱਚਿਆਂ ਵੱਲੋਂ ਖੇਡੇ ਗਏ ਨਾਟਕ ਦਾ ਵੀ ਸਭਨਾਂ ਨੇ ਆਨੰਦ ਮਾਣਿਆ। ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ ਵਿਚ ਪਹਿਲੇ ਗਰੁੱਪ ਵਿਚ ਮਿਸੀਸਾਗਾ ਤੋਂ ਕੇਸਰ ਸਿੰਘ, ਦੂਜੇ ਵਿਚ ਨਿਊਜਰਸੀ ਤੋਂ ਪਾਹੁਲ ਕੌਰ, ਤੀਜੇ ਵਿਚ ਟੈਕਸਾਸ ਤੋਂ ਤੇਜਸ ਸਿੰਘ, ਚੌਥੇ ਵਿਚ ਸਾਂਝਾ ਪਹਿਲਾ ਸਥਾਨ ਸਿਆਟਲ ਤੋਂ ਅਮਾਨਤ ਕੌਰ ਤੇ ਮਿਸੀਸਾਗਾ ਤੋਂ ਜਸਲੀਨ ਕੌਰ ਅਤੇ ਪੰਜਵੇਂ ਗਰੁੱਪ ਵਿਚ ਹੈਮਿਲਟਨ ਤੋਂ ਸਹਿਜ ਸਿੰਘ ਪਹਿਲੇ ਸਥਾਨ 'ਤੇ ਰਹੇ। ਭਾਸ਼ਨ ਪ੍ਰਤੀਯੋਗਤਾ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ "ਡਿਸਟਿੰਗਯੂਟਿਸ਼ਡ ਸਪੀਕਰ ਅਵਾਰਡ" ਦਿੱਤਾ ਗਿਆ। ਸਿਆਨਾ ਸੰਸਥਾ ਦੇ ਕਨਵੀਨਰ ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ, ਗੁਰਬਾਣੀ, ਧਰਮ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ।

# ਕੈਨੇਡਾ 'ਚ ਹਾਦਸੇ ਦਾ ਸ਼ਿਕਾਰ ਹੋਏ ਪ੍ਰਵਾਸੀ ਭਾਰਤੀ ਦੀ ਮ੍ਰਿਤਕ ਦੇਹ ਲੈਣ ਹਵਾਈ ਅੱਡੇ ਪੁੱਜੇ ਕੈਬਨਿਟ ਮੰਤਰੀ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ )-ਬੀਤੇ ਦਿਨ ਕੈਨੇਡਾ ਵਿਚ ਇਕ ਹਾਦਸੇ ਦੌਰਾਨ ਜ਼ਿੰਦਗੀ ਦੀ ਜੰਗ ਹਾਰ ਗਏ ਫਾਜ਼ਿਲਕਾ ਦੇ ਨੌਜਵਾਨ ਦਿਲਪ੍ਰੀਤ ਸਿੰਘ ਗਰੇਵਾਲ ਦੀ ਦੇਹ, ਜੋ ਕਿ ਦੇਰ ਰਾਤ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਵਿਖੇ ਪੁੱਜੀ, ਨੂੰ ਲੈਣ ਲਈ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਦਿਲਪ੍ਰੀਤ ਸਿੰਘ ਦੇ ਪਰਵਾਰ ਦੇ ਮੈਂਬਰ ਪੁੱਜੇ। ਇਸ ਮੌਕੇ ਪਰਵਾਰ ਨਾਲ ਦੁੱਖ ਸਾਂਝਾ ਕਰਦੇ ਧਾਲੀਵਾਲ ਨੇ ਕਿਹਾ ਕਿ ਪ੍ਰਵਾਸ ਦਾ ਵੱਡਾ ਦੁਖਾਂਤ ਅਜਿਹੇ ਅਚਨਚੇਤ ਵਾਪਰੇ ਹਾਦਸੇ ਹੋਰ ਵਧਾ ਦਿੰਦੇ ਹਨ, ਜਦੋਂ ਨਾ ਤਾਂ ਅਸੀਂ ਕਿਸੇ ਆਪਣੇ ਨਜ਼ਦੀਕੀ ਦੀ ਮਦਦ ਉਤੇ ਸਮੇਂ ਸਿਰ ਪਹੁੰਚ ਸਕਦੇ ਹਾਂ ਤੇ ਨਾ ਹੀ ਉਹ ਸਾਡੇ ਉਤੇ ਪਈ ਬਿਪਤਾ ਵੇਲੇ ਲੋੜ ਵੇਲੇ ਸਹਾਈ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਨੂੰ ਜਦ ਇਸ ਹਾਦਸੇ ਦਾ ਪਤਾ ਲੱਗਾ ਤਾਂ ਮੈਂ ਪਰਵਾਰ ਦੀ ਮੰਗ ਉਤੇ ਨੌਜਵਾਨ ਦਿਲਪ੍ਰੀਤ ਸਿੰਘ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਯਤਨ ਆਰੰਭੇ, ਜੋ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਫਲ ਹੋਏ ਹਨ। ਉਨ੍ਹਾਂ ਕਿਹਾ ਕਿ ਹੋਣੀ ਨੂੰ ਅਸੀਂ ਟਾਲ ਤਾਂ ਨਹੀਂ ਸਕਦੇ ਪਰ ਜੇਕਰ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦੇ ਹਾਂ ਤਾਂ ਉਸ ਨਾਲ ਪਰਵਾਰ ਦਾ ਦੁੱਖ ਵੰਡਿਆ ਜਾਂਦਾ ਹੈ।

21-August-PAGE-12.qxd 8/20/2023 10:01 PM Page 1



# 22 ਜ਼ਿਲ੍ਹਿਆਂ 'ਚ ਹੋਣਗੇ ਸੱਭਿਆਚਾਰਕ ਪ੍ਰੋਗਰਾਮ ਤੇ ਅਗਲੇ ਮਹੀਨੇ ਹੋਵੇਗੀ ਟੂਰਿਜ਼ਮ ਸਮਿੱਟ : ਅਨਮੋਲ ਗਗਨ ਮਾਨ



**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬ ਮੇਲਿਆਂ ਦੀ ਧਰਤੀ ਹੈ ਅਤੇ ਇਸ ਧਰਤੀ ਨੂੰ ਸਾਡੇ ਗੁਰੂਆਂ, ਦੇਸ਼ ਭਗਤਾਂ ਤੇ ਸੂਰਬੀਰ ਯੋਧਿਆਂ ਨੇ ਆਪਣੀ ਵਿਲੱਖਣ ਸ਼ਕਤੀ, ਸਮਾਜਿਕ ਸਰੋਕਾਰਾਂ, ਸੱਭਿਆਚਾਰਕ ਕਦਰ-ਕੀਮਤਾਂ ਨਾਲ ਪਰਫੁੱਲਤ ਕੀਤਾ ਹੈ ਜਿਸਨੂੰ ਬਰਕਰਾਰ ਰੱਖਣ ਲਈ ਪੰਜਾਬ ਸਰਕਾਰ ਪੰਜਾਬ ਦੇ 22 ਜ਼ਿਲ੍ਹਿਆਂ 'ਚ ਸਥਾਨਕ ਮਹੱਤਤਾ ਵਾਲੇ ਵੱਖ ਵੱਖ ਉਤਸਵ ਕਰਵਾਏਗੀ। ਇਹ ਵਿਚਾਰ ਪੰਜਾਬ ਦੀ ਸੱਭਿਆਚਾਰਕ ਤੇ ਸੈਰ-ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਸੈਕਟਰ-70 'ਚ ਕੌਂਸਲਰ ਸੁਖਦੇਵ ਸਿੰਘ ਪਟਵਾਰੀ ਵੱਲੋਂ ਕਰਵਾਏ ਤੀਆਂ ਤੀਜ ਦੀਆਂ ਪ੍ਰੋਗਰਾਮ ਦੌਰਾਨ ਪ੍ਰਗਟ ਕੀਤੇ। ਉਹਨਾਂ ਕਿਹਾ ਕਿ ਅਗਲੇ ਮਹੀਨੇ ਸੈਰ-ਸਪਾਟਾ ਸੱਨਅਤ ਨੂੰ ਪ੍ਰਫੁੱਲਤ ਕਰਨ ਲਈ ਸਮਿੱਟ ਕੀਤੀ ਜਾ ਰਹੀ ਹੈ ਜਿਸ ਵਿੱਚ ਦੇਸ਼ ਵਿਦੇਸ਼ ਤੋਂ ਸਨੱਅਤਕਾਰ ਹਿੱਸਾ ਲੈਣਗੇ। ਉਹਨਾਂ ਕਿਹਾ ਕਿ ਪੰਜਾਬ 'ਚ ਸੈਰ ਸਪਾਟੇ ਦੀਆਂ ਵੱਡੀਆਂ ਸੰਭਾਵਨਾਵਾਂ ਮੌਜੂਦ ਹਨ ਜਿਸ ਦਾ ਦੇਸ਼ ਤੇ ਰਾਜ ਦੇ ਅਰਥਚਾਰੇ ਤੇ ਰੋਜ਼ਗਾਰ ਤੇ ਵੱਡਾ ਅਸਰ ਪਵੇਗਾ। ਨਗਰ ਨਿਗਮ ਮੋਹਾਲੀ ਦੇ ਵਾਰਡ ਨੰਬਰ-34 ਵਿੱਚ ਕੌਂਸਲਰ ਸੁਖਦੇਵ ਸਿੰਘ ਪਟਵਾਰੀ ਵੱਲੋਂ ਕਰਵਾਏ "ਤੀਆਂ ਤੀਜ ਦੀਆਂ" ਦੇ ਪ੍ਰੋਗਰਾਮ ਦੀ ਪ੍ਰਧਾਨਗੀ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਦੀ ਨੂੰਹ ਬੀਬਾ ਖੁਸ਼ਬੂ ਨੇ ਕੀਤੀ। ਵਾਰਡ 'ਚ ਵੱਡੀ ਗਿਣਤੀ ਵਿੱਚ ਪਹੁੰਚੀਆਂ ਔਰਤਾਂ ਨੇ ਗਿੱਧੇ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕੀਤੀਆ। ਇਸ ਮੌਕੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਕਾਫੀ ਸਮਾਂ ਔਰਤਾਂ ਨਾਲ ਗਿੱਧਾ, ਬੋਲੀਆਂ ਤੇ ਨੱਚ ਕੇ ਪ੍ਰੋਗਰਾਮ ਨੂੰ ਸਿੱਖਰਾਂ 'ਤੇ ਪਹੁੰਚਾ ਦਿੱਤਾ। ਇਸ ਮੌਕੇ ਬੀਬਾ ਖੁਸ਼ਬੂ, ਮੈਡਮ ਰਾਜ ਗਿੱਲ, ਕੌਂਸਲਰ ਗੁਰਪ੍ਰੀਤ ਕੌਰ, ਅਰੁਣਾ ਵਸ਼ਿਸ਼ਟ, ਰਮਨਦੀਪ ਕੌਰ, ਕਰਮਜੀਤ ਕੌਰ, ਚਰਨਜੀਤ ਕੌਰ, ਗੁਰਿੰਦਰ ਕੌਰ, ਮਨਿੰਦਰ ਕੌਰ, ਕੁਲਦੀਪ ਕੌਰ, ਜਸਪ੍ਰੀਤ, ਖੁਸ਼ਵੀਰ ਕੌਰ, ਸੁਖਵਿੰਦਰ ਭੁੱਲਰ, ਵਰਿੰਦਰ ਕੌਰ, ਨੀਲਮ ਚੋਪੜਾ, ਨਰਿੰਦਰ ਕੌਰ, ਸੀਮਾ, ਕੋਮਲ, ਤਰਨਜੀਤ ਨੇ ਬੋਲੀਆਂ ਪਾਈਆਂ ਤੇ ਗਿੱਧੇ ਦੀ ਧਮ ਤੇ ਡਾਂਸ ਕੀਤਾ। ਇਸ ਮੌਕੇ ਕੌਂਸਲਰ ਸੁਖਦੇਵ ਸਿੰਘ ਪਟਵਾਰੀ ਨੇ ਕਿਹਾ ਕਿ ਤੀਆਂ ਦਾ ਮੇਲਾ ਕਰਾਉਣ ਦਾ ਮੁੱਖ ਮਕਸਦ ਹੈ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜ ਕੇ ਰੱਖਿਆ ਜਾਵੇ। ਇਸ ਮੌਕੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ, ਮੈਡਮ ਖੁਸ਼ਬੂ, ਮੈਡਮ ਰਾਜ ਗਿੱਲ ਦਾ ਪੰਜਾਬ ਦੇ ਸੱਭਿਆਚਾਰ ਦੇ ਚਿੰਨ੍ਹ "ਫਲਕਾਰੀ" ਤੇ ਕੌਂਸਲਰ ਗੁਰਪ੍ਰੀਤ ਕੌਰ, ਅਰੁਣਾ ਵਸ਼ਿਸ਼ਟ, ਰਮਨਪ੍ਰੀਤ ਕੌਰ, ਕਰਮਜੀਤ ਕੌਰ, ਜਸਬੀਰ ਕੌਰ ਅਤਲੀ, ਇੰਦਰਜੀਤ ਕੌਰ ਤੇ ਚਰਨਜੀਤ ਕੌਰ ਨੂੰ ਪੌਦੇ ਦੇ ਕੇ ਸਨਮਾਨਿਤ ਕੀਤਾ ਗਿਆ।

# ਬੇਲਾ ਕਾਲਜ ਵਿਖੇ ਮਨਾਇਆ ਤੀਆਂ ਦਾ ਮੇਲਾ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਇੰਟਰਨਲ ਸੈੱਲ ਵੱਲੋਂ ਸਮੂਹ ਸਟਾਫ ਦੇ ਸਹਿਯੋਗ ਸਦਕਾ ਤੀਆਂ ਦਾ ਮੇਲਾ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਦੱਸਿਆ ਕਿ ਤੀਆਂ ਦਾ ਤਿਓਹਾਰ ਬੇਸ਼ੱਕ ਗੌਰਵਮਈ ਨਹੀਂ ਹੈ ਪ੍ਰੰਤੂ ਸਮੇਂ ਦੇ ਅਨੁਸਾਰ ਬਦਲਦੇ ਰੂਪਾਂ ਨੇ ਇਸ ਦੀ ਪ੍ਰੀਭਾਸ਼ਾ ਬਦਲ ਦਿੱਤੀ ਹੈ। ਇਹ ਤਿਓਹਾਰ ਸਾਰੀਆਂ ਧੀਆਂ ਲਈ ਖੁਸ਼ੀ, ਪਿਆਰ ਅਤੇ ਖੇੜੇ ਦਾ ਪ੍ਰਤੀਕ ਹੈ।

ਉਹਨਾਂ ਨੇ ਦੱਸਿਆ ਕਿ ਬੇਲਾ ਕਾਲਜ ਦਾ ਇੰਟਰਨਲ ਕੰਪਲੇਂਟ ਸੈੱਲ ਸਮੇਂ-ਸਮੇਂ ਤੇ ਔਰਤ ਵਰਗ ਨਾਲ ਸਬੰਧਤ ਗਤੀਵਿਧੀਆਂ ਉਲੀਕਦਾ ਹੈ ਅਤੇ ਇਹਨਾਂ ਨੂੰ ਸੰਜੀਦਗੀ ਨਾਲ ਨੇਪਰੇ ਚਾੜ੍ਹਦਾ ਹੈ। ਇਸ ਮੌਕੇ ਬੋਲਦਿਆਂ ਆਈ ਸੀ ਸੀ ਸੈੱਲ ਕਨਵੀਨਰ ਸਹਾਇਕ ਪ੍ਰੋ. ਪਰਮਿੰਦਰ ਕੌਰ ਨੇ ਕਿਹਾ ਕਿ ਤੀਆਂ ਪੰਜਾਬ ਅਤੇ ਇਸ ਦੀਆਂ ਮੁਟਿਆਰਾਂ ਦੇ ਮਨਾਂ ਦੇ ਬਦਲਦੇ ਪਰਿਪੇਖਾਂ ਵਿੱਚ ਨਵੇਂ ਦਿਸਹੱਦਿਆਂ ਦੀ ਤਰਜਮਾਨੀ ਕਰਦਾ ਹੈ ਅਤੇ ਸਭ ਲਈ ਖ਼ੁਸ਼ੀ ਅਤੇ ਨਵੀਂ ਰੁੱਤ ਦਾ ਪ੍ਰਤੀਕ ਹੈ। ਇਸ ਮੌਕੇ ਕਾਲਜ ਵਿੱਚ ਸਟਾਫ ਅਤੇ ਵਿਦਿਆਰਥੀਆਂ ਲਈ ਵੱਖ-ਵੱਖਰੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਕਾਲਜ ਦੇ ਵਿਹੜੇ ਪੀਂਘ ਵੀ ਪਾਈ ਗਈ। ਇਸ ਮੌਕੇ ਤੀਆਂ ਦੇ ਇਤਿਹਾਸ, ਔਰਤਾਂ ਦੀ ਸਮਾਜ ਦੀ ਉਸਾਰੂ ਸਿਰਜਣਾ ਵਿੱਚ ਭੂਮਿਕਾ ਅਤੇ ਉਹਨਾਂ ਦੇ ਆਪਣੇ ਦੇ ਸੰਦਰਭ ਵਿੱਚ ਵਿਦਿਆਰਥਣਾਂ ਰਵੱਈਆ ਅਪਣਾਉਣ ਜਿਹੇ ਵਿਸ਼ਿਆਂ ਤੇ ਵਿਚਾਰ ਚਰਚਾ ਵੀ ਕੀਤੀ ਹੈ। ਪ੍ਰੋਗਰਾਮ ਦਾ ਸ਼ਿਖਰ ਲੋਕ ਨਾਚ ਗਿੱਧਾ ਦੇ ਨਾਲ ਸੰਪੂਰਨ ਹੋਇਆ। ਇਹ ਪ੍ਰੋਗਰਾਮ ਸਹਾਇਕ ਪ੍ਰੋ. ਸੁਨੀਤਾ ਰਾਣੀ ਅਤੇ ਡਾ. ਹਰਪ੍ਰੀਤ ਕੌਰ ਦੀ ਸੁਚੱਜੀ ਨਿਗਰਾਨੀ ਅਧੀਨ ਕਰਵਾਇਆ ਗਿਆ। ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਡਾ. ਸੰਦੀਪ ਕੌਰ ਅਤੇ ਸਹਾਇਕ ਪ੍ਰੋ. ਪ੍ਰੀਤਕਮਲ ਕੌਰ, ਸਹਾਇਕ ਪ੍ਰੋ. ਗਗਨਦੀਪ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਕਾਲਜ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਸਾਲਾਨਾ ਫੋਟੋ ਪ੍ਰਦਰਸ਼ਨੀ 'ਦ੍ਰਿਸ਼ਟੀ 2023' ਸਮਾਪਤ



**ਚੰਡੀਗੜ੍ਹ (ਗੁਰਜੀਤ ਬਿੱਲਾ)** -ਵਿਸ਼ਵ ਫੋਟੋਗ੍ਰਾਫੀ ਦਿਵਸ ਦੇ ਮੌਕੇ ਟ੍ਰਾਈਸਿਟੀ ਫੋਟੋ ਆਰਟ ਸੁਸਾਇਟੀ (ਤਪਸ) ਵੱਲੋਂ 17 ਤੋਂ 20 ਅਗਸਤ ਤੱਕ ਪੰਜਾਬ ਕਲਾ ਭਵਨ, ਚੰਡੀਗੜ੍ਹ ਵਿਖੇ ਮੈਂਬਰਾਂ ਦੀ ਸਾਲਾਨਾ ਫੋਟੋ ਪ੍ਰਦਰਸ਼ਨੀ 'ਦ੍ਰਿਸ਼ਟੀ 2023' ਦਾ ਆਯੋਜਨ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ 21 ਮੈਂਬਰਾਂ ਦੀਆਂ 58 ਕਲਾਕ੍ਰਿਤੀਆਂ ਲਗਾਈਆਂ ਗਈਆਂ। ਵਾਤਾਵਰਣ, ਕੁਦਰਤ, ਜੰਗਲੀ ਜੀਵ, ਪੋਰਟਰੇਟ, ਆਰਕੀਟੈਕਚਰ, ਗਲੀਆਂ, ਲੈਂਡਸਕੇਪ, ਸੈਰ-ਸਪਾਟਾ, ਫੋਟੋ-ਜਰਨਲਿਜ਼ਮ ਆਦਿ ਦੇ ਵਿਸ਼ਿਆਂ ਨੂੰ ਫੋਟੋਗ੍ਰਾਫਰਾਂ ਵੱਲੋਂ ਆਪਣੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਗਿਆ, ਜਿਸ ਨੂੰ ਦਰਸ਼ਕਾਂ ਨੇ ਖੂਬ ਸਲਾਹਿਆ। ਤਪਸ ਦੇ ਮੀਤ ਪ੍ਰਧਾਨ ਪਰਵੀਨ ਜੱਗੀ ਨੇ ਦੱਸਿਆ ਕਿ ਪ੍ਰਦਰਸ਼ਨੀ ਦੇ ਆਖਰੀ ਦਿਨ ਦੋ ਵਰਕਸ਼ਾਪਾਂ ਲਗਾਈਆਂ ਗਈਆਂ ਜਿਨ੍ਹਾਂ 'ਚ ਟ੍ਰਾਈਸਿਟੀ ਦੇ ਕਲਾ ਪ੍ਰੇਮੀਆਂ ਅਤੇ ਕੁਝ ਵਿਦੇਸ਼ੀ ਵਿਦਿਆਰਥੀਆਂ ਨੇ ਭਾਗ ਲਿਆ। ਪਹਿਲੀ ਵਰਕਸ਼ਾਪ 'ਸਿਨੇਮੈਟਿਕ ਵੈਡਿੰਗ ਤਕਨੀਕ' 'ਤੇ ਸੀ ਜਿਸ ਨੂੰ ਵਰਲਡ ਵਾਈਡ ਸਟੂਡੀਓਜ਼ ਦੇ ਸੀ ਈ ਓ ਪੀ ਕੇ ਸੂਰੀ ਨੇ ਪੇਸ਼ ਕੀਤਾ। ਜਦਕਿ ਦੂਸਰੀ ਵਰਕਸ਼ਾਪ 'ਟੇਲਜ਼ ਇਨ ਟਰੈਵਲ' ਵਿਸ਼ੇ 'ਤੇ ਸੀ ਜਿਸ ਦਾ ਸੰਚਾਲਨ ਇੰਸਾਈਟ ਇੰਡੀਆ ਦੇ ਸੰਸਥਾਪਕ ਹਿਤੇਸ਼ ਬਿੱਗ ਨੇ ਕੀਤਾ ਜੋ ਵਰਕਸ਼ਾਪ ਲੈਣ ਲਈ ਮੁੰਬਈ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਆਪਣੀ ਪੇਸ਼ਕਾਰੀ ਦੌਰਾਨ ਸ੍ਰੀ ਸੂਰੀ ਨੇ ਦੱਸਿਆ ਕਿ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੰਨੇ ਸਾਲ ਕਿਸੇ ਕਾਰੋਬਾਰ ਵਿੱਚ ਹੋ। ਅਸਲ 'ਚ ਮਾਇਨੇ ਰੱਖਣ ਵਾਲੇ ਉਤਪਾਦ ਦੀ ਗੁਣਵੱਤਾ ਹੈ ਜੋ ਤੁਸੀਂ ਗਾਹਕ ਨੂੰ ਦਿੰਦੇ ਹੋ। ਦੀਪ ਭਾਟੀਆ, ਸਹਿ-ਸੰਸਥਾਪਕ ਅਤੇ ਸਲਾਹਕਾਰ, ਤਾਪਸ ਪ੍ਰਦਰਸ਼ਨੀ ਦੇ ਸਮਾਪਤੀ ਸ਼ੈਸ਼ਨ ਲਈ ਮੁੱਖ ਮਹਿਮਾਨ ਸਨ। ਉਨ੍ਹਾਂ ਆਪਣੇ ਸੰਬੋਧਨ ਵਿੱਚ ਫੋਟੋਗ੍ਰਾਫੀ ਦੇ ਸਫਰ, ਤਕਨੀਕ ਅਤੇ ਤਪਸ ਨੂੰ ਪਾਏ ਯੋਗਦਾਨ ਬਾਰੇ ਦੱਸਿਆ। ਇਸ ਮੌਕੇ ਪ੍ਰਦਰਸ਼ਨੀ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਵੀ ਵੰਡੇ ਗਏ। ਤਪਸ ਦੇ ਜਨਰਲ ਸਕੱਤਰ ਪ੍ਰਸ਼ਾਂਤ ਵਰਮਾ ਨੇ ਪ੍ਰਦਰਸ਼ਨੀ ਅਤੇ ਸੰਸਥਾ ਬਾਰੇ ਵਿਸਥਾਰ ਨਾਲ ਦੱਸਿਆ ਜਦਕਿ ਪਲਵੀ ਪਿੰਜੇ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਪ੍ਰਦਰਸ਼ਨੀ ਦੇ ਅੰਤ ਵਿੱਚ ਅਨੁਜ ਜੈਨ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

# ਸਹਾਇਕ ਲਾਈਨਮੈਨ ਲਗਾਉਣਗੇ ਅੱਜ ਰੋਸ ਧਰਨਾ



**ਫਗਵਾੜਾ (ਜਸਵਿੰਦਰ ਢੱਡਾ)**-ਪਿਛਲੇ ਪੰਜ ਮਹੀਨਿਆਂ ਤੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵੱਲੋਂ ਸੀ.ਆਰ.ਏ. 295/19 ਰਾਹੀਂ ਭਰਤੀ ਕੀਤੇ ਸਹਾਇਕ ਲਾਈਨਮੈਨਾਂ ਨੂੰ ਪਰਖਕਾਲ ਪੂਰਾ ਕਰਨ ਦੇ ਬਾਵਜੂਦ ਪੂਰੀ ਤਨਖਾਹ ਨਾ ਮਿਲਣ ਦੇ ਰੋਸ ਵਜੋਂ ਮਿਤੀ 21 ਅਗਸਤ ਨੂੰ ਸਹਾਇਕ ਲਾਈਨਮੈਨ ਭਰਾਤਰੀ ਜੱਥੇਬੰਦੀਆਂ ਦੇ ਨਾਲ ਮਿਲ ਕੇ ਵਿਸ਼ਾਲ ਧਰਨਾ ਪਾਵਰਕੋਮ ਦੇ ਹੈਡ ਆਫਿਸ ਪਟਿਆਲਾ ਵਿਖੇ ਲਗਵਾਉਣਗੇ। ਇਸ ਸਬੰਧੀ ਮੁਲਾਜ਼ਮ ਯੂਨਾਈਟਿਡ ਆਰਗੇਨਾਈਜੇਸ਼ਨ ਪੰਜਾਬ ਦੇ ਸਟੇਟ ਵਰਕਿੰਗ ਕਮੇਟੀ ਮੈਂਬਰ ਸੁਖਦੀਪ ਲਾਲ ਨੇ ਫਗਵਾੜਾ ਵਿਖੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੀ.ਆਰ.ਏ. 295/19 ਦੇ ਤਹਿਤ ਭਰਤੀ ਹੋਏ ਸਹਾਇਕ ਲਾਈਨਮੈਨ ਜੋ ਕਿ ਆਪਣਾ ਤਿੰਨ ਸਾਲ ਦਾ ਪਰਖਕਾਲ ਦਾ ਸਮਾਂ ਜਨਵਰੀ ਵਿੱਚ ਪੂਰਾ ਕਰ ਚੁੱਕੇ ਹਨ। ਉਹਨਾਂ ਨੂੰ ਪਾਵਰਕਾਰਪੋਰੇਸ਼ਨ ਵੱਲੋਂ ਪਿਛਲੇ ਪੰਜ ਮਹੀਨਿਆਂ ਤੋਂ ਪੂਰੀਆਂ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਅਤੇ ਕਰਾਈਮ ਬਰਾਂਚ ਪਟਿਆਲਾ ਦਾ ਡਰਾਵਾ ਦੇ ਕੇ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਜਾਰੀ ਕੋ ਸਟੇਟਸ ਦਾ ਡਰਾਵਾ ਦੇ ਕੇ ਤਨਖਾਹਾਂ ਰੋਕੀਆਂ ਗਈਆਂ ਹਨ। ਜਦ ਕਿ ਮਾਨਯੋਗ ਹਾਈਕੋਰਟ ਵੱਲੋਂ ਕੇਵਲ ਭਰਤੀ ਦੀ ਜਾਂਚ ਸਬੰਧੀ ਸਟੇਟਸ ਕੋ ਲਗਾਇਆ ਗਿਆ ਹੈ ਨਾ ਕਿ ਤਨਖਾਹਾਂ ਰੋਕਣ ਵਾਸਤੇ। ਸਹਾਇਕ ਲਾਈਨਮੈਨਾਂ ਕੋਲੋਂ ਸਿਰਫ ਡੀ.ਸੀ. ਰੇਟ 'ਤੇ ਹੀ ਕੰਮ ਕਰਵਾਇਆ ਜਾ ਰਿਹਾ ਹੈ। ਜਿਸ ਦੇ ਰੋਸ ਵਜੋਂ ਸਮੁੱਚੇ ਪੰਜਾਬ ਦੇ ਲਾਈਨਮੈਨ ਮੁਲਾਜ਼ਮ ਸੰਘਰਸ਼ ਕਮੇਟੀ ਦੇ ਬੈਨਰ ਹੇਠ 21 ਅਗਸਤ ਨੂੰ ਭਰਾਤਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਪੀ.ਐਸ.ਪੀ.ਸੀ.ਐਲ. ਦੇ ਹੈਡ ਆਫਿਸ ਪਟਿਆਲਾ ਵਿਖੇ ਵਿਸ਼ਾਲ ਰੋਸ ਧਰਨਾ ਦੇਣਗੇ।

# ਹਰ ਇਨਸਾਨ ਨੂੰ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ : ਬਾਬਾ ਗੁਰਦਿਆਲ ਸਿੰਘ




**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਕਿਸੇ ਵੀ ਪ੍ਰਕਾਰ ਦੀ ਕੁਦਰਤੀ ਆਫਤਾਂ ਆਉਣ ਤੇ ਜਿੱਥੇ ਪੰਜਾਬ ਸਰਕਾਰ ਤੇ ਸਮਾਜਿਕ, ਧਾਰਮਿਕ ਤੋਂ ਇਲਾਵਾ ਸਵੈ-ਸੇਵੀ ਸੰਸਥਾਵਾਂ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਂਦੀਆਂ ਹਨ ਉਸੇ ਤਰ੍ਹਾਂ ਤਪ ਅਸਥਾਨ ਗੁਰਦੁਆਰਾ ਨਾਨਕ ਦੁਖ ਭੰਜਨ ਸਾਹਿਬ ਅਤੇ ਬਾਬਾ ਬਲਵੰਤ ਸਿੰਘ ਮੈਮੋਰੀਅਲ ਹਸਪਤਾਲ ਦਾਰਾਪੁਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦਿਆਲ ਸਿੰਘ ਤੇ ਉਨ੍ਹਾਂ ਦੇ ਸਿੰਘਾਂ ਦੀ ਟੀਮ ਪੀੜਤ ਲੋਕਾਂ ਦੀ ਸਹਾਇਤਾ ਕਰਨ 'ਚ ਦਿਨ ਰਾਤ ਇੱਕ ਕਰ ਦਿੰਦੇ ਹਨ। ਇਸੇ ਕੜੀ ਤਹਿਤ ਬਿਆਸ ਦਰਿਆ ਦੇ ਧੁੱਸੀ ਬੰਨ 'ਤੇ ਰਹਿ ਰਹੇ ਹੜ੍ਹ ਪੀੜਤ ਪਰਵਾਰਾਂ ਦੀ ਸਹਾਇਤਾ ਲਈ ਸੰਤ ਬਾਬਾ ਗੁਰਦਿਆਲ ਸਿੰਘ ਨੇ ਲੋਕਾਂ ਦੀ ਜਰੂਰਤ ਅਨੁਸਾਰ ਉਨ੍ਹਾਂ ਨੂੰ ਰਾਹਤ ਸਮੱਗਰੀ ਭੇਜਣ ਲਈ ਵੱਖ-ਵੱਖ ਜਥੇ ਰਵਾਨਾ ਕੀਤੇ।

ਇਸ ਮੌਕੇ ਸੰਤ ਬਾਬਾ ਗੁਰਦਿਆਲ ਸਿੰਘ ਨੇ ਕਿਹਾ ਕਿ ਬਿਆਸ ਦਰਿਆ 'ਤੇ ਪੈਂਦੇ ਧੁੱਸੀ ਬੰਨ 'ਤੇ ਰਹਿ ਰਹੇ ਹੜ੍ਹ ਪੀੜਤ ਪਰਿਵਾਰਾਂ ਨੂੰ ਲੰਗਰ ਤੋਂ ਇਲਾਵਾ ਰਾਤ ਸਮੇਂ ਸੌਣ ਲਈ ਮੱਛਰਦਾਨੀਆਂ, ਟੈਂਟ ਲਗਾਉਣ ਲਈ ਤਰਪਾਲਾਂ ਅਤੇ ਪਸ਼ੂਆਂ ਦੇ ਖਾਣ ਲਈ ਹਰਾ ਚਾਰਾ ਆਦਿ ਟਰੱਕ ਰਾਹੀ ਰਵਾਨਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਬਾਬਾ ਬਲਵੰਤ ਸਿੰਘ ਮੈਮੋਰਿਅਲ ਹਸਪਤਾਲ ਦਾਰਾਪੁਰ ਤੋਂ ਇਕ ਐਂਬੂਲੈਂਸ ਰਾਹੀਂ ਡਾਕਟਰਾਂ ਦੀ ਟੀਮ ਵੀ ਭੇਜੀ ਗਈ ਹੈ। ਉਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਕੁਦਰਤੀ ਆਫਤਾਂ ਆਉਣ 'ਤੇ ਹਰ ਇਨਸਾਨ ਨੂੰ ਲੋੜਵੰਦਾਂ ਦੀ ਸਹਾਇਤਾ ਜਰੂਰ ਕਰਨੀ ਚਾਹੀਦੀ ਹੈ। ਇਸ ਮੌਕੇ ਜਥੇਦਾਰ ਹਰਮੇਲ ਪ੍ਰਕਾਸ਼ ਸਿੰਘ, ਭਾਈ ਬਲਜੀਤ ਸਿੰਘ, ਭਾਈ ਜੋਰਾਵਰ ਸਿੰਘ, ਬੀਬੀ ਮਨਪ੍ਰੀਤ ਕੌਰ, ਭਾਈ ਕੁਲਵਿੰਦਰ ਸਿੰਘ, ਡਾਕਟਰ ਸੰਦੀਪ ਸਿੰਘ, ਡਾਕਟਰ ਆਸ਼ੂ, ਡਾਕਟਰ ਮਨੀਸ਼ਾ, ਅਸ਼ਵਨੀ ਕੁਮਾਰ, ਗੁਰਪ੍ਰੀਤ ਕੌਰ, ਗੁਰਪ੍ਰੀਤ ਸਿੰਘ, ਰਜਮੀਤ ਕੌਰ ਅਤੇ ਹੋਰ ਹਾਜ਼ਰ ਸਨ।

# ਵਰਲਡ ਫੋਟੋਗ੍ਰਾਫੀ ਦਿਨ ਮਨਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਨੂਰਮਹਿਲ ਫੋਟੋਗ੍ਰਾਫਰ ਯੂਨੀਅਨ ਵੱਲੋਂ ਵਰਲਡ ਫੋਟੋਗ੍ਰਾਫੀ ਦਿਨ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਅਵਤਾਰ ਚੰਦ ਨੇ ਕੀਤੀ। ਸਮਾਗਮ ਦਾ ਸ਼ੁੱਭ ਆਰੰਭ ਕੇਕ ਕੱਟ ਕੇ ਕੀਤਾ ਗਿਆ ਉਪਰੰਤ ਸਾਰਿਆਂ ਨੇ ਇਕੱਠੇ ਬੈਠ ਕੇ ਦੁਪਹਿਰ ਦਾ ਖਾਣਾ ਖਾਧਾ। ਇਸ ਮੌਕੇ ਰਾਜ ਕੁਮਾਰ ਲਵਲੀ, ਸੱਤਪਾਲ, ਸੋਨੀ ਲਾਂਬਾ ਸਟੂਡੀਓ, ਸ਼ੈਲੀ, ਬਿੱਟੂ, ਮਨਜੀਤ ਸਿੰਘ, ਰਮੇਸ਼ ਕੁਮਾਰ, ਮੋਨੂ, ਨੀਟਾ, ਬੱਲੀ, ਫਿਰੋਜ਼, ਅਜੈ ਬਤਰਾ ਸੈਕਰਟੀ, ਸ਼ਿੰਦੀ ਸ਼ੇਰਪੁਰ ਅਤੇ ਹੋਰ ਫੋਟੋਗਰਾਫਰ ਹਾਜ਼ਰ ਸਨ।

# ਇੰਦਰਜੀਤ ਕੌਰ ਮਾਨ ਵੱਲੋਂ ਸੜਕ ਦਾ ਉਦਘਾਟਨ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਹਲਕਾ ਨਕੋਦਰ ਦੇ ਐੱਮ ਐੱਲ ਏ ਇੰਦਰਜੀਤ ਕੌਰ ਮਾਨ ਨੇ ਫੁਵਾਰਾ ਚੌਕ ਤੋਂ ਲੈ ਕੇ ਜਲੰਧਰ ਬਾਈਪਾਸ ਕਮਲ ਹਸਪਤਾਲ ਤੱਕ ਬਣਨ ਵਾਲੀ ਸੜਕ ਦਾ ਉਦਘਾਟਨ ਕੀਤਾ। ਸੜਕ ਕਾਫੀ ਦੇਰ ਤੋਂ ਪਿਛਲੀ ਸਰਕਾਰ ਦੀਆਂ ਨਲਾਇਕੀਆਂ ਕਰਕੇ ਅਤੇ ਕੌਂਸਲ ਕਮੇਟੀ ਦੀ ਅਣਗੌਲਿਆਂ ਕਰਕੇ ਬਣਨ ਤੋਂ ਰਹਿ ਗਈ ਸੀ ਨਕੋਦਰ ਦਾ ਬੱਸ ਸਟੈਂਡ ਨਜਦੀਕ ਹੋਣ ਕਰਕੇ ਬਾਹਰੋਂ ਆਉਣ ਵਾਲੇ ਯਾਤਰੀ ਅਤੇ ਬਾਬਾ ਮੁਰਾਦ ਸ਼ਾਹ ਅਤੇ ਲਾਲ ਬਾਦਸ਼ਾਹ ਡੇਰੇ ਦੇ ਸ਼ਰਧਾਲੂਆਂ ਨੂੰ ਬਹੁਤ ਦਿੱਕਤ ਆਉਂਦੀ ਸੀ। ਇੰਦਰਜੀਤ ਕੌਰ ਮਾਨ ਨੇ ਵਾਅਦਾ ਕੀਤਾ ਸੀ ਕਿ ਇਸ ਸੜਕ ਨੂੰ ਜਲਦੀ ਹੀ ਬਣਾਇਆ ਜਾਵੇਗਾ। ਇੰਦਰਜੀਤ ਕੌਰ ਮਾਨ ਨੇ ਆਪਣਾ ਵਾਅਦਾ ਨਿਭਾਉਂਦੇ ਹੋਏ ਇਸ ਸੜਕ ਦਾ ਨੀਂਹ ਪੱਥਰ ਰੱਖਿਆ ਇਸ ਮੌਕੇ ਉਨ੍ਹਾ ਦੱਸਿਆ ਕਿ ਇਹ ਸੜਕ ਤਕਰੀਬਨ 98 ਲੱਖ ਰੁਪਏ ਨਾਲ ਅਤੇ ਡੇਢ ਮਹੀਨੇ ਵਿੱਚ ਬਣ ਕੇ ਤਿਆਰ ਹੋ ਜਾਵੇਗੀ।

# ਲਾਇਨਜ਼ ਕਲੱਬ ਵੱਲੋਂ ਭੰਗੜਾ ਤੇ ਗਿੱਧੇ ਦੇ ਮੁਕਾਬਲੇ ਕਰਵਾਏ




**ਟਾਂਡਾ ਉੜਮੁੜ, (ਓਂਕਾਰ ਸਿੰਘ, ਜਸਵਿੰਦਰ ਸੰਧੂ)** ਲਾਇਨਜ ਕਲੱਬ ਟਾਂਡਾ ਹਰਮਨ ਵੱਲੋਂ ਆਜ਼ਾਦੀ ਦਿਵਸ ਮੌਕੇ ਪਿੰਡ ਅਹੀਆਪੁਰ ਵਿਖੇ ਕੌਮੀ ਝੰਡਾ ਲਹਿਰਾਇਆ ਗਿਆ। ਇਸ ਮੌਕੇ ਕਲੱਬ ਦੀ ਟੀਮ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ 'ਚ ਭੰਗੜਾ ਅਤੇ ਗਿੱਧਾ ਟੀਮਾਂ ਦੇ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ 'ਚ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਟੀਮਾਂ ਨੂੰ ਇਨਾਮ ਵੀ ਦਿੱਤੇ ਗਏ। ਇਹ ਸਮੁੱਚਾ ਪ੍ਰੋਗਰਾਮ ਪ੍ਰਧਾਨ ਸੋਢੀ ਲਾਲ ਅਤੇ ਸਕੱਤਰ ਅਜੇ ਸ਼ਰਮਾ ਦੀ ਅਗਵਾਈ ਹੇਠ ਕਰਵਾਇਆ ਗਿਆ। ਝੰਡਾ ਲਹਿਰਾਉਣ ਦੀ ਰਸਮ ਸਮੂਹ ਮੈਂਬਰਾਂ ਨੇ ਮਿਲ ਕੇ ਨਿਭਾਈ। ਸੋਢੀ ਲਾਲ ਅਤੇ ਅਜੇ ਸਰਮਾ ਨੇ ਦੱਸਿਆ ਕਿ ਪਿੰਡ ਅਹੀਆਪੁਰ ਦੇ ਰਾਮਲੀਲਾ ਗਰਾਊਂਡ 'ਚ ਜਿੱਥੇ ਇਹ ਸਮੁੱਚਾ ਸਮਾਗਮ ਰੱਖਿਆ ਗਿਆ ਸੀ, 'ਚ ਚਾਰ ਸੀਮਿੰਟ ਦੇ ਬੈਂਚ ਵੀ ਲਗਾਏ ਗਏ ਹਨ। ਅਜੇ ਸ਼ਰਮਾ ਨੇ ਦੱਸਿਆ ਕਿ ਕਲੱਬ ਦੇ ਸਮੂਹ ਮੈਂਬਰਾਂ ਨੇ ਇਹ ਬੈਂਚ ਰਾਮਲੀਲਾ ਗਰਾਊਂਡ ਪ੍ਰਬੰਧਕ ਕਮੇਟੀ ਨੂੰ ਸੌਂਪਿਆ ਹੈ ਅਤੇ ਜੇਕਰ ਗਰਾਊਂਡ ਵਿੱਚ ਕੁਝ ਹੋਰ ਵਿਕਾਸ ਕਾਰਜ ਕਰਵਾਉਣ ਦੀ ਲੋੜ ਪਈ ਤਾਂ ਉਸ ਲਈ ਵੀ ਪੂਰਾ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਬਲਵੀਰ ਸਿੰਘ, ਲਖਵਿੰਦਰ ਥਾਪਰ, ਨਰਿੰਦਰ ਮੰਗਲ, ਲਾਈਨ ਸੁਖਦੇਵ ਸਿੰਘ ਲਾਈਨ ਬਲਵੰਤ ਸਿੰਘ ਰਾਜਾ, ਓਂਕਾਰ ਸਿੰਘ, ਅਨੁਰਾਗ ਅਰੋੜਾ, ਬਲਬੀਰ ਸਿੰਘ, ਸਰਵਣ ਰਾਮ, ਜੈਕੀ, ਪੂਜਨ, ਪ੍ਰਦੀਪ, ਰਾਕੇਸ਼, ਗੁਰਪ੍ਰੀਤ ਜਸ਼ਨ ਨਈਅਰ, ਸੁਰਜੀਤ ਕੌਰ, ਮੋਨਿਕਾ ਰਾਣੀ ਆਦਿ ਮੌਜੂਦ ਸਨ।

# ਜੈਸਮੀਨ ਕੌਰ ਲਾਲਪੁਰਾ ਨੇ ਹੜ੍ਹ ਪੀੜਤਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ

**ਭਲਾਣ (ਹਰਭਜਨ ਢਿੱਲੋਂ)** ਹੜ੍ਹ ਪੀੜਤਾਂ ਦੀ ਮਦਦ 'ਚ ਨਿੱਤਰੀ ਪੰਜਾਬ ਦੀ ਨਾਮਵਰ ਸੰਸਥਾ 'ਇਨਸਾਨੀਅਤ ਪਹਿਲਾਂ' ਦੇ ਮੁਖੀ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੀ ਭੈਣ ਜੈਸਮੀਨ ਕੌਰ ਲਾਲਪੁਰਾ ਵੱਲੋਂ ਨੰਗਲ ਇਲਾਕੇ ਦੇ ਪਲਾਸੀ, ਭਨਾਮ, ਬੇਲਾ ਧਿਆਨ ਆਦਿ ਪਿੰਡਾਂ ਵਿਖੇ ਰਾਸ਼ਨ ਕਿੱਟਾਂ ਵੰਡਣ ਦੀ ਸੇਵਾ ਨਿਭਾਈ ਗਈ।

ਇਸ ਮੌਕੇ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਸੰਸਥਾ ਵੱਲੋਂ ਰਾਹਤ ਕਾਰਜ ਅਰੰਭੇ ਹੋਏ ਹਨ ਜਿਸ ਤਹਿਤ ਉਨ੍ਹਾਂ ਵਲੋਂ ਵੱਖ ਵੱਖ ਥਾਂਵਾਂ ਜਿੱਥੇ ਕਿ ਰਾਸ਼ਨ ਕਿੱਟਾਂ ਅਤੇ ਪਸ਼ੂਆਂ ਦੇ ਚਾਰੇ ਆਦਿ ਉਪਲਬੱਧ ਕਰਵਾਏ ਹਨ ਉਨ੍ਹਾਂ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਜ਼ਰੂਰੀ ਰਾਸ਼ਨ ਸਮੱਗਰੀ ਦੀਆਂ ਕਿੱਟਾਂ ਬਣਾ ਕੇ ਘਰ ਘਰ ਜਾ ਕੇ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ ਜਦੋਂ ਕਿ ਇਸ ਕੰਮ ਲਈ ਉਨ੍ਹਾਂ ਵੱਖ ਵੱਖ ਥਾਂਵਾਂ 'ਤੇ ਪ੍ਰੋਕਿਊਰਮੈਂਟ ਸੈਂਟਰ ਬਣਾਏ ਹਨ।

ਇਸ ਮੌਕੇ ਕੰਵਰ ਪੌਸਵਾਲ, ਡਾ.ਜੀਵਨ ਚੌਧਰੀ, ਵਰਿੰਦਰ ਕੁਮਾਰ, ਅਜਮੇਰ ਸਿੰਘ, ਰਾਜਿੰਦਰ ਸੈਣੀ ਅਰਜਿਤ ਸੈਣੀ, ਮੰਗਤ ਰਾਮ, ਬਲਵਿੰਦਰ ਸਿੰਘ ਪਰਮਜੀਤ ਸਿੰਘ, ਜਸਵੀਰ ਕੌਰ, ਸੁਰਿੰਦਰਪਾਲ ਸੇਠੀ ਆਦਿ ਮੌਜੂਦ ਸਨ।




# ਡਾਕਟਰਾਂ ਦੀ ਟੀਮ ਦਾ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਵੱਲੋਂ ਸਨਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਐਨ ਆਰ ਆਈ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਜਿਲ੍ਹਾ ਜਲੰਧਰ, ਹਲਕਾ ਸਾਹਕੋਟ, ਤਹਿ: ਲੋਹੀਆਂ ਖਾਸ ਦੇ ਪਿੰਡਾਂ ਵਿੱਚ 4 ਦਿਨਾਂ 'ਚ 14 ਪਿੰਡਾ ਵਿੱਚ ਮੁਫਤ ਮੈਡੀਕਲ ਕੈਂਪ ਲਗਾਏ। ਕੈਂਪ ਵਿੱਚ ਆਪਣਾ ਸਹਿਯੋਗ ਦੇਣ ਵਾਲੇ ਡਾਕਟਰਾਂ ਦੀ ਟੀਮ ਦਾ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲਾਬੋਰਟਰੀ ਨਰੂੜ ਵਿਖੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਥਾ ਮੁੱਖੀ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਪੱਤਰਕਾਰ ਕ੍ਰਿਪਾਲ ਸਿੰਘ ਮਾਇਓ ਪੱਟੀ, ਡਾਕਟਰ ਵਿਸ਼ਾਲ ਪਰਾਸ਼ਰ ਨਡਾਲੋਂ, ਡਾ.ਰਾਮ ਲੁਭਾਇਆ ਨਵਾਂ ਠੱਕਰਵਾਲ, ਡਾਕਟਰ ਜੋਗਰਾਜ ਸਿੰਘ ਨਸੀਰਾਬਾਦ ਅਤੇ ਗੁਰਪਾਲ ਸਿੰਘ ਖਾਲਸਾ ਨਡਾਲੋਂ ਆਦਿ ਹਾਜ਼ਰ ਸਨ।

# ਆਪਸੀ ਸਦਭਾਵਨਾ, ਏਕਤਾ ਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ ਤਿਉਹਾਰ : ਜਿੰਪਾ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)** ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਾਡੇ ਰਵਾਇਤੀ ਤਿਉਹਾਰ ਸਾਨੂੰ ਇਕਜੁੱਟਤਾ ਦਾ ਸੰਦੇਸ਼ ਦਿੰਦੇ ਹਨ, ਜਿਸ ਕਾਰਨ ਸਾਡਾ ਸੱਭਿਆਚਾਰ ਦਿਨੋਂ-ਦਿਨ ਮਜ਼ਬੂਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮੌਕੇ ਸਾਨੂੰ ਆਪਸੀ ਪਿਆਰ, ਸਦਭਾਵਨਾ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ। ਉਹ ਸਰਕਾਰੀ ਹਾਈ ਸਕੂਲ ਕਮਾਲਪੁਰ ਵਿਖੇ ਤੀਜ ਮੇਲੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਵਿਭਾ ਸ਼ਰਮਾ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਇਸ ਦੌਰਾਨ ਸਕੂਲ ਦੇ ਬੱਚਿਆਂ ਨੇ ਪੰਜਾਬ ਦੇ ਅਮੀਰ ਵਿਰਸੇ ਦੀ ਝਲਕ ਪੇਸ਼ ਕਰਦਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸਕੂਲ ਇੰਚਾਰਜ ਰਣਦੀਪ ਕੌਰ, ਬਲਾਕ ਨੋਡਲ ਅਫਸਰ ਲਲਿਤਾ ਅਰੋੜਾ, ਬਬੀਤਾ ਰਾਣੀ, ਜਸਵਿੰਦਰ ਸਿੰਘ, ਮਨੋਜ ਕੁਮਾਰ, ਨੀਰਜ ਸਰਮਾ, ਰਣਦੀਪ ਪਾਬਲਾ, ਸੁਦੇਸ ਕੁਮਾਰੀ, ਸੋਨੀਆ ਵਾਸੂਦੇਵਾ, ਸੁਮਨ ਲਤਾ, ਸਵਰਨਜੀਤ, ਕੰਵਲਜੀਤ ਕੌਰ, ਕੁਲਦੀਪ ਕੁਮਾਰ, ਰਮਨੀਕ ਸਿੰਘ ਆਦਿ ਹਾਜ਼ਰ ਸਨ।

# 'ਗੁਆਚੀਆਂ ਜ਼ਮੀਰਾਂ' ਲੋਕ ਅਰਪਣ



**ਬਰਨਾਲਾ (ਨਵਾਂ ਜ਼ਮਾਨਾ ਸਰਵਿਸ)**- ਇੱਥੇ ਗੋਬਿੰਦ ਬਾਂਸਲ ਟਰੱਸਟ ਬਰਨਾਲਾ ਵਿਖੇ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੀ ਕਾਰਜਕਾਰਨੀ ਦੀ ਮੀਟਿੰਗ ਦੌਰਾਨ, ਪੰਜਾਬੀ ਦੇ ਲੇਖਕ ਜਗਦੇਵ ਸ਼ਰਮਾ ਬੁਗਰਾ ਦੀ ਪੁਸਤਕ 'ਗੁਆਚੀਆਂ ਜ਼ਮੀਰਾਂ' ਕਹਾਣੀ ਸੰਗ੍ਰਹਿ ਦਾ ਲੋਕ ਅਰਪਣ ਸਮਾਰੋਹ ਹੋਇਆ। ਇਸ ਸਮਾਰੋਹ ਦੀ ਮੇਜਬਾਨੀ ਲਿਖਾਰੀ ਸਭਾ ਬਰਨਾਲਾ ਦੁਆਰਾ ਕੀਤੀ ਗਈ। ਕਿਤਾਬ ਬਾਰੇ ਬੋਲਦਿਆਂ ਪਵਨ ਹਰਚੰਦਪੁਰੀ, ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਨੇ ਦੱਸਿਆ ਕਿ ਕੁੱਲ 55 ਛੋਟੀਆਂ ਵੱਡੀਆਂ ਕਹਾਣੀਆਂ ਰਾਹੀਂ ਜਗਦੇਵ ਸ਼ਰਮਾ ਬੁਗਰਾ ਨੇ ਸਮਾਜ ਦੇ ਹਰ ਪਹਿਲੂ ਨੂੰ ਛੋਹਿਆ ਹੈ। ਲੱਚਰਤਾ ਅਤੇ ਫੂਹੜਤਾ ਤੋਂ ਨਿਰਲੇਪ ਪੁਸਤਕ 'ਗੁਆਚੀਆਂ ਜਮੀਰਾਂ' ਨਵਾਂ ਸਵਾਦ ਅਤੇ ਸੰਵਾਦ ਸਿਰਜਦੀ ਹੈ। ਕਿਤਾਬ ਦੀ ਵਿਸ਼ਾ ਵਸਤੂ ਬਾਰੇ ਉੱਘੇ ਨਾਵਲਕਾਰ ਅਤੇ ਵਾਰਤਕ ਲੇਖਕ ਓਮ ਪ੍ਰਕਾਸ਼ ਗਾਸੋ ਨੇ ਵੀ ਵਿਸਥਾਰ ਸਹਿਤ ਚਾਨਣਾ ਪਾਇਆ। ਅੰਤ 'ਚ ਜਗਦੇਵ ਸ਼ਰਮਾ ਬੁਗਰਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸੀ ਪੀ ਆਈ ਐੱਮ ਦੇ ਆਗੂਆਂ ਨੇ ਕੀਤਾ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ



**ਨੰਗਲ (ਪੱਤਰ ਪ੍ਰੇਰਕ)** ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜਿਲ੍ਹਾ ਸਕੱਤਰ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਬਜਿੰਦਰ ਪੰਡਤ, ਰਾਮ ਕਿਸਨ ਦਬਕੇਹੜਾ, ਗਿਆਨੀ ਕੇਸਰ ਸਿੰਘ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਜਿਸ 'ਚ ਇਹ ਗੱਲ ਮੁੱਖ ਤੌਰ 'ਤੇ ਸਾਹਮਣੇ ਆਈ ਕਿ ਇਲਾਕੇ 'ਚ ਹੋਈ ਗੈਰ ਕਾਨੂੰਨੀ ਮਾਇਨਿੰਗ ਨੇ ਵੱਡੇ ਪੱਧਰ 'ਤੇ ਤਬਾਹੀ ਮਚਾਈ ਹੈ। ਹੜਾਂ ਨੇ ਪਿੰਡਾਂ ਦੇ ਲੋਕਾਂ ਨੂੰ ਕੱਖੋਂ ਹੌਲੇ ਕਰ ਦਿੱਤਾ ਹੈ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਸੈਸੋਂਵਾਲ ਦੀ ਸੈਂਕੜੇ ਏਕੜ ਜ਼ਮੀਨ ਬਰਬਾਦ ਹੋ ਗਈ। ਰਿਹਾਇਸ਼ੀ ਮਕਾਨਾਂ ਨੂੰ ਨੁਕਸਾਨ ਪੁੱਜਣਾ ਸ਼ੁਰੂ ਹੋ ਗਿਆ ਸੀ। ਪਿੰਡ ਵਾਸੀ ਭਜਨ ਸਿੰਘ, ਸੁਭਾਸ਼ ਸਿੰਘ, ਬਿੱਕਰ ਸਿੰਘ, ਮੱਖਣ ਸਿੰਘ, ਗੁਰਚਰਨ ਸਿੰਘ, ਠੇਕੇਦਾਰ ਗੁਰਮੀਤ ਸਿੰਘ, ਸ਼ਿੰਦਾ, ਬੀਰ ਸਿੰਘ, ਸੁਰਜੀਤ ਸਿੰਘ, ਅੰਮ੍ਰਿਤ ਸਿੰਘ ਚੰਡੀਗੜ੍ਹੀਆ ਨੇ ਦੱਸਿਆ ਕਿ ਸੱਤਲੁਜ ਦਰਿਆ 'ਚ ਆਏ ਵਾਧੂ ਪਾਣੀ ਸ਼ਿਵ ਸਿੰਘ ਬੇਲਾ ਪਿੰਡ ਤੋਂ ਸੈਸੋਂਵਾਲ ਪਿੰਡ ਵੱਲ ਨੂੰ ਪਲਟ ਕੇ ਸਵਾਂ ਨਦੀ 'ਚ ਪੈ ਗਿਆ। ਦੇਖਿਆਂ ਗਿਆ ਕਿ ਗੈਰ ਕਾਨੂੰਨੀ ਮਾਈਨਿੰਗ ਹੋਣ ਨਾਲ ਸਵਾਂ ਨਦੀ 50/60 ਫੁੱਟ ਡੂੰਘੀ ਹੋ ਗਈ ਹੈ, ਜਿਸ ਕਾਰਨ ਉਪਜਾਊ ਜ਼ਮੀਨ ਨੂੰ ਖੋਰ ਲੱਗ ਗਿਆ। ਦੇਖਦਿਆਂ ਜ਼ਮੀਨ ਪਾਣੀ ਦੀ ਭੇਟ ਚੜ੍ਹ ਗਈ। ਆਗੂਆਂ ਨੇ ਨੋਟ ਕੀਤਾ ਕਿ ਬੇਲਿਆਂ ਦੇ ਕਿਸਾਨਾਂ ਲਈ ਪਪਰੂਲਰ ਦੇ ਦਰੱਖਤ ਹੀ ਖੇਤੀ ਦੇ ਨਾਲ ਕਮਾਈ ਦਾ ਸਾਧਨ ਹਨ, ਪਰ ਪਾਣੀ ਦੀ ਮਾਰ ਨੇ ਸੈਂਕੜੇ ਏਕੜ ਜ਼ਮੀਨ 'ਤੇ ਦਰੱਖਤਾਂ ਨੂੰ ਤਬਾਹ ਕਰ ਦਿੱਤਾ। ਪਿੰਡ ਵਾਸੀਆਂ ਨੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਸਰਕਾਰ ਤੇ ਪ੍ਰਸਾਸਨ ਨੇ ਕੋਈ ਸਾਰ ਨਹੀਂ ਲਈ। ਪਿੰਡ ਵਾਸੀਆਂ ਨੇ ਇਹ ਮੰਗ ਕੀਤੀ ਕਿ ਸਰਕਾਰ ਕੋਲੋਂ ਉਨ੍ਹਾਂ ਕੁਝ ਨਹੀਂ ਚਾਹੀਦਾ, ਸਿਰਫ ਉਨ੍ਹਾਂ ਦੀਆਂ ਜ਼ਮੀਨਾਂ ਪਹਿਲਾਂ ਦੀ ਤਰ੍ਹਾਂ ਕਰ ਦਿੱਤੀਆਂ ਜਾਣ। ਪਿੰਡ ਦੇ ਸਰਪੰਚ ਜਸਪਾਲ ਸ਼ਰਮਾ ਨੇ ਦੱਸਿਆ ਕਿ ਜੇਕਰ ਪ੍ਰਸ਼ਾਸਨ ਆਦੇਸ਼ ਸਟੋਨ ਕਰੈਸ਼ਰ ਵੱਲੋਂ ਲਗਾਏ ਬੰਨ ਨੂੰ ਤੋੜ ਦਿੰਦਾ ਤਾਂ ਪਿੰਡ ਦਾ ਨੁਕਸਾਨ ਹੋਣ ਤੋਂ ਕੁਝ ਬਚਾਅ ਹੋ ਸਕਦਾ ਸੀ। ਆਗੂਆਂ ਨੇ ਕਿਹਾ ਜੇਕਰ ਪੰਜਾਬ ਸਰਕਾਰ ਨੇ ਪੀੜਤ ਲੋਕਾਂ ਦੀ ਇਸ ਔਖੀ ਘੜੀ ਬਾਂਹ ਨਾ ਫੜੀ ਤਾਂ ਪਿੰਡਾਂ ਦੇ ਲੋਕਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਜਾਵੇਗਾ। ਸੋ ਪੰਜਾਬ ਸਰਕਾਰ ਨੂੰ ਤੁਰੰਤ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪੀੜਤਾਂ ਦੀ ਮੱਦਦ ਕਰਨੀ ਸਮੇਂ ਦੀ ਮੁੱਖ ਲੋੜ ਹੈ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਹੜੇ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ

**ਸੁਲਤਾਨਪੁਰ ਲੋਧੀ, (ਹਨੀ)** ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ 'ਚ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਜ਼ਿਲ੍ਹਾ ਭਾਸ਼ਾ ਅਫਸਰ ਮੈਡਮ ਜਸਪ੍ਰੀਤ ਕੌਰ ਦਾ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ 'ਤੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ। ਇਸ ਦੌਰਾਨ ਵਿਦਿਆਰਥੀਆਂ ਵਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਮਾਡਿਲੰਗ, ਬੋਲੀਆਂ ਅਤੇ ਪਹਿਰਾਵੇ ਦੇ ਮੁੱਲਾਂਕਣ ਦੇ ਅਧਾਰ 'ਤੇ ਗਿਆਰਵੀਂ ਜਮਾਤ ਦੀ ਨੇਹਾ ਮਿਸ ਤੀਜ਼ ਦੇ ਖਿਤਾਬ 'ਤੇ ਕਬਜ਼ਾ ਕਰਨ 'ਚ ਸਫਲ ਰਹੀ। ਹਰਮਨ ਕੌਰ ਫਸਟ ਅਤੇ ਸੁਭਨੀਤ ਕੌਰ ਸੈਕੰਡ ਰਨਰਅੱਪ ਰਹੀ। ਇਸੇ ਤਰ੍ਹਾਂ ਲੜਕਿਆਂ 'ਚੋਂ ਗਿਆਰ੍ਹਵੀਂ ਜਮਾਤ ਦੇ ਦਿਲਜੋਤ ਸਿੰਘ ਨੂੰ ਮਿਸਟਰ ਫਰੈਸ਼ਰ ਚੁਣਿਆ ਗਿਆ। ਤਰੁਣਪ੍ਰੀਤ ਸਿੰਘ ਫਸਟ ਅਤੇ ਜਸਨਪ੍ਰੀਤ ਸਿੰਘ ਸੈਕੰਡ ਰਨਰਅੱਪ ਰਿਹਾ। ਚੇਤਨ ਬੈਸਟ ਟਰਬਨ ਅਤੇ ਸੰਦੀਪ ਕੌਰ ਮਿਸ ਬਿਊਟੀਫੁੱਲ ਸਮਾਈਲ ਦੇ ਖਿਤਾਬ 'ਤੇ ਕਬਜ਼ਾ ਕਰਨ 'ਚ ਸਫਲ ਰਹੇ। ਬੀਬੀ ਗੁਰਪ੍ਰੀਤ ਕੌਰ ਅਤੇ ਮੁੱਖ ਮਹਿਮਾਨ ਮੈਡਮ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਵੱਲੋਂ ਦਿਖਾਈ ਪ੍ਰਤਿਭਾ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ। ਸਮਾਗਮ ਦੇ ਅੰਤ ਵਿਚ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ।



# ਬਾਬਾ ਸ਼ੋਭਾ ਸਿੰਘ ਦੀ ਸਾਲਾਨਾ ਬਰਸੀ ਮੌਕੇ ਧਾਰਮਿਕ ਸਮਾਗਮ ਕਰਵਾਇਆ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** 108 ਬ੍ਰਹਮ ਗਿਆਨੀ ਸੰਤ ਬਾਬਾ ਸ਼ੋਭਾ ਸਿੰਘ ਦੀ ਸਾਲਾਨਾ ਬਰਸੀ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਲੰਗੇਰੀ ਵਿਖੇ ਮਨਾਈ ਗਈ। ਇਸ ਮੌਕੇ ਸੰਤ ਕਰਮਜੀਤ ਸਿੰਘ ਟਿੱਬਾ ਸਾਹਿਬ, ਸੰਤ ਮਹਾਵੀਰ ਸਿੰਘ ਤਾਜੇਵਾਲ, ਸੰਤ ਪ੍ਰੀਤਮ ਸਿੰਘ ਬਾੜੀਆਂ, ਸੰਤ ਅਜਮੇਰ ਸਿੰਘ, ਪਰਮਜੀਤ ਸਿੰਘ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪੁਰ ਹੀਰਾ, ਜਗਦੀਸ਼ ਲਾਲ ਬੱਧਣ, ਕੈਪਟਨ ਗਿਆਨ ਚੰਦ, ਕ੍ਰਿਸ਼ਨ ਲਾਲ ਦਾਰੋਚ, ਸਤੀਸ਼ ਕੁਮਾਰ ਖਾਨਪੁਰੀ ਜਗਦੀਸ਼ ਕੁਮਾਰ, ਗੁਰਜੀਤ ਕੌਰ ਸਰਪੰਚ ਲੰਗੇਰੀ, ਸਰਪੰਚ ਮੋਤੀਆ, ਬ੍ਰਹਮਜੋਤ ਸਿੰਘ ਸੰਘਾ, ਤੀਰਥ ਸਿੰਘ, ਜਸਵਿੰਦਰ ਕੌਰ, ਕੁਲਵਿੰਦਰ ਕੌਰ, ਸੁਰਿੰਦਰ ਕੌਰ, ਜਸਵੰਤ ਸਿੰਘ, ਸਤਨਾਮ ਸਿੰਘ, ਕੇਵਲ ਸਿੰਘ, ਇੰਦਰਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਲੰਬਰਦਾਰ ਦਵਿੰਦਰ ਸਿੰਘ, ਨਿਰਮਲ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਮਾਹਿਲਪੁਰ ਸਮੇਤ ਸਿੱਖ ਸੰਗਤਾਂ ਵੱਡੀ ਗਿਣਤੀ 'ਚ ਹਾਜ਼ਰ ਸਨ। ਸੰਤ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਕਰਵਾਉਣ ਦਾ ਮੁੱਖ ਮਨੋਰਥ ਜਿੱਥੇ ਸੰਤਾਂ ਮਹਾਂਪੁਰਸ਼ਾਂ ਦੇ ਪਰਉਪਕਾਰੀ ਕਾਰਜਾਂ ਨੂੰ ਯਾਦ ਕਰਨਾ ਹੈ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਸੇਵਾ ਸਿਮਰਨ ਤੇ ਪਰਉਪਕਾਰੀ ਜੀਵਨ ਜਿਉਣ ਦੀ ਜਾਂਚ ਵੀ ਸਿੱਖਣੀ ਹੈ। ਸਮਾਗਮ ਦੇ ਅਖੀਰ 'ਚ ਸੰਤ ਬਾਬਾ ਬਲਬੀਰ ਸਿੰਘ ਨੇ ਸਮਾਗਮ ਦੀਆਂ ਸਹਿਯੋਗੀ ਸੰਗਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਡਾ. ਨਰਿੰਦਰ ਦਾਭੋਲਕਰ ਨੂੰ ਸਮਰਪਿਤ ਸੈਮੀਨਾਰ ਕਰਵਾਇਆ



**ਨਵਾਂਸ਼ਹਿਰ, ਬਹਿਰਾਮ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਨਵਾਂਸ਼ਹਿਰ ਵੱਲੋਂ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਫਿਰਕੂ ਸ਼ਕਤੀਆਂ ਵੱਲੋਂ ਸ਼ਹੀਦ ਕੀਤੇ ਗਏ ਬੁੱਧੀਜੀਵੀ ਡਾ. ਨਰਿੰਦਰ ਦਾਭੋਲਕਰ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਰਣਜੀਤ ਕੌਰ ਅਤੇ ਰੂਬੀ ਬੰਗਾ ਨੇ ਕੀਤ। ਸਮਾਗਮ ਦੀ ਸ਼ੁਰੂਆਤ ਦਰਸ਼ਨ ਦੁਸਾਂਝ, ਲੋਕ ਕਵੀ ਅਤੇ ਗਾਇਕ ਗਦਰ, ਰੰਗ ਕਰਮੀ ਮਾਸਟਰ ਤਰਲੋਚਨ ਸਮਰਾਲਾ, ਡਾ. ਨਰਿੰਦਰ ਦਾਭੋਲਕਰ ਅਤੇ ਡਾ. ਜੋਗਿੰਦਰ ਕੁੱਲੇਵਾਲ ਦੇ ਪਿਤਾ ਕੈਪਟਨ ਨਰੰਜਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਕੇ ਕੀਤੀ ਗਈ। ਜ਼ੋਨ ਨਵਾਂਸ਼ਹਿਰ ਦੇ ਮੀਡੀਆ ਇੰਚਾਰਜ ਮਾਸਟਰ ਜਗਦੀਸ਼ ਰਾਏਪੁਰ ਡੱਬਾ ਨੇ ਦੱਸਿਆ ਕਿ ਇਹ ਸੈਮੀਨਾਰ ਡਾ. ਨਰਿੰਦਰ ਦਾਭੋਲਕਰ ਦੀ ਸ਼ਹਾਦਤ ਅਤੇ ਅਜੋਕੇ ਸਮੇਂ ਦੀਆਂ ਚੁਣੌਤੀਆਂ ਵਿਸ਼ੇ 'ਤੇ ਕਰਵਾਇਆ ਗਿਆ। ਬੂਟਾ ਸਿੰਘ ਨੇ ਸੈਮੀਨਾਰ ਦੌਰਾਨ ਬੋਲਦਿਆਂ ਦੱਸਿਆ ਕਿ ਦਾਭੋਲਕਰ ਇੱਕ ਚੰਗੇ ਪੜ੍ਹੇ ਲਿਖੇ ਪਰਵਾਰ 'ਚ ਪੈਦਾ ਹੋਏ। ਮੈਡੀਕਲ ਡਾਕਟਰ ਦੀ ਡਿਗਰੀ ਹਾਸਲ ਕੀਤੀ ਅਤੇ ਸਰਕਾਰੀ ਹਸਪਤਾਲ 'ਚ ਨੌਕਰੀ ਕੀਤੀ। ਨੌਕਰੀ ਤੋਂ ਅਸਤੀਫਾ ਦੇ ਕੇ ਉਨ੍ਹਾਂ ਜਾਤ-ਪਾਤ ਸੰਬੰਧੀ ਵਿਤਕਰਿਆਂ ਨੂੰ ਦੂਰ ਕਰਨ ਲਈ ਬਹੁਤ ਜਦੋ ਜਹਿਦ ਕੀਤੀ। ਫਿਰ ਉਨ੍ਹਾਂ ਅੰਧਵਿਸਵਾਸ਼, ਵਹਿਮਾਂ ਭਰਮਾਂ, ਜਾਦੂ ਟੂਣੇ ਅਤੇ ਭੂਤਾਂ ਪ੍ਰੇਤਾਂ ਦੇ ਭਰਮ ਜਾਲ ਨੂੰ ਦੂਰ ਕਰਨ ਲਈ ਕੰਮ ਕੀਤਾ। ਕੁਝ ਧਾਰਮਿਕ ਕੱਟੜਪੰਥੀਆਂ ਦੀਆਂ ਅੱਖਾਂ 'ਚ ਡਾ. ਸਾਹਿਬ ਰੜਕਣ ਲੱਗ ਪਏ। 20 ਅਗਸਤ 2013 ਨੂੰ ਸਵੇਰੇ ਸੈਰ ਕਰਨ ਸਮੇਂ ਮੋਟਰਸਾਈਕਲ ਸਵਾਰਾਂ ਵੱਲੋਂ ਗੋਲੀਆਂ ਮਾਰਕੇ ਡਾ. ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਦੀ ਮੌਤ ਦੇ ਕੁਝ ਮਹੀਨਿਆਂ ਬਾਅਦ ਹੀ ਮਹਾਰਾਸ਼ਟਰ ਦੀ ਸਰਕਾਰ ਨੇ ਅੰਧਵਿਸਵਾਸਾਂ ਵਿਰੁੱਧ ਕਾਨੂੰਨ ਬਣਾ ਦਿੱਤਾ। ਬੂਟਾ ਸਿੰਘ ਨੇ ਕਿਹਾ ਕਿ ਅਜੋਕੇ ਸਮੇਂ ਹਰ ਇਨਸਾਫ ਪਸੰਦ ਵਿਅਕਤੀ ਚੁਣੌਤੀਆਂ ਨਾਲ ਘਿਰਿਆ ਪਿਆ ਹੈ। ਅੱਜ ਦਾ ਸਰਕਾਰੀ ਤੰਤਰ ਮੁਸੋਲਿਨੀ ਅਤੇ ਹਿਟਲਰ ਦੀਆਂ ਤਾਨਾਸ਼ਾਹੀ ਨੀਤੀਆਂ ਅਨੁਸਾਰ ਕੰਮ ਕਰ ਰਿਹਾ ਹੈ। ਲੈਕਚਰ ਉਪਰੰਤ ਜੋਗਿੰਦਰ ਕੁੱਲੇਵਾਲ, ਮਾਸਟਰ ਰਾਜ ਕੁਮਾਰ ਗੜ੍ਹਸ਼ੰਕਰ, ਸੁਖਦੇਵ ਡਾਨਸੀਵਾਲ, ਮੁਕੰਦ ਲਾਲ ਅਤੇ ਰਣਜੀਤ ਕੌਰ ਨੇ ਸਵਾਲ ਜਵਾਬ ਸੈਸ਼ਨ 'ਚ ਭਾਗ ਲਿਆ। ਸੁਖਵਿੰਦਰ ਗੋਗਾ ਅਤੇ ਤਰਕਸ਼ੀਲ ਸੁਸਾਇਟੀ ਜੋਨ ਨਵਾਂਸ਼ਹਿਰ ਵੱਲੋਂ ਬੂਟਾ ਸਿੰਘ ਨੂੰ ਸਨਮਾਨਿਤ ਕੀਤਾ। ਸਮਾਗਮ ਦੇ ਅੰਤ 'ਚ ਜੋਨ ਮੁਖੀ ਸੱਤਪਾਲ ਸਲੋਹ ਨੇ ਸੈਮੀਨਾਰ ਨੂੰ ਸਫਲ ਬਣਾਉਣ ਲਈ ਆਏ ਹੋਏ ਸਾਰੇ ਜੁਝਾਰੂ ਸਾਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਲਜਿੰਦਰ ਸਵਾਜਪੁਰ, ਮੋਹਨ ਬੀਕਾ, ਬਲਜੀਤ ਖਟਕੜ, ਮਾਸਟਰ ਰਾਮ ਪਾਲ ਰਾਹੋਂ, ਰਣਜੀਤ ਸਿੰਘ ਨਵਾਂਸ਼ਹਿਰ, ਬਲਜਿੰਦਰ ਤਾਜਪੁਰ, ਹਰਜਿੰਦਰ ਸੂੰਨੀ, ਮਾਸਟਰ ਪਰਮਜੀਤ ਖਮਾਚੋਂ, ਮਾਸਟਰ ਅਜੇ ਚਾਹੜ ਮਜਾਰਾ, ਡਾ.ਰਾਮ ਲਾਲ ਗੜ੍ਹਸੰਕਰ, ਬਲਵਿੰਦਰ ਸਿੰਘ ਰਾਹੋਂ, ਕਾਮਰੇਡ ਜਸਵਿੰਦਰ ਭੰਗਲ, ਬਰਜਿੰਦਰ ਸਿੰਘ ਨਵਾਂਸ਼ਹਿਰ ਅਤੇ ਹੋਰ ਸਾਥੀ ਹਾਜ਼ਰ ਸਨ

# ਜਨਮ ਦਿਨ ਮੁਬਾਰਕ


ਪੁਲਕਿਤ ਸੈਨ, ਲਹਿਰਾ ਮੁਹੱਬਤ


ਜਸਨੂਰ ਸਿੰਘ, ਲੌਂਗੋਵਾਲ


ਅੰਗਦ ਸਿੰਘ ਕਲਸੀ, ਚਮਕੌਰ ਸਾਹਿਬ

# ਵਰ੍ਹੇਗੰਢ ਮੁਬਾਰਕ


ਰਵੀ ਅੱਗਰਵਾਲ ਤੇ ਰੇਖਾ ਅੱਗਰਵਾਲ ਨੇ ਵਿਆਹ ਦੀ 23ਵੀਂ ਵਰ੍ਹੇਗੰਢ ਮਨਾਈ

CMYK